# ਸਦਾ ਅਨੰਦਿ ਰਹਹਿ ਦਿਨੁ ਰਾਤੀ

(ਆਸਾ ਕੀ ਵਾਰ – ਸੁਆਲ-ਜੁਆਬ)

ਬੁਕਪਾਲਜ਼

Bookpalz
Readers are Leaders

*ਨਵੀ ਦਿੱਲੀ *ਲੁਧਿਆਣਾ

**Sada Anand Reheh Din Raati**

(**Asa ki vaar :** Swal-Jwab)

by

**Renuka Sarabjeet Singh**

(M) 098146-12004

singh.renukass@gmail.com

© ਕੋਈ ਪ੍ਰਕਾਸ਼ਨ ਅਧਿਕਾਰ ਨਹੀਂ। ਕੋਈ ਵੀ ਸੰਸਥਾ, ਵੀਰ/ਭੈਣ ਬਿਨਾਂ ਆਰਥਿਕ ਲਾਭ ਦੇ (ਧੰਨਵਾਦ ਸਹਿਤ ਸੁਕ੍ਰਿਤ ਟਰੱਸਟ www.sukrit.org, sukrittrust@gmail.com, 098556-12005) ਲਿਖ ਕੇ ਛਾਪ ਅਤੇ ਵੰਡ ਸਕਦੇ ਹਨ।

ISBN - 978-81-923595-5-7

**ਪਹਿਲੀ ਵਾਰ**: ਨਵੰਬਰ, 2012

**ਭੇਟਾ : 40 ਰੁਪਏ**

**ਬੁਕਪਾਲਜ਼**

3454, ਫੇਸ-2, ਦੁੱਗਰੀ, ਲੁਧਿਆਣਾ

bookpalz@gmail.com

sukrittrust@gmail.com, www.sukrit.org

099144-52004, 0161-6416980

**ਛਾਪਕ:**

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



## ਤਤਕਰਾ

**ਦੋ ਸ਼ਬਦ**

1. ਆਸਾ ਕੀ ਵਾਰ - ਸੁਆਲ-ਜੁਆਬ ੫
2. **ਕਰਣੀ ਕੀਰਤਿ** ੫੨
3. ਭਿੰਨੀ ਰੈਣਿ ੫੩
4. **ਕਰਤੈ ਕਾਰਣ ਕੀਆ** ੫੪
5. ਉਤਮੁ ਏਹੁ ਬੀਚਾਰੁ ਹੈ ੫੫
6. **ਸੋ ਕਰੇ ਜਿ ਤਿਸੈ ਰਜਾਇ** ੫੬
7. ਕਿਸਨੋ ਕਹੀਐ? ੫੭
8. **ਕਰਿ ਪੰਨਹੁ ਨੀਚੁ ਸਦਾਈਐ** ੫੮
9. ਇਤੁ ਸੰਜਮਿ ਦੁਖ ਜਾਹਿ ੬●
10. **ਅੰਨ ਪਾਣੀ ਥੋੜਾ ਖਾਇਆ** ੬੧
11. ਏਹ ਕਿਨੇਹੀ ਆਸਕੀ ੬੨
12. **ਕਰਿ ਆਸਣ ਡਿਠੋ ਚਾਉ** ੬੩
13. ਜੇਹਾ ਵੇਖਹਿ ਤੇਹਾ ਵੇਖੁ ੬੩
14. **ਸਚ ਨਿਆਉ** ੬੪
15. ਏਹ ਕਿਨੇਹੀ ਚਾਕਰੀ ੬੪
16. **ਸੇ ਜਿਣਿ ਗਏ** ੬੫
17. ਵਿਚਿ ਦੁਨੀਆ ਕਾਹੇ ਆਇਆ ੬੫
18. **ਰਤਨ ਜਵਾਹਰ ਮਾਣਿਕ** ੬੬
19. ਆਸਾ ਕੀ ਵਾਰ - ਵਿਆਖਿਆ ੬੮
20. **ਵਡਿਆਈ ਵੀਚਾਰੁ** ੧੪●

## ਜੋਦੜੀ

**ਦਿਨ ਰਾਤੀਂ, ਹਰ ਵੇਲੇ ਅਨੰਦ ਬਣਿਆ ਰਹੇ - ਇਹ ਕਿਵੇਂ ਸੰਭਵ ਹੈ?**

ਅਨੰਦ ਤਾਂ ਸਾਨੂੰ ਆਂਦਾ ਹੈ ਪਰ ਕਦੇ-ਕਦੇ। ਕਦੇ ਇੱਕ ਦਿਨ ਲਈ, ਕਦੇ ਦੋ, ਕਦੇ ਇੱਕ ਹਫਤੇ ਲਈ, ਕਦੇ 2 ਹਫਤਿਆਂ ਲਈ। ਕਦੇ-ਕਦੇ ਤਾਂ ਸਵੇਰੇ ਉਠਦਿਆਂ ਅਨੰਦ ਬਣਿਆ ਹੁੰਦਾ ਹੈ ਪਰ ਦਿਨ ਚੜ੍ਹਦਿਆਂ ਸਮਸਿਆਵਾਂ, ਕਲਹਿ-ਕਲੇਸ਼, ਚਿੰਤਾਵਾਂ, ਸ਼ੰਕਾਵਾਂ, ਘੇਰ ਲੈਂਦੀਆਂ ਹਨ।

**ਇੰਝ ਕਿਓ?** ਕਿਉਂਕਿ ਹਾਲੀ ਅਸੀਂ ਭਗਤੀ ਵਿਚ ਪੂਰੇ ਨਹੀਂ ਭਿੱਜੇ। ਹਾਲੀਂ ਸਚੇ ਭਗਤ ਨਹੀਂ ਬਣੇ। ਜਿਵੇਂ ਦਿਨ ਵਿਚ ਘੱਟੋ-ਘੱਟ 3 ਵਾਰੀ ਭਾਵ ਹਰ 4-6 ਘੰਟੇ ਮਗਰੋਂ ਪੇਟ ਦੀ ਭੁਖ ਜਾਗ੍ਰਿਤ ਹੋ ਜਾਂਦੀ ਹੈ, ਕੀ ਇੰਝ ਹੀ ਭਗਤੀ ਦੀ ਭੁਖ ਵੀ ਜਾਗਦੀ ਹੈ? ਇਹ ਭੁਖ ਤਾਂ ਹਰ ਘੰਟੇ, ਨਹੀਂ! ਹਰ ਮਿੰਟ, ਨਹੀਂ ਨਹੀਂ!! ਹਰ ਪਲ ਬਣੀ ਰਹਿਣੀ ਚਾਹੀਦੀ ਹੈ।

ਜਿਨ੍ਹਾਂ ਨੂੰ ਹਰ ਵੇਲੇ ਪ੍ਰਭੂ ਨੂੰ ਸਾਲਾਹੁਣ ਦੀ ਭੁਖ ਲਗੀ ਰਹਿੰਦੀ ਹੈ ਤੇ ਹਰ ਵੇਲੇ ਸੱਚਾ ਨਾਮ ਹੀ ਉਹਨਾਂ ਦਾ ਆਸਰਾ ਬਣਿਆ ਰਹਿੰਦਾ ਹੈ, ਉਹ ਸਦ-ਸਦਾ ਦਿਨ-ਰਾਤ ਅਨੰਦ ਵਿਚ ਵਿਚਰਦੇ ਹਨ ਅਤੇ ਆਪਣੇ ਆਪ ਨੂੰ ਗੁਣਵਾਨਾਂ ਦੇ ਪੈਰਾਂ ਦੀ ਧੂੜ ਹੀ ਸਮਝਦੇ ਹਨ।

ਪੁਰਾਤਨ ਗੁਰਸਿੱਖਾਂ ਦੇ ਨਿਤਨੇਮ ਵਿੱਚ **'ਆਸਾ ਕੀ ਵਾਰ'** ਦਾ ਪਾਠ ਵੀ ਸ਼ਾਮਿਲ ਹੁੰਦਾ ਸੀ। **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਵਿੱਚ ਦਰਜ 22 ਵਾਰਾਂ ਵਿੱਚੋਂ ਇਹ ਵਾਰ ਸਭ ਤੋਂ ਵੱਧ ਪ੍ਰਚਲਿਤ ਵਾਰ ਹੈ ਤੇ ਰੋਜ਼ਾਨਾ ਗੁਰਦੁਆਰਾ ਸਾਹਿਬਾਨ ਵਿੱਚ ਇਸਦਾ ਕੀਰਤਨ ਹੁੰਦਾ ਹੈ। ਸਾਡੀ ਰੋਜ਼ ਦੀ ਜਿੰਦਗੀ (day-to-day life) ਜੀਉਣ ਲਈ ਅਨੇਕਾਂ ਪ੍ਰਮਾਣ ਤੇ ਅਗਵਾਈ ਇਸ ਬਾਣੀ ਵਿੱਚੋਂ ਮਿਲਦੀ ਹੈ।

ਇਸ ਸੰਗ੍ਰਹਿ ਦੀ ਸੁਧਾਈ ਵਿੱਚ ਵੀਰ ਪਰਵਿੰਦਰ ਸਿੰਘ ਜੀ ਨੇ (Spitel ਵਾਲੇ) ਬੇਅੰਤ ਵਡਮੁੱਲੇ ਸੁਝਾਅ ਦਿਤੇ। ਅੰਮ੍ਰਿਤ ਵੇਲੇ 'ਵਡਿਆਈ ਵੀਚਾਰ' ਕਰਨ ਲਈ ਸਾਰੀ ਟੀਮ ਨੇ ਇਸ ਨੂੰ ਗਹੁ ਨਾਲ ਸੰਗਤੀ ਰੂਪ ਵਿੱਚ ਵਾਚਿਆ ਤੇ ਸੋਧਾਂ ਕੀਤੀਆਂ। ਇਹਨਾਂ ਵਿੱਚ ਸ਼ਾਮਿਲ ਸਨ - ਬੀਬੀ ਸਤਿੰਦਰਜੀਤ ਕੌਰ, ਬੀਬੀ ਬਵਨੀਤ ਕੌਰ, ਵੀਰ ਕਲਿਆਣ ਸਿੰਘ ਜੀ, ਵੀਰ ਪਰਮਜੀਤ ਸਿੰਘ (ਸਤਿਕਾਰ ਆਇਲ), ਵੀਰ ਉਰਵਿੰਦਰ ਸਿੰਘ, ਵੀਰ ਸੁਖਬੀਰ ਸਿੰਘ ਅਤੇ ਦਾਰ ਜੀ ਇੰਦਰਜੀਤ ਸਿੰਘ ਤੇ ਬੀਜੀ ਹਰਜੀਤ ਕੌਰ ਜੀ। ਦਸਵੀਂ ਕਲਾਸ ਦੀ ਵਿਦਿਆਰਥਣ ਬੀਬਾ ਜਸਲੀਨ ਕੌਰ ਨੇ ਵੀ ਔਖੇ ਸ਼ਬਦਾਂ ਦੀ ਥਾਂ ਸੌਖੇ ਸ਼ਬਦ ਲਿਖਣ ਲਈ ਨਿਸ਼ਾਨੀਆਂ ਲਗਾਈਆਂ। Dentist ਡਾ. ਮਨਦੀਪ ਕੌਰ ਜੀ ਨੇ ਗਹੁ ਨਾਲ ਗੁਰਬਾਣੀ ਦੀ ਸੁਧਾਈ ਕੀਤੀ। ਸਭਨਾਂ ਦਾ ਤਹਿਦਿਲੋਂ ਧੰਨਵਾਦ! ਧੰਨਵਾਦ!!

ਆਓ! ਦੁਬਾਰਾ **'ਆਸਾ ਕੀ ਵਾਰ'** ਦੀ ਵੀਚਾਰ ਨੂੰ ਨਿਤਨੇਮ ਵਿੱਚ ਸ਼ਾਮਿਲ ਕਰ ਲਈਏ। ਇਹ ਸੰਗ੍ਰਹਿ ਵਿਸ਼ੇਸ਼ਕਰ ਵਿਦਿਆਰਥੀਆਂ ਨੂੰ ਚੇਟਕ ਲਗਾਉਣ ਹਿਤ ਸੌਖੀ ਸ਼ਬਦਾਵਲੀ ਵਿੱਚ ਤਿਆਰ ਕੀਤਾ ਗਿਆ ਹੈ। ਭੁਲਾਂ, ਉਕਾਈਆਂ ਤੋਂ ਜ਼ਰੂਰ ਜਾਣੂ ਕਰਵਾਉਣਾ ਜੀਓ। ਅਰਦਾਸ ਕਰਨਾ ਕਿ ਸਦ-ਸਦਾ ਅੰਨਦ, ਦਿਨ-ਰਾਤੀ ਅਨੰਦ ਬਣ ਆਵੇ।

- ਰੇਨੁਕਾ ਸਰਬਜੀਤ ਸਿੰਘ



# ਆਸਾ ਕੀ ਵਾਰ

## ਸੁਆਲ-ਜੁਆਬ

(੧)

**1. ਮਨੁੱਖ ਦੇ ਅਵਗੁਣ (vices) ਕੱਢ ਕੇ ਗੁਣ (virtues) ਭਰਨ ਵਿੱਚ ਪ੍ਰਭੂ ਨੂੰ ਕਿੰਨਾਂ ਸਮਾਂ ਲੱਗਦਾ ਹੈ?**

* ਪ੍ਰਭੂ ਵਿਕਾਰਾਂ ਵੱਲ ਦੌੜਦੇ ਕਾਂ (crow) ਰੂਪ ਮਨ ਨੂੰ ਹੰਸ (swan) ਰੂਪ ਮੋਤੀਆਂ ਦਾ ਖੋਜੀ ਬਣਾ ਸਕਦਾ ਹੈ ਭਾਵ **'ਕਾਗਹੁ ਹੰਸ'** ਕਰ ਸਕਦਾ ਹੈ। ਅਜਿਹਾ ਕਰਦਿਆਂ ਉਸਨੂੰ ਕੋਈ ਦੇਰ ਨਹੀਂ ਲੱਗਦੀ। ਉਹ ਸਾਧਾਰਨ ਮਨੁੱਖਾਂ ਨੂੰ ਦੈਵੀ ਗੁਣ (virtues) ਖਿਨ ਵਿੱਚ (twinkling of eye) ਹੀ ਬਖਸ਼ ਸਕਦਾ ਹੈ **(ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ )**।

**2. ਗੁਰੂ ਤੋਂ ਬਿਨਾਂ ਮਨੁੱਖ ਦੀ ਅਵਸਥਾ ਕੈਸੀ ਹੁੰਦੀ ਹੈ?**

* ਗੁਰੂ ਤੋਂ ਬਿਨਾਂ ਮਨੁੱਖ ਅਗਿਆਨੀ ਹੁੰਦਾ ਹੈ ਤੇ ਅਗਿਆਨਤਾ ਦਾ ਘੁੱਪ ਹਨੇਰਾ (pitch darkness of mind) ਹੀ ਉਸਦੇ ਜੀਵਨ ਵਿਚ ਛਾਇਆ ਰਹਿੰਦਾ ਹੈ **(ਗੁਰ ਬਿਨੁ ਘੋਰ ਅੰਧਾਰ)**।

ਇਹ ਅਜਿਹਾ ਘੁੱਪ ਹਨੇਰਾ ਹੁੰਦਾ ਹੈ ਜੋ ਸੈਂਕੜੇ ਚੰਨ ਚੜ੍ਹਨ **(ਜੇ ਸਉ ਚੰਦਾ ਉਗਵਹਿ...)** ਤੇ ਹਜ਼ਾਰਾਂ ਸੂਰਜਾਂ **(ਸੂਰਜ ਚੜਹਿ ਹਜਾਰ॥)** ਦੇ ਪ੍ਰਕਾਸ਼ ਵਿੱਚ ਵੀ ਦੂਰ ਨਹੀਂ ਹੁੰਦਾ। ਕੇਵਲ ਤੇ ਕੇਵਲ ਗੁਰੂ ਹੀ ਗੁਣ ਬਖਸ਼ ਕੇ ਅਗਿਆਨਤਾ ਦਾ ਹਨੇਰਾ ਦੂਰ ਕਰ ਸਕਦਾ ਹੈ।

**3. ਜਿਹੜੇ ਮਨੁੱਖ ਗੁਰੂ ਨੂੰ ਚੇਤੇ ਨਹੀਂ ਕਰਦੇ, ਉਹਨਾਂ ਦਾ ਕੀ ਹਾਲ ਹੁੰਦਾ ਹੈ?**

* ਜਿਹੜੇ ਗੁਰੂ ਨੂੰ ਯਾਦ ਨਹੀਂ ਕਰਦੇ **(ਨਾਨਕ ਗੁਰੂ ਨਾ ਚੇਤਨੀ...)** ਉਹ ਅਸਲ ਵਿੱਚ ਅਹੰਕਾਰ ਵਸ ਆਪਣੇ ਆਪ ਨੂੰ ਆਪ ਹੀ ਬੜਾ ਸਿਆਣਾ ਸਮਝਦੇ ਹਨ **(ਮਨਿ ਆਪਣੈ ਸੁਚੇਤ)**।

ਇਹ ਮਨੁੱਖ ਤਿਲਾਂ ਦੇ ਖੇਤ ਵਿੱਚ, ਸੜੇ ਹੋਏ ਤੇ ਪਿਛੇ ਸੁੱਟੇ ਹੋਏ (abandoned) ਤਿਲਾਂ

ਵਾਂਗ ਹਨ ਜੋ ਫਲਦੇ-ਫੁਲਦੇ ਤਾਂ ਨਜ਼ਰੀਂ ਪੈਂਦੇ ਹਨ **(ਫਲੀਅਹਿ ਫੁਲੀਅਹਿ ਬਪੁੜੇ...)** ਪਰ ਉਹਨਾਂ ਦੇ ਅੰਦਰ ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ **(ਭੀ ਤਨ ਵਿਚਿ ਸੁਆਹ )**।

**4. 'ਆਸਾ ਕੀ ਵਾਰ' ਦੀ ਪਹਿਲੀ ਪਉੜੀ ਅਨੁਸਾਰ ਪ੍ਰਭੂ ਕੀ-ਕੀ ਕਰ ਰਿਹਾ ਹੈ?**

* ਪ੍ਰਭੂ ਜੀ ਬੜਾ ਕੁਝ, ਸਭ ਕੁਝ ਹੀ ਕਰ ਰਹੇ ਹਨ। ਪਹਿਲੀ ਪਉੜੀ ਅਨੁਸਾਰ ਪ੍ਰਭੂ ਨੇ:-

1. ਪਹਿਲਾਂ ਤਾਂ ਆਪਣੇ ਆਪ ਨੂੰ ਬਣਾਇਆ (created Himself) **(ਆਪੀਨੈ੍ ਆਪੁ ਸਾਜਿਓ ...)**
2. ਨਾਲ ਹੀ ਆਪਣੀ ਵਡਿਆਈ ਸਥਾਪਿਤ ਕੀਤੀ **(ਆਪੀਨੈ੍ ਰਚਿਓ ਨਾਉ ॥)**
3. ਫਿਰ ਇਹ ਸਾਰੀ ਸ੍ਰਿਸ਼ਟੀ ਬਣਾਈ **(ਦੁਯੀ ਕੁਦਰਤਿ ਸਾਜੀਐ...)**
4. ਤੇ ਫਿਰ ਆਪ ਹੀ ਉਸ ਵਿੱਚ ਵਿਆਪਕ ਹੋ ਕਿ ਆਪਣਾ ਤਮਾਸ਼ਾ, ਖੇਡ ਵੇਖ ਰਿਹਾ ਹੈ (seeing with delight) **(ਕਰਿ ਆਸਣੁ ਡਿਠੋ ਚਾਉ ॥)**
5. ਸਭ ਨੂੰ ਦਾਤਾਂ ਦੇ ਰਿਹਾ ਹੈ ਤੇ ਸਭ ਕੰਮ ਆਪ ਕਰ ਰਿਹਾ ਹੈ **(ਦਾਤਾ ਕਰਤਾ ਆਪਿ ਤੂੰ...)**
6. ਖੁਸ਼ ਹੋ ਕਿ ਤਰੁਠ ਕੇ ਕਿਰਪਾ ਕਰਦਾ ਹੈ (showers kindness), ਦਾਤਾਂ ਦੇਂਦਾ ਹੈ **(ਤੁਸਿ ਦੇਵਹਿ ਕਰਹਿ ਪਸਾਉ ॥)**
7. ਸਭ ਦੇ ਦਿਲਾਂ ਦਾ ਸਭ ਕੁਝ ਜਾਣਦਾ (knower of all) ਹੈ **(ਤੂੰ ਜਾਣੋਈ ਸਭਸੈ...)**
8. ਆਪਣੇ ਕਵਾਉ **(ਹੁਕਮ)** ਰਾਹੀਂ ਹੀ ਜੀਵਾਂ ਨੂੰ ਜਿੰਦ ਦੇ ਰਿਹਾ ਹੈ ਤੇ ਵਾਪਸ ਵੀ ਲੈ ਰਿਹਾ ਹੈ, ਮਾਰ ਰਿਹਾ ਹੈ **(ਦੇ ਲੈਸਹਿ ਜਿੰਦੁ ਕਵਾਉ ॥)**

ਸੰਖੇਪ ਵਿੱਚ ਪ੍ਰਭੂ ਆਪ ਆਪਣੀ ਕੁਦਰਤਿ ਵਿਚ ਵਰਤ ਰਿਹਾ ਹੈ ਤੇ ਸਭ ਕੁਝ ਕਰਨ ਵਾਲਾ ਵੀ ਹੈ ਤੇ ਸਭ ਦਾ ਕਾਰਨ ਵੀ ਹੈ।

(੨)

**5. ਇਹ ਜਗਤ ਖੰਡ-ਬ੍ਰਹਿਮੰਡ ਸੱਚੇ ਹਨ ਜਾਂ ਭਰਮ ਰੂਪ?**

* ਖੰਡ-ਬ੍ਰਹਿਮੰਡ (regions, universes) ਸਾਜਨ ਵਾਲੇ ਪ੍ਰਭੂ ਦਾ ਇਹ ਸਿਲਸਿਲਾ ਅਟੱਲ ਹੈ **(ਸਚੇ ਤੇਰੇ ਖੰਡ ਸਚੇ ਬ੍ਰਹਮੰਡ)**। ਪ੍ਰਭੂ ਆਪ ਹੋਂਦ ਵਾਲਾ ਹੈ ਤੇ ਉਸਦਾ ਇਹ ਸਾਰਾ ਪਾਸਾਰਾ ਵੀ ਸੱਚਾ ਹੈ। ਇਸ ਦਾ ਸਮੁੱਚਾ ਕੰਟਰੋਲ ਪ੍ਰਭੂ ਦੇ ਕੋਲ ਹੀ ਹੈ।



**6. ਸੱਚੇ ਪ੍ਰਭੂ ਨੂੰ ਧਿਆਉਣ ਵਾਲੇ ਕੀ ਬਣ ਜਾਂਦੇ ਹਨ ਤੇ ਦੂਜੇ ਮਨੁੱਖ ਕੀ ਬਣਦੇ ਹਨ?**

* ਸੱਚੇ ਪ੍ਰਭੂ ਨੂੰ ਧਿਆਉਣ ਵਾਲੇ ਆਪ ਵੀ ਸੱਚ ਦਾ ਹੀ ਰੂਪ ਹੋ ਜਾਂਦੇ ਹਨ **(ਨਾਨਕ ਸਚੁ ਧਿਆਇਨਿ ਸਚੁ ॥)** ਪਰ ਦੂਜੇ ਮਨੁੱਖ ਜਨਮ-ਮਰਨ ਦੇ ਗੇੜ ਵਿੱਚ ਹੀ ਪਏ ਰਹਿੰਦੇ ਹਨ ਉਹ ਬਿਲਕੁਲ ਕੱਚੇ, ਨਿਰੇ ਕੱਚੇ (falsest of false) ਹੀ ਹੁੰਦੇ ਹਨ **(ਜੋ ਮਰਿ ਜੰਮੇ ਸੁ ਕਚੁ ਨਿਕਚੁ)**।

**7. ਪ੍ਰਭੂ ਦੀਆਂ ਕਿਹੜੀਆਂ-ਕਿਹੜੀਆਂ ਵੱਡੀਆਂ ਸਿਫਤਾਂ ਹਨ?**

* ਪ੍ਰਭੂ ਦੀਆਂ ਬੇਅੰਤ ਵੱਡੀਆਂ ਸਿਫਤਾਂ ਹਨ, ਵੱਡੀਆਂ ਵਡਿਆਈਆਂ ਹਨ। ਜਿਵੇਂ:-

1. ਉਸਦਾ ਜਸ, ਉਸਦਾ ਨਾਮ ਵੱਡਾ ਹੈ (Glory is supreme) **(ਵਡੀ ਵਡਿਆਈ ਜਾ ਵਡਾ ਨਾਉ ॥)**
2. ਉਸਦਾ ਨਿਆਂ ਅਟੱਲ ਹੈ (Justice is supreme) **(ਵਡੀ ਵਡਿਆਈ ਜਾ ਸਚੁ ਨਿਆਉ ॥)**
3. ਉਸਦਾ ਆਸਨ ਅਡੋਲ ਹੈ (Seat is immovable) **(ਵਡੀ ਵਡਿਆਈ ਜਾ ਨਿਹਚਲ ਥਾਉ ॥)**
4. ਉਹ ਸਭ ਦੀਆਂ ਅਰਦਾਸਾਂ ਜਾਣਦਾ ਹੈ (understands utterances of all) **(ਵਡੀ ਵਡਿਆਈ ਜਾਣੈ ਆਲਾਉ ॥)**
5. ਉਹ ਸਭ ਦੇ ਦਿਲਾਂ ਦੇ ਭਾਵਾਂ ਤੇ ਵਲਵਲਿਆਂ (feelings) ਨੂੰ ਜਾਣਦਾ ਹੈ **(ਵਡੀ ਵਡਿਆਈ ਬੁਝੈ ਸਭਿ ਭਾਉ ॥)**
6. ਆਪ ਹੀ ਬਖਸ਼ਿਸ਼ ਕਰਦਾ ਹੈ, ਕਿਸੇ ਤੋਂ ਸਲਾਹ ਨਹੀਂ (consults none) ਲੈਂਦਾ **(ਵਡੀ ਵਡਿਆਈ ਜਾ ਪੁਛਿ ਨ ਦਾਤਿ ॥)**
7. ਆਪ ਹੀ ਆਪ ਹੈ, ਸੁਤੰਤਰ ਹੈ **(ਵਡੀ ਵਡਿਆਈ ਜਾ ਆਪੇ ਆਪਿ ॥)**

ਇਹ ਸਭ ਦਸ ਕੇ ਵੀ ਉਸਦੀ ਮੁਕੰਮਲ ਕਾਰ ਨਹੀਂ ਦੱਸੀ (described) ਜਾ ਸਕਦੀ **(ਨਾਨਕ ਕਾਰ ਨ ਕਥਨੀ ਜਾਇ ॥)** ਉਹ ਸਭ ਕੁਝ ਆਪਣੀ ਰਜ਼ਾ ਵਿੱਚ ਕਰ ਰਿਹਾ ਹੈ **(ਕੀਤਾ ਕਰਣਾ ਸਰਬ ਰਜਾਇ )**।

**8. ਇਹ ਜਗ ਕੋਠੜੀ ਕੈਸੀ ਹੈ?**

* ਇਹ ਸਾਰਾ ਜਗਤ ਸੱਚੇ ਪ੍ਰਭੂ ਦਾ ਟਿਕਾਣਾ ਹੈ **(ਇਹੁ ਜਗੁ ਸਚੈ ਕੀ ਹੈ ਕੋਠੜੀ...)**, ਉਹ

ਕਣ-ਕਣ ਵਿੱਚ ਵੱਸਦਾ ਹੈ **(ਸਚੇ ਕਾ ਵਿਚਿ ਵਾਸੁ)**।

**9. ਇਸ ਜਗ ਵਿੱਚ ਪ੍ਰਭੂ ਕੀ-ਕੀ ਕਰਦਾ ਹੈ?**

* ਪ੍ਰਭੂ ਆਪਣੀ ਖੇਡ ਅਨੁਸਾਰ ਕਈਆਂ ਨੂੰ ਆਪਣੇ ਵਿੱਚ ਸਮਾਅ (absorb) ਲੈਂਦਾ ਹੈ **(ਇਕਨ੍ਹਾ ਹੁਕਮਿ ਸਮਾਇ ਲਏ...)** ਤੇ ਕਈਆਂ ਨੂੰ ਨਾਸ਼ (destroy) ਕਰ ਦਿੰਦਾ ਹੈ **(ਇਕਨ੍ਹਾ ਹੁਕਮੇ ਕਰੇ ਵਿਣਾਸੁ)**। ਕਈਆਂ ਨੂੰ ਅੰਧ ਕੂਪ (ਖੂਹ-well) ਵਿੱਚੋਂ ਕੱਢ ਲੈਂਦਾ ਹੈ **(ਇਕਨ੍ਹਾ ਭਾਣੈ ਕਢਿ ਲਏ...)** ਤੇ ਕਈਆਂ ਨੂੰ ਉਸੇ ਵਿੱਚ ਖੱਚਿਤ ਕੀਤੀ ਰੱਖਦਾ ਹੈ **(ਇਕਨ੍ਹਾ ਮਾਇਆ ਵਿਚਿ ਨਿਵਾਸੁ)**।

ਅਸਚਰਜ ਹੈ ਉਸਦੀ ਖੇਡ, ਕੋਈ ਨਹੀਂ ਦਸ ਸਕਦਾ ਕਿ ਕਿਸਨੂੰ ਉਸਨੇ ਕਦੋਂ ਬਚਾਅ ਲੈਣਾ ਹੈ। ਗੁਰੂ ਵਰਸੋਆ ਕੇਵਲ ਉਹੀ ਦਸ ਸਕਦਾ ਹੈ ਜਿਸ ਅੰਦਰ ਪ੍ਰਭੂ ਆਪ ਗਿਆਨ ਰੂਪੀ ਚਾਨਣ ਪੈਦਾ ਕਰਦਾ ਹੈ **(ਜਾ ਕਉ ਆਪਿ ਕਰੇ ਪਰਗਾਸੁ)**।

**10. ਪ੍ਰਭੂ ਦੀ ਅਦਾਲਤ (Court of God) ਕਿਹੋ ਜਿਹੀ ਹੈ?**

* ਪ੍ਰਭੂ ਨੇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ (record of deeds) ਰੱਖਣ ਲਈ ਧਰਮਰਾਜ ਨੂੰ ਬਿਠਾਇਆ ਹੋਇਆ ਹੈ **(ਲਿਖਿ ਨਾਵੈ ਧਰਮੁ ਬਹਾਲਿਆ)**। ਉਸ ਅਦਾਲਤ ਵਿੱਚ ਨਿਰੋਲ ਸੱਚ ਦੇ ਆਧਾਰ ਤੇ ਹੀ ਨਿਬੇੜਾ (adjust) ਹੁੰਦਾ ਹੈ **(ਓਥੈ ਸਚੇ ਹੀ ਸਚਿ ਨਿਬੜੈ...)**। ਪਾਪੀ ਤੇ ਮੰਦ ਕਰਮੀ ਜੀਵ (evil-doers) ਚੁਣ ਕੇ ਵੱਖ ਕੱਢ ਦਿੱਤੇ ਜਾਂਦੇ ਹਨ **(ਚੁਣਿ ਵਖਿ ਕਢੇ ਜਜਮਾਲਿਆ)**। ਝੂਠੇ ਬੰਦਿਆਂ ਨੂੰ ਕੋਈ ਇੱਜ਼ਤ ਨਹੀਂ ਮਿਲਦੀ **(ਥਾਉ ਨ ਪਾਇਨਿ ਕੂੜਿਆਰ...)** ਅਤੇ ਉਹਨਾਂ ਦੇ ਮੂੰਹ ਕਾਲੇ (blackened faces) ਕਰਕੇ, ਬੇਇਜ਼ਤ ਕਰਕੇ ਨਰਕਾਂ ਵੱਲ ਧੱਕ ਦਿੱਤਾ ਜਾਂਦਾ ਹੈ **(ਮੁਹ ਕਾਲੈ ਦੋਜਕਿ ਚਾਲਿਆ)**।

**11. ਪਰਮਾਤਮਾ ਦੀ ਅਦਾਲਤ ਵਿੱਚ ਕੌਣ ਜਿਤਦਾ ਤੇ ਕੌਣ ਹਾਰਦਾ ਹੈ?**

* ਪ੍ਰਭੂ ਦੇ ਨਾਮ ਵਿੱਚ ਰਤੇ (dyed in God's Name) ਮਨੁੱਖ ਜਿੱਤ ਜਾਂਦੇ ਹਨ **(ਤੇਰੈ ਨਾਇ ਰਤੇ ਸੇ ਜਿਣਿ ਗਏ...)** ਅਤੇ ਠੱਗੀਆਂ ਕਰਨ ਵਾਲੇ ਹਾਰ (deceivers lose) ਜਾਂਦੇ ਹਨ **(ਹਾਰਿ ਗਏ ਸਿ ਠਗਣ ਵਾਲਿਆ)**।

(੩)

**12. ਵਿਸਮਾਦ (Ecstasy) ਦਾ ਕੀ ਭਾਵ ਹੈ?**

* ਵਿਸਮਾਦ ਦਾ ਭਾਵ ਹੈ - ਹੈਰਾਨੀ, ਅਸਚਰਜਤਾ (wonderfulness), ਅਦਭੁਤ ਰਸ ਪੈਦਾ ਹੋਣ ਦੀ ਅਵਸਥਾ।



**13. ਵਿਸਮਾਦ ਕਦੋਂ ਪੈਦਾ ਹੁੰਦਾ ਹੈ?**

* ਪ੍ਰਭੂ ਦੀ ਬਣਾਈ ਕੁਦਰਤ ਅਤੇ ਇਸ ਵਿੱਚ ਵਾਪਰਦੇ ਵਰਤਾਰੇ ਨੂੰ ਵੇਖ ਕੇ ਵਿਸਮਾਦ ਪੈਦਾ ਹੁੰਦਾ ਹੈ।

**14. ਕੁਦਰਤ ਵਿਚਲਾ ਕੀ ਕੁਝ ਵਿਸਮਾਦ ਪੈਦਾ ਕਰਦਾ ਹੈ?**

* ਕੁਦਰਤ ਦੇ ਵਰਤਾਰੇ ਨੂੰ ਅਨੁਭਵ ਕਰਕੇ ਮਨ ਵਿਚ ਅਸਚਰਜਤਾ ਪੈਦਾ ਹੁੰਦੀ ਹੈ :-

1. ਬੇਅੰਤ ਕਿਸਮ ਦੀਆਂ ਆਵਾਜ਼ਾਂ **(ਵਿਸਮਾਦੁ ਨਾਦ)**
2. ਬੇਅੰਤ ਕਿਸਮ ਦਾ ਗਿਆਨ **(ਵਿਸਮਾਦੁ ਵੇਦ)**
3. ਬੇਅੰਤ ਪ੍ਰਕਾਰ ਦੇ ਜੀਵ ਜੰਤ **(ਵਿਸਮਾਦੁ ਜੀਅ)**
4. ਇਹਨਾਂ ਜੀਵਾਂ ਦੇ ਭੇਦ **(ਵਿਸਮਾਦੁ ਭੇਦ)**
5. ਅਨੇਕਾਂ ਕਿਸਮ ਦੇ ਜੀਵਾਂ ਦੇ ਰੂਪ **(ਵਿਸਮਾਦੁ ਰੂਪ)**
6. ਉਹਨਾਂ ਦੇ ਅਨੇਕਾਂ ਰੰਗ **(ਵਿਸਮਾਦੁ ਰੰਗ)**
7. ਨੰਗੇ ਫਿਰਦੇ ਜੀਵ ਜੰਤ **(ਵਿਸਮਾਦੁ ਨਾਗੇ ਫਿਰਹਿ ਜੰਤ ॥)**
8. ਹਵਾ, ਪਾਣੀ, ਅਗਨੀ **(ਵਿਸਮਾਦੁ ਪਉਣ, ਪਾਣੀ, ਅਗਨੀ)**
9. ਇਹਨਾਂ ਦੇ ਹੈਰਾਨੀਜਨਕ ਵਰਤਾਰੇ **(ਖੇਡਹਿ ਵਿਡਾਣੀ)**
10. ਵਿਸ਼ਾਲ ਧਰਤੀ **(ਵਿਸਮਾਦੁ ਧਰਤੀ)**
11. ਜੀਵਾਂ ਦੀ ਉਤਪਤੀ ਦੀਆਂ ਖਾਣੀਆਂ **(ਵਿਸਮਾਦੁ ਖਾਣੀ)**
12. ਪਦਾਰਥਕ ਸੁਆਦਾਂ ਵਿੱਚ ਖੱਚਿਤ ਜੀਵ **(ਸਾਦਿ ਲਗਹਿ ਪਰਾਣੀ ॥)**
13. ਜੀਵਾਂ ਦੇ ਮੇਲ ਤੇ ਵਿਛੋੜੇ **(ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥)**
14. ਜੀਵਾਂ ਦੀ ਭੁੱਖ ਤੇ ਭੋਗ **(ਵਿਸਮਾਦੁ ਭੁਖ ਵਿਸਮਾਦੁ ਭੋਗੁ ॥)**
15. ਸਿਫਤਿ ਸਾਲਾਹ ਕਰਦੇ ਲੋਕ **(ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥)**
16. ਕਈ ਕੁਰਾਹੇ ਤੇ ਕਈ ਸਿੱਧੇ ਰਸਤੇ ਪਏ (some go astray and some follow right path) ਲੋਕ **(ਵਿਸਮਾਦੁ ਉਝੜ ਵਿਸਮਾਦੁ ਰਾਹ ॥)**
17. ਪ੍ਰਭੂ ਨੂੰ ਨੇੜੇ ਸਮਝਣ ਵਾਲੇ ਤੇ ਦੂਰ ਜਾਣਨ ਵਾਲੇ ਜੀਵ **(ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥)**
18. ਕਈ ਪ੍ਰਭੂ ਨੂੰ ਹਰ ਵੇਲੇ ਬਿਲਕੁਲ ਹਾਜ਼ਰ (just near) ਸਮਝ ਰਹੇ ਹਨ **(ਦੇਖੈ ਹਾਜਰਾ ਹਜੂਰਿ ॥)**

**15. ਇਸ ਹੈਰਾਨੀ ਜਨਕ ਵਰਤਾਰੇ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?**

* ਇਸ ਹੈਰਾਨਕੁੰਨ ਵਰਤਾਰੇ ਨੂੰ ਸਮਝਣ ਤੇ ਬੁਝਨ ਦਾ ਕਾਰਜ ਕੇਵਲ ਤੇ ਕੇਵਲ ਵੱਡੇ ਭਾਗਾਂ (good fortune) ਨਾਲ ਹੀ ਸੰਭਵ ਹੈ **(ਨਾਨਕ ਬੁਝਣੁ ਪੂਰੈ ਭਾਗਿ )**।

**16. ਪ੍ਰਭੂ ਦੀ ਰਚੀ ਹੋਈ ਰਚਨਾ ਵਿੱਚ ਕੀ-ਕੀ ਹੈ ਤੇ ਕੀ-ਕੀ ਹੋ ਰਿਹਾ ਹੈ?**

* ਸਭ ਕੁਝ ਪ੍ਰਭੂ ਦੀ ਕੁਦਰਤਿ ਹੈ ਤੇ ਉਸ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ ਜਿਵੇਂ:-

1. ਜੋ ਕੁਝ ਵੀ ਦਿਸ ਰਿਹਾ ਹੈ (seen) ਜਾਂ ਅਸੀਂ ਸੁਣ (hear) ਰਹੇ ਹਾਂ **(ਕੁਦਰਤਿ ਦਿਸੈ ਕੁਦਰਤਿ ਸੁਣੀਐ...)**
2. ਜਗਤ ਵਿੱਚ ਫੈਲੇ ਡਰ ਅਤੇ ਸੁੱਖਾਂ ਦਾ ਸੋਮਾ (source) **(ਕੁਦਰਤਿ ਭਉ ਸੁਖ ਸਾਰੁ॥)**
3. ਪਾਤਾਲਾਂ, ਆਕਾਸ਼ਾਂ ਤੇ ਸਾਰੇ ਆਕਾਰਾਂ ਵਿੱਚ ਵੀ ਪ੍ਰਭੂ ਦੀ ਕੁਦਰਤਿ ਹੀ ਨਜ਼ਰੀਂ ਪੈਂਦੀ ਹੈ **(ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥)**
4. ਵੇਦ, ਪੁਰਾਣ, ਕਤੇਬਾਂ ਤੇ ਹੋਰ ਸਾਰੀ ਵਿਚਾਰ (their expositions) **(ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥)**
5. ਜੀਵਾਂ ਦਾ ਖਾਣਾ, ਪੀਣਾ, ਪਹਿਨਣਾ ਅਤੇ ਆਪਸੀ ਪਿਆਰ **(ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥)**
6. ਇਸ ਜਗਤ ਦੇ ਸਾਰੇ ਜੀਵ, ਉਨ੍ਹਾਂ ਦੀਆਂ ਜਾਤਾਂ, ਕਿਸਮਾਂ, ਰੰਗ **(ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥)**
7. ਚੰਗੇ-ਮਾੜੇ ਕੰਮ ਤੇ ਮਾਨ-ਅਪਮਾਨ **(ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥)**
8. ਹਵਾ, ਪਾਣੀ, ਅੱਗ ਅਤੇ ਧਰਤੀ ਦੀ ਖਾਕ (ਮਿੱਟੀ) **(ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥)**

**17. 'ਕਾਦਿਰੁ ਕਰਤਾ' ਦਾ ਕੀ ਭਾਵ ਹੈ?**

* 'ਕਾਦਿਰ' ਦਾ ਭਾਵ ਹੈ - ਮਾਲਕ ਤੇ ਕਰਤਾ ਭਾਵ ਸਭ ਕੁਝ ਕਰਨ ਵਾਲਾ (omnipotent creator)। ਪ੍ਰਭੂ ਹੀ ਸਾਰੀ ਕਾਇਨਾਤ ਦਾ ਸਿਰਜਣਹਾਰਾ ਤੇ ਮਾਲਕ ਹੈ।

**18. 'ਪਾਕੀ ਨਾਈ ਪਾਕੁ' ਦਾ ਕੀ ਭਾਵ ਹੈ?**

* 'ਪਾਕ' ਭਾਵ ਪਵਿੱਤਰ ਅਤੇ 'ਨਾਈ' ਭਾਵ ਵਡਿਆਈ ਜਾਂ ਸਿਫਤ। ਪ੍ਰਭੂ ਦੀ



ਵਡਿਆਈ ਪਵਿੱਤਰ ਤੋਂ ਭੀ ਪਵਿੱਤਰ ਹੈ, ਅਤਿ ਪਵਿੱਤਰ ਹੈ (holiest of the holy)।

**19 'ਤਾਕੋ-ਤਾਕੁ' ਕੀ ਹੁੰਦਾ ਹੈ?**

* ਤਾਕੋ-ਤਾਕ' ਦਾ ਭਾਵ ਹੈ ਕਿ ਇੱਕਲਾ ਆਪ ਹੀ ਆਪ (absolute oneness)।

**20. ਪ੍ਰਭੂ ਦੇ ਦਰਬਾਰ ਵਿੱਚ ਕੇਵਲ ਦੋ ਗੱਲਾਂ ਹੀ ਵੇਖੀਆਂ ਤੇ ਪਰਖੀਆਂ ਜਾਂਦੀਆਂ ਹਨ। ਕਿਹੜੀਆਂ ?**

* ਪ੍ਰਭੂ ਦੀ ਦਰਗਾਹ ਵਿੱਚ ਮਨੁੱਖ ਦੀਆਂ ਕੇਵਲ ਦੋ ਗੱਲਾਂ ਹੀ ਪਰਖੀਆਂ ਜਾਂਦੀਆਂ ਹਨ। ਇਹ ਹਨ:-

1. **ਕਰਣੀ** (deeds) - ਕੀ-ਕੀ ਕੰਮ ਕੀਤੇ? ਕਿਹੋ ਜਿਹੇ ਕੰਮ ਕੀਤੇ?
2. **ਕੀਰਤਿ**(meditation) - ਕਿੰਨੀ ਸਿਫਤਿ ਸਾਲਾਹ ਕੀਤੀ? ਕਿੰਨੀ ਕੀਰਤੀ ਸਰਵਣ ਕੀਤੀ? ਗਾਇਣ ਕੀਤੀ?

ਭਾਵ ਹੋਰ ਸਭ ਕਰਮ-ਕਾਂਡ, ਵਿਦਿਆ ਤੇ ਡਿਗਰੀਆਂ, ਅਹੁੱਦੇ ਤੇ ਪਦਵੀਆਂ, ਜ਼ਮੀਨ-ਜਾਇਦਾਦ, ਦਾਨ-ਪੁੰਨ ਆਦਿ ਕਿਸੇ ਲੇਖੇ ਨਹੀਂ। ਆਪਣੀ ਕਰਣੀ ਚੰਗੀ ਕਰੀਏ, ਚੰਗੇ ਤੇ ਨੇਕ ਕੰਮ ਕਰੀਏ ਤੇ ਸਾਸਿ ਗਿਰਾਸਿ - **ਹਰ ਵੇਲੇ, ਹਰ ਸਾਹ, ਹਰ ਦਮ ਪ੍ਰਭੂ ਦੀ ਬੰਦਗੀ ਵਿਚ ਬਿਤਾਈਏ।**

**21. ਪਾਪੀ ਮਨੁੱਖ ਦਾ ਦਰਗਾਹ ਵਿੱਚ ਕੀ ਹਾਲ ਹੁੰਦਾ ਹੈ?**

* ਪਾਪੀ ਮਨੁੱਖ ਨੂੰ ਦਰਗਾਹ ਵਿੱਚ ਜੁੱਤੀਆਂ ਪੈਂਦੀਆਂ (shoe-beaten) ਹਨ **(ਪਉਦੀਈ)** ਅਤੇ ਥਾਂ ਨਹੀਂ (gets no shetter) ਮਿਲਦੀ **(ਥਾਉ ਨ ਹੋਵੀ)** ਸਗੋਂ ਅਜਿਹੇ ਸਮੇਂ ਉਸਦਾ ਪਛਤਾਵਾ ਜਾਂ ਰੋਣਾ ਕੋਈ ਨਹੀਂ ਸੁਣਦਾ **(ਹੁਣਿ ਸੁਣੀਐ ਕਿਆ ਰੂਆਇਆ)**। ਕੀਤੇ ਕਰਮਾਂ ਦਾ ਫਲ ਉਸਨੂੰ ਭੋਗਣਾ ਹੀ ਪੈਂਦਾ ਹੈ।

**22. ਮਾਇਆ ਵਿੱਚ ਵਡੇ-ਵਡੇ ਦੁਨੀਆਦਾਰਾਂ ਦਾ ਕੀ ਹਾਲ ਹੁੰਦਾ ਹੈ?**

* ਮਾਇਆ ਵਿੱਚ ਖੱਚਿਤ ਵੱਡੇ-ਵੱਡੇ ਦੁਨੀਆਦਾਰਾਂ **(ਵਡਾ ਹੋਆ ਦੁਨੀਦਾਰੁ...)** ਦਾ ਹਾਲ ਮਾਨੋ ਇਓ ਹੁੰਦਾ ਹੈ ਜਿਵੇਂ ਗਲੇ ਵਿੱਚ ਸੰਗਲ (chain) ਪਾ ਕੇ ਧੱਕੇ ਮਾਰ-ਮਾਰ ਕੇ (driven away with chains) ਚਲਾਇਆ ਜਾਂਦਾ ਹੈ **(ਗਲਿ ਸੰਗਲੁ ਘਤਿ ਚਲਾਇਆ)**। ਦੁਨੀਆਂ ਵਿੱਚ ਭਾਂਵੇ ਵੱਡਾ ਦੁਨੀਦਾਰ ਬਣਿਆ ਬੈਠਾ ਸੀ ਪਰ ਪ੍ਰਭੂ ਦੀ ਦਰਗਾਹ ਵਿੱਚ ਕਰਣੀ ਤੇ ਕੀਰਤਿ ਵਾਚ ਕੇ ਹੀ ਫੈਸਲਾ ਹੋਣਾ ਹੈ **(ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥)** ਮੰਦੇ ਕਰਮੀਆਂ ਦਾ ਏਹੀ ਹਾਲ ਹੋਣਾ ਹੈ।

**23. ਮਨੁੱਖ ਆਪਣਾ ਜਨਮ ਕਿਵੇਂ ਵਿਅਰਥ ਗਵਾ ਲੈਂਦਾ ਹੈ?**

* ਮਨੁੱਖ ਦਾ **ਮਨ** ਅਗਿਆਨਤਾ ਵਸ (ignorance) ਅੰਨ੍ਹਾ ਹੁੰਦਾ ਹੈ, ਉਹ ਸਦਾ ਭੋਗ ਹੀ ਭੋਗਦਾ ਰਹਿੰਦਾ ਹੈ, ਉਹ ਆਪਣਾ ਜਨਮ ਵਿਅਰਥ ਗਵਾ ਲੈਂਦਾ ਹੈ **(ਮਨਿ ਅੰਧੈ ਜਨਮੁ ਗਵਾਇਆ)**।

(੪)

**24. ਪ੍ਰਭੂ ਦੇ ਹੁਕਮ ਵਿੱਚ ਸੰਸਾਰ ਵਿੱਚ ਕੀ-ਕੀ ਹੋ ਰਿਹਾ ਹੈ?**

* ਸ੍ਰਿਸ਼ਟੀ ਦਾ ਹਰ ਕਾਰ-ਵਿਹਾਰ ਪ੍ਰਭੂ ਦੇ ਭੈ ਵਿੱਚ, ਡਰ ਵਿੱਚ ਕਾਰਜਸ਼ੀਲ ਹੈ। ਪ੍ਰਭੂ ਦੇ ਹੁਕਮਾਂ ਅਨੁਸਾਰ ਹੀ:

1. ਸਦਾ ਹਵਾ ਚੱਲ ਰਹੀ (winds and breezes ever flow) ਹੈ **(ਭੈ ਵਿਚਿ ਪਵਣੁ ਵਹੈ ਸਦਵਾਉ॥)**
2. ਲੱਖਾਂ ਦਰਿਆ ਵੱਗ ਰਹੇ ਹਨ **(ਚਲਹਿ ਲਖ ਦਰੀਆਉ॥)**
3. ਬਿਨਾਂ ਕੋਈ ਭੇਟਾ ਲਏ ਅੱਗ (fire performs forced labour) ਸੇਵਾ ਕਰ ਰਹੀ ਹੈ **(ਅਗਨਿ ਕਢੈ ਵੇਗਾਰਿ॥)**
4. ਧਰਤੀ ਬੇਅੰਤ ਭਾਰ ਸਹਿ (earth is under so much load) ਰਹੀ ਹੈ **(ਧਰਤੀ ਦਬੀ ਭਾਰਿ॥)**
5. ਆਕਾਸ਼ ਵਿੱਚ ਬੱਦਲ ਸਿਰ ਪਰਨੇ ਚਲ ਰਹੇ (moves headlong) ਹਨ **(ਇੰਦੁ ਫਿਰੈ ਸਿਰ ਭਾਰਿ॥)**
6. ਧਰਮ ਰਾਜ ਦਾ ਦਰਬਾਰ ਕੰਮ ਕਰ ਰਿਹਾ ਹੈ **(ਰਾਜਾ ਧਰਮੁ ਦੁਆਰੁ॥)**
7. ਸੂਰਜ ਤੇ ਚੰਦ੍ਰਮਾ ਕਰੋੜਾਂ ਕੋਹ ਚਲ ਰਹੇ, ਕੋਈ ਅੰਤ ਨਹੀਂ **(ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥)**
8. ਸਿਧ, ਵਿਦਵਾਨ, ਦੇਵਤੇ, ਨਾਥ ਤੇ ਤਣੇ ਹੋਏ ਆਕਾਸ਼ ਹਨ **(ਸਿਧ ਬੁਧ ਸੁਰ ਨਾਥ॥ ...ਆਡਾਣੇ ਆਕਾਸ॥)**
9. ਬੜੇ ਮਹਾਂਬਲੀ ਜੋਧੇ, ਸੂਰਮੇ ਹਨ **(ਜੋਧ ਮਹਾਬਲ ਸੂਰ॥)**
10. ਜੀਵਾਂ ਦੇ ਟੋਲੇ ਜੰਮ ਰਹੇ ਹਨ, ਮਰ ਰਹੇ ਹਨ **(ਆਵਹਿ ਜਾਵਹਿ ਪੂਰ॥)**



**25. ਕੀ ਪ੍ਰਭੂ ਵੀ ਕਿਸੇ ਦੇ ਡਰ, ਭੈ, ਹੁਕਮ ਵਿੱਚ ਹੈ?**

* ਨਹੀਂ, ਕੇਵਲ ਤੇ ਕੇਵਲ ਸਾਰੇ ਜੀਵ ਜੰਤ ਤੇ ਹੋਰ ਸਾਰੀ ਸਾਜੀ ਹੋਈ ਸ੍ਰਿਸ਼ਟੀ ਦੇ ਸਿਰ ਤੇ ਭਉ ਰੂਪੀ ਲੇਖ ਲਿਖਿਆ (God has destined fear for everyone) ਹੋਇਆ ਹੈ **(ਸਗਲਿਆ ਭਉ ਲਿਖਿਆ ਸਿਰਿ ਲੇਖੁ॥)** ਪਰ ਪ੍ਰਭੂ ਆਪ ਸਦਾ ਥਿਰ ਨਿਰੰਕਾਰ ਹੈ ਜੋ ਭੈ ਤੋਂ ਰਹਿਤ ਹੈ **(ਨਾਨਕ ਨਿਰਭਉ ਨਿਰੰਕਾਰ ਸਚੁ ਏਕੁ)**।

**26. ਕੀ ਕੇਵਲ ਗੱਲਾਂ ਕਰਨ ਨਾਲ ਰੱਬੀ ਗਿਆਨ ਦੀ ਪ੍ਰਾਪਤੀ ਸੰਭਵ ਹੈ?**

ਨਹੀਂ ਜੀ, ਗਿਆਨ ਗੱਲਾਂ (mere talk) ਨਾਲ ਨਹੀਂ ਲਭਿਆ ਜਾ ਸਕਦਾ **(ਗਿਆਨੁ ਨ ਗਲੀਈ ਢੂਢੀਐ...)**। ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਗਿਆਨ ਨੂੰ ਬਿਆਨ ਕਰਨਾ ਲੋਹੇ ਵਰਗਾ ਕਰੜਾ ਭਾਵ ਔਖਾ (as difficult as iron-eating) ਹੈ **(ਕਥਨਾ ਕਰੜਾ ਸਾਰੁ)**।

**27. ਫਿਰ ਇਹ ਗਿਆਨ ਕਿਵੇਂ ਮਿਲ ਸਕਦਾ ਹੈ?**

* ਇਹ ਗਿਆਨ ਪ੍ਰਭੂ ਦੀ ਮਿਹਰ (Grace), ਕਰਮ, ਬਖਸ਼ਿਸ਼ ਨਾਲ ਹੀ ਮਿਲ ਸਕਦਾ ਹੈ **(ਕਰਮਿ ਮਿਲੈ ਤਾ ਪਾਈਐ)**। ਕਿਸੇ ਹੋਰ ਚਾਲਾਕੀਆਂ, ਚਤੁਰਾਈਆਂ ਅਥਵਾ ਜ਼ੋਰ ਨਾਲ ਖੁਆਰੀ (disgrace) ਹੀ ਮਿਲਦੀ ਹੈ, ਗਿਆਨ ਨਹੀਂ **(ਹੋਰ ਹਿਕਮਤਿ ਹੁਕਮੁ ਖੁਆਰੁ)**।

**28. ਸਤਿਗੁਰ ਕਦੋਂ ਮਿਲਦਾ ਹੈ?**

* ਸਤਿਗੁਰ ਉਦੋਂ ਮਿਲਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਮਾਰ ਮੁਕਾਉਂਦੇ (abandon their self pride) ਹਨ **(ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ)**।

(੫)

**29. ਮਨੁੱਖ ਕਿਉਂ ਮੁਸਿਆ (ਠੱਗਿਆ) ਜਾ ਰਿਹਾ ਹੈ?**

* ਗਿਆਨ ਨਾ ਹੋਣ ਕਰਕੇ ਮਨੁੱਖ ਠੱਗਿਆ (deceived) ਜਾ ਰਿਹਾ ਹੈ। ਜਿੰਨਾ ਵੱਧ ਗਿਆਨ ਹੋਵੇਗਾ ਓਨਾ ਘੱਟ ਡਰ ਹੁੰਦਾ ਹੈ। (The more you know the less you fear) ਪਰ ਗਿਆਨ ਵਿਹੂਣਾ ਹੋਣ ਕਰਕੇ ਮਨੁੱਖ ਜਮਾਂ ਦੇ, ਕਾਲ ਦੇ ਡਰ ਵੱਸ ਖਤਮ ਹੋਈ

ਜਾ ਰਿਹਾ ਹੈ **(ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ)**।

**30. 'ਘੜੀਆਂ ਸਭੇ ਗੋਪੀਆ ਪਹਰ ਕੰਨ੍ ਗੋਪਾਲ' ਦਾ ਕੀ ਭਾਵ ਹੈ?**

* ਜਿਵੇਂ ਜਗਨਨਾਥਪੁਰੀ ਵਿਖੇ ਗੁਰੂ ਨਾਨਕ ਦੇਵ ਜੀ ਨੇ ਜਗਤ ਵਿੱਚ ਹੁੰਦੀ ਅਸਲ ਆਰਤੀ ਦੇ ਦਰਸ਼ਨ ਕਰਵਾਏ, ਤਿਵੇਂ ਹੀ ਇਥੇ ਪਾਤਸ਼ਾਹ ਅਸਲ ਰਾਸ ਲੀਲਾ ਦਾ ਚਿਤਰਨ ਕਰਦੇ ਹਨ।

ਘੜੀਆਂ ਭਾਵ ਲਗਭਗ 24 ਮਿੰਟ ਦਾ ਸਮਾਂ ਅਤੇ ਪਹਰ ਭਾਵ ਲਗਭਗ 3 ਘੰਟੇ ਦਾ ਸਮਾਂ। ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਇਹ ਜਗਤ ਇੱਕ ਰਾਸ ਲੀਲਾ ਹੈ - ਇਸ ਵਿੱਚ ਘੜੀਆਂ ਮਾਨੋ ਗੋਪੀਆਂ ਹਨ ਤੇ ਪਹਰ ਮਾਨੋ ਕ੍ਰਿਸ਼ਨ ਜੀ ਤੇ ਸਾਥੀ ਗਵਾਲੇ ਹਨ। ਹਵਾ, ਪਾਣੀ, ਅੱਗ ਗਹਿਣੇ ਹਨ ਤੇ ਚੰਦ-ਸੂਰਜ ਅਵਤਾਰ ਹਨ ਜਿਹਨਾਂ ਦੇ ਸਾਂਗ ਉਤਾਰੇ ਜਾਂਦੇ ਹਨ। ਸਾਰੀ ਧਰਤੀ ਮਾਨੋ ਇਸ ਰਾਸ ਲੀਲਾ ਦਾ ਸਾਜੋ ਸਾਮਾਨ (material) ਹੈ ਤੇ ਪਾਤਰਾਂ ਦਾ ਆਪਸੀ ਵਰਤੋਂ ਵਿਹਾਰ ਮਾਨੋ ਧੰਦੇ ਹਨ, ਜੰਜਾਲ ਹਨ।

**31. ਰਾਸ ਲੀਲਾਵਾਂ ਵਿਚ ਕੌਣ ਸਾਜ ਵਜਾਂਦਾ ਹੈ ਤੇ ਕੌਣ ਨੱਚਦਾ ਹੈ?**

* ਚੇਲੇ ਸਾਜ ਵਜਾਂਦੇ (disciples play instruments) ਹਨ ਤੇ ਉਹਨਾਂ ਦੇ ਗੁਰੂ ਨੱਚਦੇ ਹਨ **(ਵਾਇਨਿ ਚੇਲੇ ਨਚਨਿ ਗੁਰ)**।

**32. 'ਰੋਟੀਆ ਕਾਰਣਿ ਪੂਰਹਿ ਤਾਲ' ਦਾ ਕੀ ਭਾਵ ਹੈ?**

* ਓਹ ਧਾਰਮਿਕ ਕੰਮ ਜੋ ਕੇਵਲ ਧਨ-ਦੌਲਤ ਦੀ ਕਮਾਈ ਲਈ ਕੀਤਾ ਜਾਵੇ, ਆਪਣੀ ਰੋਜ਼ੀ ਰੋਟੀ ਹੀ ਕਮਾਉਣ (just for sake of earning bread) ਲਈ ਕੀਤਾ ਜਾਵੇ ਉਸ ਵਿੱਚ ਨਾ ਕੋਈ ਸ਼ਰਧਾ ਹੁੰਦੀ ਹੈ, ਨਾ ਪਿਆਰ ਅਤੇ ਨਾ ਲਗਨ।

**33. ਕਿਹੜੇ ਸੇਵਕ ਪ੍ਰਭੂ ਦੀ ਸੇਵਾ ਕਰਨ ਦੇ ਸਮਰੱਥ ਹੁੰਦੇ ਹਨ?**

* ਕੇਵਲ ਓਹੀ ਸੇਵਕ ਸੇਵਾ ਕਰ ਸਕਦੇ ਹਨ ਜਿਨ੍ਹਾਂ ਤੇ ਪ੍ਰਭੂ ਦੇ ਕਰਮ ਭਾਵ ਬਖਸ਼ਿਸ਼ ਨਾਲ ਚੜ੍ਹਦੀ ਕਲਾ ਪੈਦਾ ਹੁੰਦੀ ਹੈ **(ਸੇਵਕ ਸੇਵਹਿ ਕਰਮਿ ਚੜਾਉ)**।

**34. ਕਿਨ੍ਹਾਂ ਦੀ ਰਾਤ ਰਸ ਭਰੀ (full of Divine joy) ਤੇ ਸੁਆਦਲੀ (ਭਿੰਨੀ) ਹੁੰਦੀ ਹੈ?**

* ਜਿਨ੍ਹਾਂ ਦੇ **ਮਨ** ਵਿੱਚ ਪ੍ਰਭੂ ਨੂੰ ਮਿਲਣ ਦਾ ਚਾਅ (eagerness) ਹੁੰਦਾ ਹੈ ਉਹਨਾਂ ਦੀ ਰਾਤ ਭਿੰਨੀ ਭਾਵ ਰਸਭਰੀ ਤੇ ਸੁਆਦਲੀ ਹੋ ਜਾਂਦੀ ਹੈ **(ਭਿੰਨੀ ਰੈਣਿ ਜਿਨ੍ਾ ਮਨਿ ਚਾਉ)**। ਇਥੇ ਕੇਵਲ ਇਕ ਦੁਨਿਆਵੀ ਰਾਤ ਦੀ ਗੱਲ ਨਹੀਂ ਸਗੋਂ ਜੀਵਨ ਰੂਪ ਰਾਤ ਭਾਵ ਸਾਰਾ ਜੀਵਨ ਹੀ ਭਿੰਨਾ ਤੇ ਸੁਆਦਲਾ ਹੋ ਜਾਂਦਾ ਹੈ।



**35. ਸੰਸਾਰ ਸਾਗਰ ਤੋਂ ਕੌਣ-ਕੌਣ ਤੇ ਕਿਵੇਂ ਪਾਰ ਲੰਘਦੇ ਹਨ?**

* ਸੰਸਾਰ ਸਾਗਰ ਤੋਂ ਉਹ ਹੀ ਪਾਰ ਲੰਘਦੇ ਹਨ ਜਿਨ੍ਹਾਂ ਤੇ ਅਕਾਲ ਪੁਰਖ ਦੀ ਨਦਰਿ ਭਾਵ ਬਖਸ਼ਿਸ਼ ਹੁੰਦੀ ਹੈ, ਪਰ ਇਸ ਬਖਸ਼ਿਸ਼ ਦੇ ਪਾਤਰ ਬਣਨ ਲਈ ਗੁਰੂ ਦੀ ਵੀਚਾਰ ਰਾਹੀਂ ਸਿਖਿਆ ਸਿੱਖਣਾ (ponder over Guru's directions) ਜ਼ਰੂਰੀ ਹੈ **(ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥)**।

**36. ਜੀਵ ਦਿਨ-ਰਾਤ ਮਾਇਆ ਦੇ ਆਹਰ ਵਿਚ ਕਿਉਂ ਭੱਜਦੇ ਫਿਰਦੇ ਹਨ?**

* ਇਹ ਸਭ ਕਿਰਤ ਦੀ ਖੇਡ ਹੈ, ਬੰਧਨਾ ਦੇ ਬੰਧੇ **(ਬੰਧਨ ਬਧਿ...)** ਹੀ ਸਭ ਭਉਂਦੇ ਫਿਰਦੇ **(ਭਵਾਏ ਸੋਇ॥)** ਹਨ। ਪਿਛਲੇ ਕੀਤੇ ਕਰਮਾਂ ਅਨੁਸਾਰ **(ਪਇਐ ਕਿਰਤਿ...)** ਸਾਰੇ ਨੱਚ ਰਹੇ ਹਨ **(ਨਚੈ ਸਭੁ ਕੋਇ)**।

**37. ਕੀ ਰਾਸ ਲੀਲਾਵਾਂ ਵਿੱਚ ਨੱਚਣ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ?**

* ਨਹੀਂ ਜੀ। ਇਹ ਨੱਚਣ-ਕੁੱਦਣਾ ਤਾਂ ਕੇਵਲ **ਮਨ** ਦਾ ਪਰਚਾਵਾ (mere entertainment) ਹੀ ਹੈ **(ਨਚਣੁ ਕੁਦਣੁ ਮਨ ਕਾ ਚਾਉ)**। ਜਿਹੜੇ ਸਾਰਾ ਜੀਵਨ ਰਾਸ ਲੀਲਾਵਾਂ ਵਿੱਚ ਕੇਵਲ ਮਨ ਪਰਚਾਵੇ ਖਾਤਰ ਨੱਚਦੇ ਤੇ ਹੱਸਦੇ ਹਨ ਉਹ ਅੰਤ ਵੇਲੇ ਰੋਂਦੇ ਹੋਏ ਹੀ ਸੰਸਾਰ ਤੋਂ ਜਾਂਦੇ ਹਨ **(ਨਚਿ ਨਚਿ ਹਸਹਿ ਚਲਹਿ ਸੇ ਰੋਇ)**। ਨਾ ਹੀ ਉਹ ਕਿਸੀ ਉੱਚੀ ਅਵਸਥਾ ਤੇ ਪੁੱਜਦੇ ਹਨ ਤੇ ਨਾ ਹੀ ਆਤਮਿਕ ਜੀਵਨ ਵਿੱਚ ਸਿਧ ਜਾਂ ਕਾਮਯਾਬ ਹੁੰਦੇ ਹਨ **(ਉਡਿ ਨ ਜਾਹੀ ਸਿਧ ਨ ਹੋਹਿ)**।

**38. ਕਿਹੜੇ ਜੀਵਾਂ ਦੇ ਮਨ ਵਿੱਚ ਪ੍ਰਭੂ ਦਾ ਪਿਆਰ (ਭਾਉ) ਪੈਦਾ ਹੁੰਦਾ ਹੈ?**

* ਜਿਨ੍ਹਾਂ ਦੇ **ਮਨ** ਵਿੱਚ ਪ੍ਰਭੂ ਦਾ ਡਰ ਹੁੰਦਾ ਹੈ ਉਹਨਾਂ ਦੇ **ਮਨ** ਵਿੱਚ ਹੀ ਪਿਆਰ ਉਪਜਦਾ ਹੈ। ਸੱਚਾ ਪ੍ਰੇਮ ਉਹਨਾਂ ਦੇ **ਮਨ** ਵਿੱਚ ਹੀ ਹੁੰਦਾ ਹੈ ਜਿਨ੍ਹਾਂ ਦੇ **ਮਨ** ਵਿੱਚ ਡਰ ਤੇ ਅਦਬ ਹੁੰਦਾ ਹੈ **(ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ)**।

**39. ਕਿਸੇ ਦਾ ਭਲਾ ਕਰਕੇ ਮਨ ਵਿੱਚ ਕੀ ਸੋਚਣਾ ਚਾਹੀਦਾ ਹੈ?**

* ਅਸੀਂ ਜਦ ਵੀ ਕਿਸੇ ਦਾ ਭਲਾ ਕਰਦੇ ਹਾਂ ਤਾਂ ਵਾਪਸੀ ਭਲੇ ਜਾਂ ਸ਼ੁਕਰਾਨੇ ਦੀ ਆਸ ਰੱਖਦੇ ਹਾਂ। ਅਸੀਂ ਚਾਹੁੰਦੇ ਹਾਂ ਉਹ ਸਦਾ ਸਾਡੇ ਸਾਹਮਣੇ ਝੁਕਦਾ ਰਹੇ, ਨਿਵਦਾ ਰਹੇ।

ਪਰ ਨਹੀਂ! ਗੁਰੂ ਸਾਹਿਬ ਕਹਿੰਦੇ ਹਨ ਕਿ ਜੇ ਤੂੰ ਆਪਣੀ ਕੀਤੀ ਸੇਵਾ ਨੂੰ ਪ੍ਰਵਾਨ

ਹੁੰਦਾ ਵੇਖਣਾ ਚਾਹੁੰਦਾ ਹੈ ਤਾਂ ਕਿਸੇ ਦੀ ਭਲਾਈ ਕਰਕੇ ਵੀ ਆਪਣੇ ਆਪ ਨੂੰ ਨੀਚ ਸਦਵਾ, ਇਹੀ ਆਖ ਕਿ ਮੈਂ ਤਾਂ ਕੁਝ ਨਹੀਂ ਕੀਤਾ, ਨਿਮਰਤਾ ਵਿਚ ਰਹਿ, ਇਹੀ ਸੋਚ ਕਿ ਉਸਨੇ ਤੈਨੂੰ ਭਲਾ ਕਰਨ ਦਾ ਮੌਕਾ ਦਿੱਤਾ ਹੈ **(ਕਰਿ ਪੁੰਨਹੁ ਨੀਚੁ ਸਦਾਈਐ)**।

### 40. ਕੀ ਕੋਈ ਮਨੁੱਖ ਬੁਢੇਪੇ ਨੂੰ ਰੋਕ ਸਕਦਾ ਹੈ?

* ਨਹੀਂ ਜੀ। ਭਾਂਵੇ ਕੋਈ ਕਿੰਨਾ ਵੀ ਬਲਸ਼ਾਲੀ, ਜ਼ੋਰ ਵਾਲਾ **(ਜਰਵਾਣਾ–**powerful) ਹੋਵੇ ਤੇ ਉਹ ਕਿੰਨਾ ਹੀ ਯਤਨ ਕਰ ਲਵੇ ਕਿ ਬੁਢੇਪਾ ਮੇਰੇ ਤੋਂ ਦੂਰ ਹੀ ਰਹੇ – ਇੰਝ ਨਹੀਂ ਹੋ ਸਕਦਾ। ਬੁਢੇਪਾ ਤਾਂ ਕਈ-ਕਈ ਤਰ੍ਹਾਂ ਦੇ ਵੇਸ ਧਾਰ ਕੇ ਆ ਹੀ ਜਾਂਦਾ ਹੈ **(ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ)**। ਕੇਸ ਚਿੱਟੇ ਹੋ ਜਾਂਦੇ ਹਨ, ਚਿਹਰੇ ਤੇ ਝਿਉੜੀਆਂ ਆ ਜਾਂਦੀਆਂ ਹਨ, ਤਨ ਦੀ ਸ਼ਕਤੀ ਘੱਟ ਜਾਂਦੀ ਹੈ...।

### 41. ਕੀ ਅੰਤ ਸਮਾਂ ਆਉਣ ਤੋਂ ਬਾਅਦ ਵੀ ਕੋਈ ਜੀਵਤ ਰਹਿ ਸਕਦਾ ਹੈ?

* ਨਹੀਂ ਜੀ, ਜਦੋਂ ਜੀਵ ਦੇ ਜੀਵਨ ਦੀ ਪਾਈ ਭਾਵ ਪੈਮਾਨਾ ਭਰ ਜਾਂਦਾ ਹੈ ਤਾਂ ਉਹ ਇਸ ਸੰਸਾਰ ਵਿੱਚ ਨਹੀਂ ਰਹਿ ਸਕਦਾ, ਉਸਨੂੰ ਜਾਣਾ ਹੀ ਪੈਂਦਾ ਹੈ **(ਕੋ ਰਹੈ ਨ ਭਰੀਐ ਪਾਈਐ)**।

(੬)

### 42.'ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ' ਦਾ ਕੀ ਭਾਵ ਹੈ?

* ਮੁਸਲਮਾਨੀ ਮਤ ਅਨੁਸਾਰ ਅਸਲ ਬੰਦੇ ਓਹੀ ਹਨ ਜੋ ਪ੍ਰਭੂ ਦਾ ਦੀਦਾਰ ਕਰਨ ਲਈ, ਬੰਦੀ ਵਿੱਚ ਰਹਿੰਦੇ ਹਨ, ਭਾਵ ਸ਼ਰਹ (ਮੁਸਲਮਾਨੀ ਨੀਅਤ ਮਰਯਾਦਾ) ਅਨੁਸਾਰ ਹੀ ਕਾਰਜ ਕਰਦੇ ਹਨ।

### 43. ਦਾਨੀ ਮਨੁੱਖਾਂ ਬਾਰੇ ਆਸਾ ਕੀ ਵਾਰ ਵਿੱਚ ਕੀ ਫੁਰਮਾਨ ਹਨ?

* ਪਾਤਸ਼ਾਹ ਫੁਰਮਾਉਂਦੇ ਹਨ ਕਿ ਦਾਨੀ ਮਨੁੱਖਾਂ ਦੇ **ਮਨ** ਵਿੱਚ ਦਾਨ ਕਰਨ ਦੇ ਖਿਆਲ ਮਾਤਰ ਨਾਲ ਹੀ ਖੁਸ਼ੀ ਤੇ ਸੰਤੋਖ ਪੈਦਾ ਹੋ ਜਾਂਦਾ ਹੈ। ਉਹ ਦਾਨ ਦੇ ਕੇ (charity) ਜਗਤ ਵਿੱਚ ਸੋਭਾ ਤਾਂ ਪਾ ਲੈਂਦੇ ਹਨ ਪਰ ਹਜ਼ਾਰਾਂ ਗੁਣਾਂ (thousandfold) ਵੱਧ ਫਲ ਵੀ ਮੰਗਦੇ ਹਨ **(ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ)**।

### 44. ਭਗਤਾਂ ਨੂੰ ਕਿਸ ਚੀਜ਼ ਦੀ ਭੁੱਖ ਲੱਗਦੀ ਹੈ?

* ਗੁਰੂ ਨਾਨਕ ਸਾਹਿਬ ਜੀ ਫੁਰਮਾਂਦੇ ਹਨ ਕਿ ਭਗਤਾਂ ਨੂੰ ਪ੍ਰਭੂ ਦੀ ਸਿਫਤ-ਸਾਲਾਹ



ਕਰਨ ਦੀ ਭੁੱਖ (hunger to meditate) ਲੱਗਦੀ ਹੈ **(ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ)**।

### 45. ਸਾਲਾਹਣ ਦੀ ਭੁੱਖ ਨਾਲ ਕੀ ਅਵਸਥਾ ਬਣਦੀ ਹੈ?

* ਜਿਸਨੂੰ ਸਿਫਤ-ਸਾਲਾਹ ਦੀ ਭੁੱਖ ਲੱਗਦੀ ਹੈ, ਫਿਰ ਉਸ ਲਈ ਨਾਮ ਸਿਮਰਨ ਹੀ ਜੀਵਨ ਦਾ ਸੱਚਾ ਆਸਰਾ ਬਣ ਜਾਂਦਾ ਹੈ। ਉਹ ਦਿਨ-ਰਾਤ ਖੁਸ਼ੀ ਤੇ ਆਨੰਦ (abide in everlasting joy day and night) ਵਿਚ ਰਹਿੰਦੇ ਹਨ **(ਸਦਾ ਅਨੰਦਿ ਰਹਹਿ ਦਿਨੁ ਰਾਤੀ...)** ਤੇ ਸਦਾ ਨਿਮਰਤਾ ਵਿੱਚ ਆਪਣੇ ਆਪ ਨੂੰ ਗੁਣਵਾਨ ਮਨੁੱਖਾਂ ਦੇ ਪੈਰਾਂ ਦੀ ਧੂੜ ਹੀ ਸਮਝਦੇ ਹਨ **(ਗੁਣਵੰਤਿਆ ਪਾਛਾਰੁ)**।

### 46. 'ਮਿਟੀ ਮੁਸਲਮਾਨ ਕੀ...' ਦਾ ਸਮੁੱਚਾ ਭਾਵ ਤੇ ਵਿਸਤਾਰ ਕੀ ਹੈ?

* ਮੁਸਲਮਾਨ ਮੁਰਦਿਆਂ ਨੂੰ ਸਾੜਦੇ ਨਹੀਂ ਸਗੋਂ ਦਬਾਂਦੇ ਹਨ। ਉਹ ਮੰਨਦੇ ਹਨ ਕਿ ਇਹ ਸਾਰੇ ਕਿਆਮਤ ਵਾਲੇ ਦਿਨ ਉਠ ਜਾਣਗੇ, ਜ਼ਿੰਦਾ ਹੋ ਜਾਣਗੇ। ਪਰ ਗੁਰੂ ਸਾਹਿਬ ਫੁਰਮਾਂਦੇ ਹਨ ਕਿ ਦੱਬੇ ਹੋਏ ਮੁਰਦੇ ਤਾਂ ਕੁਝ ਸਮੇਂ ਬਾਦ ਮਿੱਟੀ ਵਿੱਚ ਮਿੱਟੀ ਹੀ ਬਣ ਜਾਂਦੇ ਹਨ ਤੇ ਕੋਈ ਘੁਮਿਆਰ (potter) ਇਸ ਮਿੱਟੀ ਦੇ ਭਾਂਡੇ ਬਣਾ ਲੈਂਦਾ ਹੈ। ਇਹ ਮਿੱਟੀ ਅੱਗ ਵਿੱਚ ਸੜਦੀ ਹੈ, ਪੁਕਾਰ ਕਰਦੀ ਹੈ **(ਜਲਦੀ ਕਰੇ ਪੁਕਾਰ)**। ਮਾਨੋ ਇਹ ਵਿਚਾਰੀ ਸੜ-ਸੜ ਕੇ ਰੋਂਦੀ ਹੈ ਤੇ ਉਸ ਵਿੱਚ ਅੱਗ ਦੇ ਅੰਗਿਆਰੇ ਝੜ-ਝੜ (burns, weeps and sparks fly from it) ਕੇ ਡਿਗਦੇ ਹਨ **(ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ)**।

ਇਸ ਵਿੱਚ ਸਮੁੱਚਾ ਭਾਵ ਹੈ ਕਿ ਕੇਵਲ ਸਾੜਨ ਜਾਂ ਦੱਬਣ ਨਾਲ ਕੋਈ ਮਹਾਨ ਨਹੀਂ ਬਣਦਾ, ਇਹ ਕੋਈ ਪਰਾਪਤੀ ਨਹੀਂ, ਕੋਈ ਵਡਿਆਈ ਨਹੀਂ, ਸਗੋਂ ਪ੍ਰਭੂ ਜੀਵਨ ਦੇ ਚੰਗੇ ਮੰਦੇ ਕਰਮਾਂ ਨੂੰ ਜਾਣਦਾ ਹੈ **(ਸੋ ਜਾਣੈ ਕਰਤਾਰੁ ॥)** ਅਤੇ ਉਹਨਾਂ ਦੇ ਅਨੁਸਾਰ ਹੀ ਜੀਵਾਂ ਨੂੰ ਫਲ ਭੋਗਣੇ ਪੈਂਦੇ ਹਨ।

### 47. ਕੀ ਗੁਰੂ ਤੋਂ ਬਿਨ੍ਹਾਂ ਪ੍ਰਭੂ ਮਿਲ ਸਕਦਾ ਹੈ?

* ਨਹੀਂ ਜੀ, ਬਿਨ੍ਹਾਂ ਸਤਿਗੁਰੂ ਤੋਂ ਮਨੁੱਖ ਰੱਬ ਨੂੰ ਨਹੀਂ ਪਾ ਸਕਦਾ

**(ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ)**।

### 48. ਸਤਿਗੁਰ ਤੋਂ ਬਿਨ੍ਹਾਂ ਪ੍ਰਭੂ ਕਿਓ ਨਹੀਂ ਮਿਲ ਸਕਦਾ?

* ਕਿਉਂਕਿ ਪ੍ਰਮਾਤਮਾ ਨੇ ਆਪਣੇ ਆਪ ਨੂੰ ਸਤਿਗੁਰੂ ਵਿੱਚ ਹੀ ਰਖਿਆ ਹੋਇਆ ਹੈ

ਅਤੇ ਇਸ ਸੱਚਾਈ ਨੂੰ ਉਸਨੇ ਪ੍ਰਗਟ ਤੌਰ ਤੇ ਕਹਿ (proclaimed) ਦਿੱਤਾ ਹੈ **(ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ)**।

**49. 'ਉਤਮੁ ਏਹੁ ਬੀਚਾਰੁ ਹੈ' – ਕਿਹੜਾ ਵਿਚਾਰ ਉਤਮ ਹੈ?**

* ਸੱਚੇ ਪ੍ਰਭੂ ਨਾਲ ਚਿਤ ਜੋੜ ਕੇ, ਜਗ ਦੇ ਜੀਵਨ ਦਾਤੇ ਨੂੰ ਮਿਲ ਲੈਣਾ ਹੀ ਸਭ ਤੋਂ ਚੰਗਾ ਤੇ ਉਤਮ ਵੀਚਾਰ (best sermon) ਹੈ **(ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗ ਜੀਵਨੁ ਦਾਤਾ ਪਾਇਆ)**।

(੭)

**50. ਹਉਮੈ ਕਿਹੜੇ ਦੋ ਸ਼ਬਦਾਂ ਦਾ ਮੇਲ ਹੈ ਤੇ ਇਸ ਦਾ ਕੀ ਅਰਥ ਹੈ?**

* ਹਉਮੈ = ਹਉ + ਮੈਂ।

ਹਉ = ਮੈਂ। ਮੈ = ਮੈਂ

ਇੰਝ ਹਉਮੈ = ਮੈਂ + ਮੈਂ

ਹਰ ਕੰਮ ਲਈ ਮੈਂ-ਮੈਂ (I-am-ness) ਕਰਨਾ, ਅਹੰਕਾਰ (ego) ਕਰਨਾ, ਆਪਣੀ ਵੱਖਰੀ ਹੋਂਦ ਦਾ ਖਿਆਲ ਕਰਨਾ ਹੀ ਹਉਮੈ ਹੈ।

**51. ਹਉਮੈ ਵਿਚ ਜੀਵ ਕੀ-ਕੀ ਕਰ ਰਿਹਾ ਹੈ, ਕੀ-ਕੀ ਭੋਗ ਰਿਹਾ ਹੈ?**

* ਹਉਮੈ ਵਿਚ ਜੀਵ

1. ਜਗਤ ਵਿਚ ਆ ਰਿਹਾ ਹੈ, ਜਾ ਰਿਹਾ ਹੈ **(ਹਉ ਵਿਚਿ ਆਇਆ ਹਉ ਵਿਚਿ ਗਇਆ ॥)**
2. ਜੰਮ ਰਿਹਾ ਹੈ, ਮਰ ਰਿਹਾ ਹੈ **(ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥)**
3. ਕੁਝ ਦੇ ਰਿਹਾ ਹੈ, ਲੈ ਰਿਹਾ ਹੈ **(ਹਉ ਵਿਚਿ ਦਿਤਾ ਹਉ ਵਿਚਿ ਲਇਆ ॥)**
4. ਲਾਭ ਪ੍ਰਾਪਤ ਕਰ ਰਿਹਾ ਹੈ, ਗਵਾ ਰਿਹਾ ਹੈ **(ਹਉ ਵਿਚਿ ਖਟਿਆ ਹਉ ਵਿਚਿ ਗਇਆ ॥)**
5. ਸੱਚਾ ਬਣ ਰਿਹਾ ਹੈ, ਝੂਠਾ ਬਣ ਰਿਹਾ ਹੈ **(ਹਉ ਵਿਚਿ ਸਚਿਆਰੁ ਕੂੜਿਆਰੁ ॥)**



6. ਪਾਪ ਤੇ ਪੁੰਨ ਦੀ ਵੀਚਾਰ ਕਰਦਾ ਹੈ **(ਹਉ ਵਿਚਿ ਪਾਪ ਪੁੰਨ ਵੀਚਾਰੁ ॥)**
7. ਨਰਕ ਤੇ ਸਵਰਗ ਵਿੱਚ ਵਿਚਰਦਾ ਹੈ **(ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥)**
8. ਹੱਸਦਾ ਹੈ ਤੇ ਰੋਂਦਾ ਹੈ **(ਹਉ ਵਿਚਿ ਹਸੈ ਹਉ ਵਿਚਿ ਰੋਵੈ ॥)**
9. ਪਾਪ ਦੀ ਮੈਲ ਨਾਲ ਭਰ ਜਾਂਦਾ ਹੈ, ਮੈਲ ਧੋਣ ਲੱਗ ਪੈਂਦਾ ਹੈ **(ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥)**
10. ਜਾਤ-ਪਾਤ ਵਿੱਚ ਗਵਾਚ ਜਾਂਦਾ ਹੈ **(ਹਉ ਵਿਚਿ ਜਾਤੀ ਜਿਨਸੀ ਖੋਵੈ ॥)**
11. ਮੂਰਖ ਬਣਦਾ ਹੈ, ਸਿਆਣਾ ਬਣਦਾ ਹੈ **(ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥)**
12. ਮਾਇਆ ਤੋਂ ਮੁਕਤੀ ਦੀ ਸਮਝ ਨਹੀਂ ਆਂਦੀ **(ਮੋਖ ਮੁਕਤਿ ਕੀ ਸਾਰ ਨ ਜਾਣਾ ॥)**
13. ਮਾਇਆ ਵਿੱਚ ਖਚਿਤ ਹੈ, ਮਾਇਆ ਦਾ ਸਾਇਆ ਇਸ ਤੇ ਸਵਾਰ ਹੈ **(ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥)**
14. ਮੁੜ-ਮੁੜ ਜਨਮ ਲੈਂਦਾ ਹੈ **(ਹਉਮੈ ਕਰਿ ਕਰਿ ਜੰਤ ਉਪਾਇਆ ॥)**

**52. ਹਉਮੈ ਵਿੱਚ ਫਸੇ ਇਸ ਜੀਵ ਨੂੰ ਫਿਰ ਪ੍ਰਭੂ ਦੇ ਦਰ ਦੀ ਸਮਝ ਕਿਵੇਂ ਮਿਲ ਸਕਦੀ ਹੈ?**

* ਜਦੋਂ ਜੀਵ ਨੂੰ ਹਉਮੈ ਦੀ ਅਸਲੀਅਤ ਸਮਝ ਆ ਜਾਂਦੀ ਹੈ ਤਾਂ ਫਿਰ ਇਸ ਨੂੰ ਪ੍ਰਭੂ ਦਰ ਦੀ ਸੂਝ ਵੀ ਪ੍ਰਾਪਤ ਹੋ ਜਾਂਦੀ ਹੈ **(ਹਉਮੈ ਬੂਝੈ ਤਾ ਦਰੁ ਸੂਝੈ)**। ਨਹੀਂ ਤਾਂ ਇਸ ਗਿਆਨ ਤੋਂ ਬਿਨ੍ਹਾਂ ਉਹ ਬੋਲ-ਬੋਲ ਕੇ ਖਿਝਦਾ ਤੇ ਲੁਝਦਾ (indulges in talks and arguments) ਹੀ ਰਹਿੰਦਾ ਹੈ **(ਗਿਆਨ ਵਿਹੂਣਾ ਕਥਿ ਕਥਿ ਲੂਝੈ)**।

**53. 'ਜੇਹਾ ਵੇਖਹਿ ਤੇਹਾ ਵੇਖੁ' ਦਾ ਕੀ ਅਰਥ ਹੈ ?**

* ਮਨੁੱਖ ਜਿਹੋ ਜਿਹਾ ਸੰਸਾਰ ਨੂੰ ਵੇਖਦੇ ਹਨ ਉਹੋ ਜਿਹਾ ਉਨ੍ਹਾਂ ਦਾ ਸਰੂਪ ਬਣ ਜਾਂਦਾ ਹੈ। ਭਾਵ ਜਿਵੇਂ ਦੀ ਤੱਕਣੀ ਹੈ ਤਿਵੇਂ ਦੇ ਹੀ ਸੰਸਕਾਰ ਅੰਦਰ ਪੈਦਾ ਹੋ ਜਾਂਦੇ ਹਨ ਤੇ ਫਿਰ ਜਿਵੇਂ ਦੇ ਸੰਸਕਾਰ ਹੁੰਦੇ ਹਨ ਤਿਵੇਂ ਦਾ ਮਾਨਸਿਕ ਸਰੂਪ ਬਣ ਜਾਂਦਾ ਹੈ। ਜੇ ਕਿਸੇ ਨੂੰ ਮਾੜੀ ਦ੍ਰਿਸ਼ਟੀ ਨਾਲ ਵੇਖਦਾ ਹੈ ਤਾਂ ਉਸਦੇ ਅਵਗੁਣ ਹੀ ਅਵਗੁਣ ਨਜ਼ਰੀ ਪੈਂਦੇ ਹਨ। ਪਰ ਜੇ ਚੰਗੀ ਨਾਲ ਵੇਖਣਾ ਆਰੰਭ ਕਰੇ ਤਾਂ ਸ੍ਰੇਸ਼ਠ ਗੁਣ ਭੀ ਨਜ਼ਰੀ ਪੈਂਦੇ ਹਨ।

**54. 'ਹਉਮੈ ਏਹਾ ਜਾਤਿ ਹੈ' ਦਾ ਕੀ ਭਾਵ ਹੈ ?**

* ਇਥੇ ਜਾਤਿ ਦਾ ਭਾਵ ਹੈ ਸੁਭਾਅ, ਲੱਛਣ। ਹਉਮੈ ਦਾ ਲੱਛਣ (nature of ego) ਹੀ ਇਹੀ ਹੈ ਕਿ ਜੀਵ ਹਉਮੈ ਵਾਲੇ ਕੰਮ ਕਰਦੇ ਹਨ **(ਹਉਮੈ ਕਰਮ ਕਮਾਹਿ)**।

**55. ਹਉਮੈ ਕਿਥੋਂ ਪੈਦਾ ਹੁੰਦੀ ਹੈ (where from ego originates)?**

* '**ਹਉਮੈ ਕਿਥਹੁ ਉਪਜੈ**' ਦਾ ਜੁਆਬ ਇਸ ਤੋਂ ਅਗਲੇ ਹੀ ਫੁਰਮਾਨ ਵਿੱਚ ਹੈ ਕਿ ਹਉਮੈ ਵਾਹਿਗੁਰੂ ਦੇ ਹੁਕਮ ਵਿੱਚ ਹੀ, ਹੁਕਮ ਅਨੁਸਾਰ ਹੀ ਪੈਦਾ ਹੁੰਦੀ ਹੈ **(ਹਉਮੈ ਏਹੋ ਹੁਕਮੁ ਹੈ)**। ਪਿਛਲੇ ਕੀਤੇ ਪਾਪਾਂ ਅਨੁਸਾਰ ਹੀ ਮਨੁੱਖ ਹਉਮੈ ਵੱਸ ਦੁੱਖ-ਸੁੱਖ ਵਿੱਚ ਖੱਚਿਤ ਹੈ **(ਪਇਐ ਕਿਰਤਿ ਫਿਰਾਹਿ)**।

**56. ਹਉਮੈ ਨਸ਼ਟ ਕਿਵੇਂ ਹੁੰਦੀ ਹੈ ? "ਕਿਤੁ ਸੰਜਮਿ ਇਹ ਜਾਹਿ ॥"**

* ਅਸਲ ਵਿੱਚ **ਹਉਮੈ** ਇੱਕ ਵੱਡਾ ਰੋਗ (**ਦੀਰਘ ਰੋਗ** chronic disease) ਹੈ ਪਰ ਇਸ ਰੋਗ ਦਾ ਇਲਾਜ ਵੀ **(ਦਾਰੂ ਭੀ ਇਸੁ ਮਾਹਿ)** ਮੌਜੂਦ ਹੈ। ਜੇ ਸਤਿਗੁਰੂ ਦਾ ਸ਼ਬਦ ਕਮਾਇਆ (act upon the shabad) ਜਾਵੇ, ਸ਼ਬਦ ਅਨੁਸਾਰ ਜੀਵਨ ਢਾਲਿਆ ਜਾਵੇ। ਪਰ ਇਹ ਗੁਣ ਕਿਰਪਾ ਨਾਲ ਹੀ ਸੰਭਵ ਹੈ **(ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ)**। ਬਸ ਇਸੇ ਹੀ ਤਰੀਕੇ ਨਾਲ, ਇਸੇ ਹੀ ਸੰਜਮ ਨਾਲ ਹਉਮੈ ਖ਼ਤਮ ਕੀਤੀ ਜਾ ਸਕਦੀ ਹੈ।

**57. ਸੰਤੋਖੀ ਜੀਵਾਂ ਦੀ ਰਹਿਣੀ ਬਾਰੇ ਸੱਤਵੀਂ ਪਉੜੀ ਵਿੱਚ ਕੀ ਉਪਦੇਸ਼ ਹਨ?**

* ਜਿਹੜੇ ਸੰਤੋਖੀ ਜੀਵ ਸਤਿਗੁਰੂ ਦੀ ਸੱਚੀ ਸੇਵਾ ਕਰਦੇ ਹਨ,

1. ਉਹ ਪ੍ਰਭੂ ਦਾ ਨਾਮ ਨਿਤ ਨਿਤ ਧਿਆਉਂਦੇ ਹਨ **(ਸੱਚੋ ਸਚੁ ਧਿਆਇਆ ॥)**
2. ਕਦੇ ਵੀ ਮੰਦੇ ਪਾਸੇ, ਮਾੜੇ ਕੰਮ ਵੱਲ ਪੈਰ ਨਹੀਂ ਧਰਦੇ (do not travel on path of evil) **(ਓਨ੍ਹੀ ਮੰਦੈ ਪੈਰੁ ਨ ਰਖਿਓ...)**
3. ਭਲੇ ਕੰਮ ਕਰਦੇ (perform virtuous acts) ਹੋਏ ਧਰਮ ਦੀ ਕਮਾਈ ਕਰਦੇ ਹਨ **(ਕਰਿ ਸੁਕ੍ਰਿਤੁ ਧਰਮੁ ਕਮਾਇਆ ॥)**
4. ਸੰਸਾਰਕ ਤੇ ਪਦਾਰਥਕ ਮਾਇਆ ਦੇ ਬੰਧਨ ਤੋੜ ਦਿੰਦੇ ਹਨ (break entanglements) **(ਓਨ੍ਹੀ ਦੁਨੀਆ ਤੋੜੇ ਬੰਧਨਾ...)**
5. ਲੋੜ ਅਨੁਸਾਰ ਥੋੜ੍ਹਾ ਅੰਨ-ਪਾਣੀ (live on little food and water) ਛੱਕਦੇ



ਹਨ **(ਅੰਨੁ ਪਾਣੀ ਥੋੜਾ ਖਾਇਆ)**।

ਇੰਝ ਵੱਡੇ ਦੀਆਂ ਵਡਿਆਈਆਂ ਕਰਦੇ-ਕਰਦੇ ਉਹ ਬੇਅੰਤ ਬਖ਼ਸ਼ਿਸ਼ਾਂ ਪ੍ਰਾਪਤ ਕਰ ਲੈਂਦੇ ਹਨ ਤੇ ਇਹ ਦਾਤਾਂ ਨਿਤ-ਨਿਤ ਹੋਰ ਤੇ ਹੋਰ ਵੱਧਦੀਆਂ ਜਾਂਦੀਆਂ ਹਨ।

(੮)

**58. ਪ੍ਰਭੂ ਦੀ ਬਣਾਈ ਕੁਦਰਤ ਵਿੱਚ ਕੀ-ਕੀ ਹੈ ਤੇ ਕੀ ਇਸ ਦੀ ਗਿਣਤੀ ਸੰਭਵ ਹੈ?**

* ਪ੍ਰਭੂ ਦੀ ਬਣਾਈ ਕੁਦਰਤ ਵਿੱਚ ਕਿੰਨੇ ਹੀ

1. ਮਨੁੱਖ **(ਪੁਰਖਾਂ)**
2. ਰੁੱਖ **(ਬਿਰਖਾਂ)**
3. ਤੀਰਥ ਸਥਾਨ **(ਤੀਰਥਾਂ)**
4. ਦਰਿਆ / ਨਦੀਆਂ ਦੇ ਤੱਟ **(ਤੱਟਾਂ)**
5. ਬੱਦਲ **(ਮੇਘਾਂ)**
6. ਖੇਤ **(ਖੇਤਾਂ)**
7. ਦੀਪ **(ਦੀਪਾਂ)** (islands)
8. ਲੋਅ **(ਲੋਆਂ)**
9. ਮੰਡਲ **(ਮੰਡਲਾਂ)**
10. ਖੰਡ **(ਖੰਡਾਂ),** (continents)
11. ਬ੍ਰਹਿਮੰਡ **(ਵਰਭੰਡਾਹ)** (universe)
12. ਸ੍ਰਿਸ਼ਟੀ ਦੀ ਉਤਪਤੀ ਅੰਡਿਆਂ ਤੋਂ ਪੈਦਾ **(ਪੰਖੀ)** ਜੀਵ **(ਅੰਡਜ)** (eggs)
13. ਬਿੰਦ ਤੋਂ ਪੈਦਾ **(ਮਨੁੱਖ)** ਜੀਵ **(ਜੇਰਜ),** (wombs)
14. ਬਨਸਪਤਿ **(ਉਤਭੁਜਾਂ)**
15. ਪਸੀਨੇ ਤੋ ਪੈਦਾ **(ਜੂਆਂ)** ਜੀਵ **(ਸੇਤਜਾਂ)** (perspiration)
16. ਸਰੋਵਰ **(ਸਰਾਂ)**
17. ਮੇਰੂ ਪਰਬਤ **(ਮੇਰਾਂ)** ਆਦਿ ਹਨ।

ਐਨੀ ਵੱਡੀ ਗਿਣਤੀ-ਮਿਣਤੀ ਦਾ ਬਣਿਆ ਹੈ ਇਹ ਸੰਸਾਰ ਕਿ ਕੋਈ ਨਹੀਂ ਦੱਸ

ਸਕਦਾ। ਕੇਵਲ ਅਕਾਲ ਪੁਰਖ ਹੀ ਦਸ ਸਕਦਾ ਹੈ ਕਿ ਕੀਹ-ਕੀਹ ਉਸਨੇ ਪੈਦਾ ਕੀਤਾ ਹੋਇਆ ਹੈ (**ਸੋ ਮਿਤਿ ਜਾਣੈ ਨਾਨਕਾ...**)।

### 59 'ਕਿਆ ਟਿਕਾ ਕਿਆ ਤਗੁ' ਦਾ ਕੀ ਭਾਵ ਹੈ?

* ਇਸ ਦਾ ਭਾਵ ਹੈ ਕਿ **ਮਨ** ਵਿੱਚ ਸੱਚੇ ਪ੍ਰਭੂ ਦੇ ਨਾਮ ਨੂੰ ਵਸਾਉਣ ਤੋਂ ਬਿਨ੍ਹਾਂ (**ਨਾਨਕ ਸਚੇ ਨਾਮ ਬਿਨੁ**) ਕੀ ਹੈ ਟਿੱਕਾ ਲਗਾਉਣਾ ਤੇ ਕੀ ਹੈ ਜਨੇਊ (**ਤਗੁ**) ਪਾਉਣਾ? ਭਾਵ ਤਿਲਕ-ਜਨੇਊ ਜਾਂ ਕਿਸੇ ਵੀ ਧਾਰਮਿਕ ਪਹਿਰਾਵੇ ਰਾਹੀਂ ਰਸਮੀ ਪੂਜਾ ਨਾਲੋਂ ਪ੍ਰਭੂ ਦਾ ਸੱਚਾ ਸਿਮਰਨ ਕਰਨਾ ਹੀ ਧਰਮ ਦਾ ਅਸਲ ਰਸਤਾ ਹੈ।

### 60. 'ਤਿਸ ਜੋਹਾਰੀ ਸੁਅਸਤਿ ਤਿਸ' ਦਾ ਕੀ ਭਾਵ ਹੈ?

* 'ਜੋਹਾਰੀ' ਦਾ ਭਾਵ ਹੈ ਪ੍ਰਣਾਮ ਕਰਨਾ (salutation), ਸਦਕੇ ਜਾਣਾ ਅਤੇ 'ਸੁਅਸਤਿ' ਦਾ ਭਾਵ ਹੈ ਤੇਰੀ ਜੈ ਹੋਵੈ, ਤੂੰ ਸਦਾ ਅਟੱਲ ਰਹੇਂ। ਸਾਰੀ ਸ੍ਰਿਸ਼ਟੀ ਨੂੰ ਬਣਾਉਣ, ਪਾਲਣ ਤੇ ਸੰਭਾਲਣ ਵਾਲੇ ਕਰਤਾਰ ਨੂੰ ਮੇਰੀ ਨਮਸਕਾਰ ਹੈ, ਉਸਦੀ ਜੈ ਹੋਵੈ। ਉਸਦਾ ਦਰਬਾਰ ਨਾਸ਼-ਰਹਿਤ (Imperishable) ਹੈ, ਸਦਾ ਕਾਇਮ ਰਹਿੰਦਾ ਹੈ ਉਸਦਾ ਦਰਬਾਰ।

### 61. ਕੀ ਕੇਵਲ ਚੰਗੇ ਕੰਮ ਕਰਨ ਨਾਲ ਤੇ ਬਹੁਤ ਸਿਆਣੇ ਬਣਨ ਨਾਲ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ?

* ਨਹੀਂ ਜੀ, ਗੁਰਬਾਣੀ ਅਨੁਸਾਰ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਮਿਹਰ ਹੀ ਸੱਚਾ ਪਰਵਾਨਾ ਹੈ, ਰਾਹਦਾਰੀ ਹੈ, ਗੇਟ ਪਾਸ ਹੈ (**ਕਰਮੁ ਸਚਾ ਨੀਸਾਣੁ॥**)। ਬਾਕੀ ਹੋਰ ਸਭ ਸਿਆਣਪਾਂ ਮਿਥਿਆ ਹਨ, ਕਿਸੇ ਕੰਮ ਦੀ ਨਹੀਂ (**ਨਾਨਕ ਮਤੀ ਮਿਥਿਆ**) ਉਹ ਭਾਵੇਂ:-

1. ਲੱਖਾਂ ਹੀ ਨੇਕੀ ਦੇ ਕੰਮ, ਚੰਗੇ ਕੰਮ, ਪ੍ਰਵਾਨਤ ਪੁੰਨ ਦਾਨ (approved charities) ਹੋਣ (**ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥**)
2. ਤੀਰਥਾਂ ਤੇ ਤਪ, ਜੰਗਲਾਂ ਵਿਚ ਯੋਗ ਸਮਾਧੀਆਂ ਹੋਣ (**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥**)
3. ਰਣ-ਭੂਮੀ (battle-field) ਵਿੱਚ ਬਹਾਦੁਰੀ ਦੇ ਕਾਰਨਾਮੇ ਤੇ ਜਾਨ ਵਾਰਨੀ ਹੋਵੇ (**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥**)
4. ਲੱਖਾਂ ਢੰਗ ਨਾਲ ਸੁਰਤਿ ਟਿਕਾਈ ਜਾਵੇ, ਗਿਆਨ ਧਿਆਨ ਦੀ ਪ੍ਰਾਪਤੀ ਤੇ



ਪੁਰਾਣਾਂ ਦੇ ਪਾਠ ਪੜ੍ਹੇ ਜਾਣ

**(ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥)**

ਅਸਲ ਵਿੱਚ ਜਿਸ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਰਚੀ ਹੈ ਤੇ ਜੀਵਾਂ ਦਾ ਆਵਣ ਜਾਣਾ ਲਿਖਿਆ ਹੈ ਉਸਦੀ ਮਿਹਰ ਸਭ ਤੋਂ ਵੱਧ ਜ਼ਰੂਰੀ ਹੈ, ਬਾਕੀ ਸਭ ਕਿਰਿਆਵਾਂ ਕਰਮ-ਕਾਂਡ ਹੀ ਹਨ।

### 62. 'ਸਚ' ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

* ਸਤਿਗੁਰੂ ਜੀ ਦੇ ਮਿਲਣ ਨਾਲ ਜੀਵਾਂ ਨੂੰ ਸੱਚ ਦੀ, ਗਿਆਨ ਦੀ ਪ੍ਰਾਪਤੀ ਹੁੰਦੀ ਹੈ (**ਸਤਿਗੁਰਿ ਮਿਲਿਐ ਸਚੁ ਪਾਇਆ...**)। ਗੁਰੂ ਆਪ ਹੀ ਉਹਨਾਂ ਦੇ ਹਿਰਦੇ ਵਿੱਚ ਸੱਚ ਵਸਾ ਦਿੰਦਾ ਹੈ (**ਜਿਨ੍ ਕੈ ਹਿਰਦੈ ਸਚੁ ਵਸਾਇਆ**)।

(੯)

### 63. 'ਨਾਮ ਸਿਮਰਨ' ਨਾ ਕਰੀਏ ਪਰ ਪੜ੍ਹਾਈ ਬਹੁਤੀ ਤੋਂ ਬਹੁਤੀ ਕਰ ਲਈਏ, ਕੀ ਕੋਈ ਲਾਭ ਹੋਏਗਾ?

* ਨਹੀਂ ਜੀਓ। ਨਾਮ ਸਿਮਰਨ ਦੀ ਇੱਕ ਗੱਲ ਤਿਆਗ ਕੇ ਜੇ ਅਸੀਂ ਪੜ੍ਹਨ ਤੇ ਕੇਵਲ ਪੜ੍ਹਨ ਦੇ ਆਹਰੇ ਲੱਗੇ ਰਹਾਂਗੇ ਤਾਂ ਇਹ ਝੱਖ ਮਾਰਨ (senseless wastage) ਵਰਗੀ ਗੱਲ ਹੈ (**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥**)। ਕਈ ਬ੍ਰਾਹਮਣ ਤੇ ਅਖੌਤੀ ਧਰਮੀ ਲੋਕਾਂ ਨੇ ਸ਼ਾਸਤਰਾਂ ਤੇ ਧਾਰਮਿਕ ਗ੍ਰੰਥਾਂ ਦੇ ਘੋਟੇ ਲਾ ਰੱਖੇ ਹੁੰਦੇ ਸਨ ਪਰ ਨਾ ਉੱਚਾ-ਸੁੱਚਾ ਜੀਵਨ ਸੀ ਤੇ ਨਾ ਹੀ ਪ੍ਰਭੂ ਪਿਆਰ। ਸੋ ਪਾਤਸ਼ਾਹ ਨੇ ਕਿਹਾ ਕਿ ਅਜਿਹੀ ਪੜ੍ਹਾਈ-ਲਿਖਾਈ ਹੰਕਾਰ ਹੀ ਵਧਾਉਂਦੀ ਹੈ ਤੇ ਜੀਵਨ ਨੂੰ ਬਰਬਾਦ ਕਰ ਦੇਂਦੀ ਹੈ।

### 64. ਕੀ "ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥" ਦਾ ਭਾਵ ਇਹ ਹੈ ਕਿ ਬਹੁਤੀ ਪੜ੍ਹਾਈ ਨਾ ਕੀਤੀ ਜਾਵੇ?

* ਨਹੀਂ ਜੀ। ਇਸਦਾ ਭਾਵ ਹੈ ਕਿ ਪ੍ਰਭੂ ਪਿਆਰ ਨੂੰ ਵਿਸਾਰ ਕੇ ਕੇਵਲ ਹਉਮੈ ਵਸ ਕੀਤੀ ਪੜ੍ਹਾਈ ਵਿੱਚ ਟਿਕਾਅ ਨਹੀਂ ਆਂਦਾ ਸਗੋਂ ਤੌਖਲਿਆਂ (anxieties) ਵਿੱਚ ਹੀ ਵਾਧਾ ਹੁੰਦਾ ਹੈ। ਮਨ ਖੱਪਦਾ ਤੇ ਸੜਦਾ (tormented) ਹੈ ਤੇ ਵਿਦਵਤਾ ਦਾ ਅਹੰਕਾਰ ਹੋ ਜਾਂਦਾ ਹੈ। ਅਸਲ ਭਾਵ ਇਹ ਹੈ ਕਿ ਪੜ੍ਹਾਈ ਅਜਿਹੀ ਕੀਤੀ ਜਾਵੇ ਤੇ ਇੰਝ ਕੀਤੀ ਜਾਵੇ ਕਿ ਮਨੁੱਖ ਦੇ ਅੰਦਰ ਸਹਿਜ ਪੈਦਾ ਹੋਵੇ। ਨਹੀਂ ਤਾਂ ਜਿੰਨਾ ਪੜਿਆ ਓਨਾਂ ਹੀ ਵੱਧ

ਸੜਿਆ, ਕੜਿਆ ਤੇ ਖਪਿਆ ਵਾਲਾ ਹਿਸਾਬ ਹੋ ਜਾਂਦਾ ਹੈ ।

### 65. ਸੁੱਖ ਕਿਸਨੂੰ ਮਿਲਦਾ ਹੈ?

* ਸੁੱਖ ਉਹ ਪ੍ਰਾਪਤ ਕਰਦਾ ਹੈ ਜੋ ਸਤਿਗੁਰੂ ਨੂੰ ਮਿਲਦਾ ਹੈ, ਉਸਦੀ ਸੇਵਾ ਪਰਸਦਾ ਹੈ **(ਸਤਿਗੁਰੁ ਭੇਟੇ ਸੋ ਸੁਖੁ ਪਾਏ॥)** ਉਹ ਪ੍ਰਭੂ ਦਾ ਨਾਮ **ਮਨ** ਵਿੱਚ ਵਸਾ ਲੈਂਦਾ ਹੈ **(ਹਰਿ ਕਾ ਨਾਮ ਮੰਨਿ ਵਸਾਏ॥)**। ਪਰ ਸਤਿਗੁਰ ਮਿਲਦਾ ਹੈ ਨਦਰਿ ਨਾਲ, ਬਖਸ਼ਿਸ਼ ਨਾਲ **(ਨਾਨਕ ਨਦਰਿ ਕਰੇ ਸੋ ਪਾਏ ॥)**।

ਅਜਿਹਾ ਸੁੱਖੀ ਮਨੁੱਖ ਆਸ਼ਾਵਾਂ, ਚਿੰਤਾਵਾਂ, ਅੰਦੇਸੇ ਤੋਂ ਨਿਰਲੇਪ ਹੋ ਕਿ ਸ਼ਬਦ ਰਾਹੀਂ ਆਪਣੀ ਹਉਮੈਂ ਨੂੰ ਸਾੜ ਕੇ ਸੁਆਹ ਕਰ ਲੈਂਦਾ ਹੈ।

### 66. 'ਅਣਹੋਦਾ ਆਪ ਗਣਾਇਦੇ' ਦਾ ਕੀ ਭਾਵ ਹੈ?

* ਕਈ ਮਨੁੱਖ ਆਪਣੇ ਮੂਲ ਭਾਵ ਪ੍ਰਭੂ ਨੂੰ ਪਛਾਣਦੇ (real aim of life) ਹੀ ਨਹੀਂ ਪਰ ਐਵੇਂ ਹੀ ਆਪਣੇ ਆਪ ਨੂੰ ਵੱਡਾ ਸਮਝਦੇ ਤੇ ਸਦਵਾਂਦੇ ਰਹਿੰਦੇ ਹਨ। ਅੰਦਰੋਂ ਖਾਲੀ ਹਨ ਪਰ ਪ੍ਰਭਾਵ ਵੱਡਾ ਪਾਉਣ ਦੀ ਕੋਸ਼ਿਸ਼ ਕਰਦੇ ਹਨ **(ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ॥)**।

(੧●)

### 67. ਇਹ ਸੰਸਾਰ 'ਕੂੜ' ਹੈ ਜਾਂ 'ਸੱਚ'?

* ਅਸਥਿਰ ਹੋਣ ਕਰਕੇ ਇਹ ਸੰਸਾਰ ਕੂੜ ਹੈ, ਛੱਲ ਹੈ, ਭਰਮ ਹੈ ਪਰ ਇਸ ਵਿੱਚ ਪ੍ਰਭੂ ਦਾ ਨਾਮ ਸੱਚਾ ਹੈ, ਸੱਚ ਹੈ, ਸਥਿਰ ਹੈ। ਜੋ ਪ੍ਰਭੂ ਨਾਲ ਜੁੜਿਆ ਹੈ ਉਹ ਆਪ ਸੱਚਾ ਹੈ ਤੇ ਉਸ ਲਈ ਸਭ ਕੁਝ ਸੱਚ ਹੈ। ਨਹੀਂ ਤਾਂ ਸਭ ਕੂੜ ਹਨ:-

1. ਰਾਜਾ, ਪਰਜਾ, ਸਾਰਾ ਸੰਸਾਰ **(ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥)**
2. ਸ਼ਾਮਿਆਨੇ (tents), ਮਹੱਲ ਤੇ ਮਹਿਲਾਂ ਵਿੱਚ ਰਹਿਣ ਵਾਲੇ
**(ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥)**
3. ਸੋਨਾ, ਚਾਂਦੀ ਤੇ ਇਹ ਪਾਉਣ ਵਾਲੇ
**(ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥)**
4. ਇਹ ਸਰੀਰ, ਕੱਪੜੇ ਤੇ ਸੁੰਦਰ ਰੂਪ
**(ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥)**



5. ਪਤੀ-ਪਤਨੀ ਜੋ ਖਚਿਤ ਹੋ ਕੇ ਖੁਆਰ ਹੋ ਰਹੇ ਹਨ
**(ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥)**

ਇਸ ਸਭ ਛੱਲ ਵਿੱਚ ਫਸੇ ਜੀਵਾਂ ਦਾ ਛੱਲ ਨਾਲ ਹੀ ਮੋਹ ਪੈ ਗਿਆ ਹੈ ਤੇ ਕਰਤਾਰ ਵਿਸਰ ਗਿਆ ਹੈ **(ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥)**

### 68. ਜੇ ਸਭ ਕੁਝ ਕੂੜ ਹੈ, ਛੱਲ ਹੈ ਤਾਂ ਕਿਸ ਨਾਲ ਦੋਸਤੀ ਕਰੀਏ? (ਕਿਸੁ ਨਾਲਿ ਕੀਚੈ ਦੋਸਤੀ...)

* ਸਾਰਾ ਜਗਤ ਨਾਸ਼ਵੰਤ (temporary) ਹੈ **(ਸਭੁ ਜਗੁ ਚਲਣਹਾਰ॥)** ਇਸ ਲਈ ਜਗਤ ਨਾਲ ਦੋਸਤੀ ਦਾ ਕੋਈ ਲਾਭ ਨਹੀਂ। ਕੇਵਲ ਪ੍ਰਭੂ ਦਾ ਨਾਮ ਹੀ ਛੱਲ ਤੋਂ ਰਹਿਤ ਹੈ। **(ਤੁਧੁ ਬਾਝੁ ਕੂੜੋ ਕੂੜੁ॥)** ਪ੍ਰਭੂ ਨਾਲ ਹੀ ਦੋਸਤੀ ਕਰਨੀ ਚਾਹੀਦੀ ਹੈ।

### 69. ਸੱਚੇ ਪ੍ਰਭੂ, ਸਦਾ ਥਿਰ ਪ੍ਰਭੂ ਨੂੰ ਕਿਵੇਂ ਜਾਣਿਆ ਜਾਂ ਸਮਝਿਆ ਜਾ ਸਕਦਾ ਹੈ?

* ਸੱਚੇ ਪ੍ਰਭੂ ਨੂੰ ਤਾਂ ਹੀ ਜਾਣਿਆ ਜਾਂ ਸਮਝਿਆ ਜਾ ਸਕਦਾ ਹੈ:-

1. ਜੇਕਰ **ਮਨ** ਵਿੱਚ ਪ੍ਰਭੂ ਦਾ ਵਾਸਾ ਹੋਵੇ **(ਜਾ ਰਿਦੈ ਸਚਾ ਹੋਇ ॥)** ਇੰਝ **ਮਨ** ਤੋਂ ਕੂੜ ਦੀ ਮੈਲ ਉਤਰ (falsehood departs) ਜਾਂਦੀ ਹੈ ਤੇ ਸਰੀਰ ਵੀ ਸਾਫ਼ ਹੋ ਜਾਂਦਾ ਹੈ
**(ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥)**
2. ਜੇਕਰ ਸਚੇ ਪ੍ਰਭੂ ਨਾਲ ਪਿਆਰ ਬਣ ਜਾਏ **(ਜਾ ਸਚਿ ਧਰੇ ਪਿਆਰੁ ॥)** ਇੰਝ ਨਾਮ ਸੁਣ ਕਿ **ਮਨ** ਟਿਕ ਜਾਂਦਾ ਹੈ, ਖਿੜ (enraptured) ਜਾਂਦਾ ਹੈ ਅਤੇ ਕੂੜ ਤੋਂ ਮੁਕਤੀ ਦਾ ਦਰਵਾਜ਼ਾ ਮਿਲ ਪੈਂਦਾ ਹੈ **(ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ)**।
3. ਜੇਕਰ ਆਤਮਿਕ ਜੀਵਨ ਜੀਉਣ ਦੀ ਸਹੀ ਜੁਗਤੀ ਪਤਾ ਲਗ ਜਾਏ **(ਜਾ ਜੁਗਤਿ ਜਾਣੈ ਜੀਉ)**। ਇੰਝ ਸਰੀਰ ਰੂਪੀ ਧਰਤੀ ਵਿੱਚ ਪ੍ਰਭੂ ਦਾ ਨਾਮ ਰੂਪੀ ਬੀਜ, ਬੀਜ ਦੇਈਏ **(ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ)**।
4. ਜੇਕਰ ਮਨੁੱਖ ਗੁਰੂ ਤੋਂ ਸੱਚਾ ਉਪਦੇਸ਼ ਹਾਸਲ ਕਰੇ **(ਜਾ ਸਿਖ ਸਚੀ ਲੇਇ॥)** ਸਭ ਜੀਵਾਂ ਤੇ ਤਰਸ ਕਰੇ ਅਤੇ ਲੋੜਵੰਦਾਂ ਦੀ ਮੱਦਦ ਕਰੇ **(ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ)**।
5. ਜੇਕਰ ਮਨੁੱਖ ਆਪਣੇ ਅੰਦਰ ਵਸ ਰਹੇ ਪ੍ਰਭੂ ਉਤੇ ਝਾਤ ਮਾਰੇ ਤੇ ਟਿਕ ਜਾਏ **(ਆਤਮ ਤੀਰਥਿ ਕਰੇ ਨਿਵਾਸੁ)**। ਸਤਿਗੁਰੂ ਤੋਂ ਉਪਦੇਸ਼ ਲੈ ਕੇ ਉਥੇ ਹੀ ਟਿਕਿਆ ਰਹੇ **(ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ)**।

**70. ਜਿਹੜੇ ਸੱਚੇ ਪ੍ਰਭੂ ਨੂੰ ਜਾਣ ਲੈਂਦੇ ਹਨ ਫਿਰ ਉਨ੍ਹਾਂ ਦੀ ਅਵਸਥਾ ਕੈਸੀ ਹੰਦੀ ਹੈ?**

* ਜਿਹਨਾਂ ਦੇ ਪੱਲੇ ਸੱਚ ਹੁੰਦਾ ਹੈ **(ਜਿਨ ਸਚੁ ਪਲੈ ਹੋਇ ॥)** ਉਨ੍ਹਾਂ ਦੇ ਸਾਰੇ ਰੋਗਾਂ ਦੀ ਦਵਾਈ, ਰੋਗਾਂ ਦਾ ਇਲਾਜ ਸੱਚਾ ਪ੍ਰਭੂ ਆਪ ਹੀ ਬਣ ਜਾਂਦਾ ਹੈ **(ਸਚੁ ਸਭਨਾ ਹੋਇ ਦਾਰੂ...)** ਅਤੇ ਪ੍ਰਭੂ ਉਸਦੇ ਸਾਰੇ ਪਾਪ ਵਿਕਾਰ ਬਾਹਰ ਕੱਢ ਕੇ ਹਿਰਦਾ ਨਿਰਮਲ ਕਰ ਦਿੰਦਾ ਹੈ **(ਪਾਪ ਕਢੈ ਧੋਇ)**।

**71. 'ਤਲੀ ਖਾਕੁ' ਮੱਥੇ ਤੇ ਲਗਾਉਣ ਦਾ ਕੀ ਭਾਵ ਹੈ ?**

* 'ਤਲੀ ਖਾਕ' ਭਾਵ ਤਲੀਆਂ ਦੀ ਮਿੱਟੀ, ਚਰਨ ਧੂੜ (dust) ਮੱਥੇ ਤੇ ਲਗਾਉਣ ਦਾ ਭਾਵ ਹੈ ਕਿ ਨਿਮਰਤਾ ਧਾਰਨ ਕਰਨੀ ਅਰਥਾਤ ਮੈਂ ਸਤਿਸੰਗੀ ਗੁਰਮੁਖ ਜਨਾਂ ਦਾ ਸਤਿਕਾਰ ਕਰਦਾ ਹਾਂ, ਉਨ੍ਹਾਂ ਦੇ ਦਰਸ਼ਨ ਤੇ ਸੰਗਤ ਕਰਨ ਦੀ ਕੋਸ਼ਿਸ਼ ਕਰਦਾ ਹਾਂ।

**72. ਸਾਨੂੰ ਆਪਣੇ ਕੀਤੇ ਕਰਮਾਂ ਦੇ ਫਲ ਕਿਹੋ ਜਿਹੇ ਮਿਲਦੇ ਹਨ?**

* ਜਿਵੇਂ ਦੇ ਅਸੀਂ ਕੰਮ ਕਰਦੇ ਹਾਂ, ਤਿਵੇਂ ਦੇ ਫਲ ਸਾਨੂੰ ਮਿਲ ਜਾਂਦੇ ਹਨ (Award is in proportion to what one does) **(ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ ॥)**।

**73. ਮਨੁੱਖ ਆਪਣੀ ਕੀਤੀ ਹੋਈ ਘਾਲ ਕਮਾਈ, ਮਿਹਨਤ ਕਿਵੇਂ ਅਜਾਈਂ ਗੁਆ ਬੈਠਦਾ ਹੈ ?**

* ਹਉਮੈ ਕਾਰਨ ਮਨੁੱਖ ਦੀ ਮਤਿ ਘੱਟ ਵਿਕਸਿਤ ਹੁੰਦੀ ਹੈ। ਇਸ ਥੋੜੀ ਬੁੱਧੀ ਕਾਰਣ ਮਨੁੱਖ ਆਪਣੀ ਸੇਵਾ, ਮਿਹਨਤ ਗੁਆ ਬੈਠਦਾ ਹੈ **(ਮਤਿ ਥੋੜੀ ਸੇਵ ਗਵਾਈਐ ॥)**।

(੧੧)

**74. ਇਜ਼ਤ ਰੂਪ ਧਰਮ ਦਾ ਫਲ ਕਿਹਨਾਂ ਨੂੰ ਮਿਲਦਾ ਹੈ ?**

* ਇਜ਼ਤ ਜਾਂ ਪਤਿ ਰੂਪ ਧਰਮ ਦਾ ਫਲ ਉਨ੍ਹਾਂ ਨੂੰ ਮਿਲਦਾ ਹੈ ਜੋ ਆਪਣੇ ਅੰਦਰ ਪ੍ਰਭੂ ਨਾਮ ਦਾ ਬੀਜ ਬੀਜਦੇ ਹਨ **(ਬੀਉ ਬੀਜਿ ਪਤਿ ਲੈ ਗਏ...)**।

**75. ਪ੍ਰਭੂ ਨਾਮ ਦਾ ਬੀਜ ਕਦੋਂ ਫੱਲਦਾ ਹੈ?**

* ਇਹ ਬੀਜ ਤਾਂ ਹੀ ਫੱਲਦਾ ਹੈ ਜੇ **ਮਨ** ਸਾਬਤ (whole) ਅਰਥਾਤ ਇਕਸੁਰ ਹੋਵੇ **(ਜੇ ਇਕੁ ਹੋਇ ਤ ਉਗਵੈ...)** ਅਤੇ ਅੰਮ੍ਰਿਤ ਵੇਲੇ ਦੀ ਢੁੱਕਵੀਂ ਰੁਤਿ (favourable season) ਹੋਵੇ **(ਰੁਤੀ ਹੂ ਰੁਤਿ ਹੋਇ ॥)**।



**76. ਮਨ ਨੂੰ ਭਗਤੀ ਰੰਗ ਵਿੱਚ ਰੰਗਣ ਲਈ ਕਿਹੜੀਆਂ ਦੋ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ?**

* ਜਿਵੇਂ ਕਿਸੇ ਵੀ ਕੱਪੜੇ ਨੂੰ ਰੰਗਣ ਲਈ ਦੋ ਗੱਲਾਂ ਜਰੂਰੀ ਹਨ:-

1. ਕੱਪੜਿਆਂ ਨੂੰ ਕਾੜ੍ਹਨ ਲਈ ਭਾਂਡਾ (vat) ਭਾਵ ਖੁੰਬਿ ਅਤੇ
2. ਫੱਟਕੜੀ ਆਦਿ ਦੀ ਲਾਗ (base) **(ਪਾਹੁ)**

ਇਸੇ ਤਰ੍ਹਾਂ **ਮਨ** ਨੂੰ ਭਗਤੀ ਰੰਗ ਵਿਚ ਰੰਗਣ ਲਈ ਜ਼ਰੂਰੀ ਹਨ:-

1. ਪ੍ਰਭੂ ਦਾ ਡਰ ਰੂਪੀ ਭਾਂਡਾ (vat of fear) **(ਭੈ ਵਿਚਿ ਖੁੰਬਿ ਚੜਾਈਐ...)**
2. ਮਿਹਨਤ ਤੇ ਉਦਮ ਦੀ ਪਾਹ (base of modesty and hard work)

**(ਸਰਮੁ ਪਾਹੁ ਤਨਿ ਹੋਇ ॥)**

ਭਾਵ **ਮਨ** ਵਿੱਚ ਪ੍ਰਭੂ ਦਾ ਡਰ, ਅਦਬ, ਭੈ ਹੋਵੇ ਅਤੇ ਆਲਸ ਤਿਆਗ ਕੇ ਮਿਹਨਤ ਦੀ ਪਾਹ, ਸਰਮ ਦੀ ਪਾਹ ਲਗਾਈ ਜਾਵੇ।

ਜੇ ਇਸ ਤਰ੍ਹਾਂ **ਮਨ** ਭਗਤੀ ਦੇ ਰੰਗ ਵਿਚ ਰੰਗਿਆਂ **(ਰਪੈ)** ਜਾਏ ਤਾਂ ਫਿਰ ਉਸ ਮਨ ਉਤੇ ਕਦੇ ਵੀ ਕੂੜ ਦਾ, ਮਾਇਆ ਦਾ, ਵਿਕਾਰਾਂ ਦਾ ਕੋਈ ਅਸਰ ਤਾਂ ਕੀ ਕੋਈ ਖਬਰ ਵੀ ਨਹੀਂ ਪੈ ਸਕਦੀ **(ਕੂੜੈ ਸੋਇ ਨ ਕੋਇ ॥)**।

**77. ਸਾਡੇ ਅੰਦਰ ਵੀ ਇੱਕ ਸਰਕਾਰ ਕੰਮ ਕਰ ਰਹੀ ਹੈ। ਉਹ ਕਿਹੜੀ ਹੈ? ਰਾਜਾ, ਵਜ਼ੀਰ, ਚੌਧਰੀ, ਨਾਇਬ, ਪਰਜਾ ਕੌਣ-ਕੌਣ ਹਨ?**

* ਪਾਤਸ਼ਾਹ ਜੀ ਫੁਰਮਾਂਦੇ ਹਨ ਜੀਵਾਂ ਲਈ ਮਾਨੋ :

1. ਲੋਭ ਰਾਜਾ ਬਣ ਬੈਠਾ ਹੈ, ਪਾਪ ਕਰਮ ਉਸਦੇ ਵਜ਼ੀਰ (minister) ਤੇ ਝੂਠ ਚੌਧਰੀ ਬਣ ਬੈਠਾ ਹੈ। **(ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥)**
2. ਕਾਮ ਵਾਸ਼ਨਾਵਾਂ ਮਾਨੋ ਨਾਇਬ (assistant) ਹਨ ਜਿਹਨਾਂ ਨੂੰ ਝੂਠੇ ਦਰਬਾਰ ਵਿੱਚ ਸੱਦ ਕੇ ਸਲਾਹ ਪੁੱਛੀ ਜਾਂਦੀ ਹੈ, ਨਾਲ ਬੈਠ-ਬੈਠ ਕੇ ਕੁਰਾਹੇ ਕੰਮਾਂ ਦੇ ਵਿਚਾਰ ਕੀਤੇ ਜਾਂਦੇ ਹਨ। **(ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥)**
3. ਰਯਤਿ (subjects) ਭਾਵ ਪਰਜਾ (ਜਿਵੇਂ ਅੱਖਾਂ, ਕੰਨ, ਜੀਭ, ਇੰਦਰੇ ਆਦਿ) ਗਿਆਨ ਤੋਂ ਸੱਖਣੀ ਮਾਨੋ ਅੰਨੀ ਹੈ, ਮੁਰਦਾ ਹੈ ਤੇ ਮਾਨੋ ਤ੍ਰਿਸ਼ਨਾ ਦੀ ਅੱਗ ਨਾਲ ਭਰੀ ਹੋਈ ਹੈ।

**(ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥)**

**78. ਸਾਡੇ ਸੰਸਾਰਕ ਜੀਵਾਂ ਦੀ ਹਾਲਤ ਬੜੀ ਨਿੱਘਰ ਗਈ ਹੈ। ਪਾਤਸ਼ਾਹ ਇਸ ਦਾ ਬਿਆਨ ਕਰਦੇ ਕੀ ਕੀ ਦੱਸਦੇ ਹਨ?**

* 1. ਧਾਰਮਿਕ ਆਗੂ ਉਪਦੇਸ਼ ਕਰਨ ਦੀ ਥਾਂ ਵਾਜੇ ਵਜਾਂਦੇ ਹਨ, ਨੱਚਦੇ ਹਨ ਤੇ ਭਿੰਨ-ਭਿੰਨ ਰੂਪ ਦੇ ਸ਼ਿੰਗਾਰ ਕਰਦੇ ਹਨ।

**(ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥)**

2. ਇਹ ਉੱਚਾ ਕੂਕਦੇ ਹਨ, ਜੰਗਾਂ ਦੇ ਬੀਰ - ਰਸੀ ਪ੍ਰਸੰਗ (heroic stories) ਸੁਣਾਉਂਦੇ ਹਨ, ਸੂਰਬੀਰਾਂ ਦੇ ਵੀਚਾਰ ਪੇਸ਼ ਕਰਦੇ ਹਨ।

**(ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥)**

3. ਦੂਜੇ ਪਾਸੇ ਪੰਡਿਤ ਮੂਰਖ ਬਣ ਚੁੱਕੇ ਹਨ ਜੋ **ਹਿਕਮਤਾਂ** (ਚਲਾਕੀਆਂ) ਜਾਂ **ਹੁਜਤਾਂ** (ਦਲੀਲ਼ਾਂ) ਰਾਹੀਂ ਮਾਇਆ ਨਾਲ ਪ੍ਰੇਮ ਪਾਈ ਬੈਠੇ ਹਨ।

**(ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥)**

4. ਧਰਮ ਕਮਾਉਣ ਵਾਲੇ ਧਰਮੀ ਵੀ ਮੁਕਤੀ ਦੀ ਇੱਛਾ ਰੱਖ ਕੇ ਆਪਣਾ ਕੀਤਾ ਧਰਮ-ਕਰਮ ਗਵਾ ਰਹੇ ਹਨ।

**(ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥)**

5. ਕੁਝ ਅਖੌਤੀ ਜਤੀ, ਆਪ ਤਾਂ ਅਸਲ ਜੁਗਤ ਜਾਣਦੇ ਨਹੀਂ ਪਰ ਘਰ-ਬਾਰ ਛੱਡ ਬੈਠਦੇ ਹਨ। **(ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥)**

**79. ਕੋਈ ਕਿਨਾਂ ਧਰਮੀ ਹੈ? – ਇਹ ਅਸਲ ਵਿਚ ਕਿਵੇਂ ਪਤਾ ਲਗੇਗਾ ?**

* ਜੇ ਤੱਕੜੀ ਦੇ ਇਕ ਪਾਸੇ ਪ੍ਰਭੂ ਦਰਗਾਹ ਤੋਂ ਮਿਲੀ ਇੱਜ਼ਤ ਤੇ ਦੂਜੇ ਪਾਸੇ ਜੀਵ ਦੇ ਕਰਮਾਂ ਨੂੰ ਤੋਲਿਆ ਜਾਵੇ, ਤਾਂ ਹੀ ਪਤਾ ਲਗਦਾ ਹੈ ਕਿ ਉਹ ਕਿਨ੍ਹਾਂ ਧਰਮੀ ਹੈ **(ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ)**।

**80. 'ਵਦੀ ਸੁ ਵਜਗਿ' ਦਾ ਕੀ ਭਾਵ ਹੈ ?**

* 'ਵਦੀ' ਭਾਵ ਰੱਬ ਵੱਲੋਂ ਮਿੱਥੀ ਹੋਈ, 'ਸੁ'- ਉਹੀ ਗੱਲ ਅਤੇ 'ਵਜਗਿ' ਭਾਵ ਪਰਗਟ ਹੋਵੇਗੀ, ਹੋ ਕੇ ਰਹੇਗੀ। ਇੰਞ ਸਮੁੱਚਾ ਭਾਵ ਹੈ ਕਿ ਜੋ ਰੱਬ ਨੂੰ ਭਾਂਉਦਾ ਹੈ ਉਹ ਗੱਲ ਹੋ ਕਿ ਰਹੇਗੀ। ਉਹੋ ਕੁਝ ਵਾਪਰੇਗਾ ਜੋ ਰੱਬ ਨੂੰ ਮਨਜ਼ੂਰ ਹੋਵੇਗਾ। ਬਾਕੀ ਸਭ ਤਾਂ ਛਾਲਾਂ ਹੀ ਮਾਰਦੇ ਰਹਿ ਜਾਣਗੇ। **(ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥)**

**81. ਕੀ ਪ੍ਰਭੂ ਦਰਬਾਰ ਵਿੱਚ ਜਾਤਿ ਜਾਂ ਤਾਕਤ ਦਾ ਜ਼ੋਰ ਚਲ ਸਕਦਾ ਹੈ ?**



* ਨਹੀਂ ਜੀ। **"ਅਗੈ ਜਾਤਿ ਨ ਜੋਰੁ ਹੈ"** ਭਾਵ ਪ੍ਰਭੂ ਦਰਬਾਰ ਵਿੱਚ ਕਿਸੇ ਦੀ ਜਾਤ ਜਾਂ ਤਾਕਤ ਦਾ ਧੱਕਾ ਨਹੀਂ ਚੱਲ ਸਕਦਾ। ਉਥੇ ਤਾਂ ਕੀਤੇ ਕਰਮਾਂ ਅਨੁਸਾਰ ਹੀ ਪਤਿ, ਇਜ਼ਤ ਮਿਲੇਗੀ **(ਜਿਨ ਕੀ ਲੇਖੈ ਪਤਿ ਪਵੈ...)** ਪਰ ਅਜਿਹੇ ਕੋਈ-ਕੋਈ, ਵਿਰਲੇ ਹੀ ਹੁੰਦੇ ਹਨ **(ਚੰਗੇ ਸੇਈ ਕੇਇ)**।

**82. ਪ੍ਰਭੂ ਦੇ 'ਨੇੜੇ' ਜਾ 'ਦੂਰ' ਹੋਣਾ – ਕਿਸ ਦੇ ਵੱਸ ਹੈ ?**

* ਇਹ ਸਭ ਪ੍ਰਭੂ ਦੀ ਬਖਸ਼ਿਸ਼ ਤੇ ਖੇਡ ਹੈ। ਜਿਹਨਾਂ ਉਤੇ ਧੁਰ ਤੋਂ ਹੀ ਮਿਹਰ ਹੈ ਉਹ ਪ੍ਰਭੂ ਨੂੰ ਪਾ ਲੈਂਦੇਂ ਹਨ **(ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥)** ਅਸੀਂ ਜੰਤਾਂ ਦੇ ਵਸ ਕੁਝ ਵੀ ਨਹੀਂ **(ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ)**। ਕਈਆਂ ਨੂੰ ਉਹ ਮਿਹਰ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ ਤੇ ਕਈਆਂ ਨੂੰ ਆਪ ਹੀ ਕੁਰਾਹੇ ਪਾਈ ਰੱਖਦਾ ਹੈ **(ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ)**।

(੧੨)

**83. ਦੁੱਖ ਆਉਣਾ ਚੰਗੀ ਗੱਲ ਹੈ ਜਾਂ ਮਾੜੀ ?**

* ਦੁੱਖ ਸਾਨੂੰ ਪਰਮਾਤਮਾ ਦੇ ਨਾਲ ਜੋੜਦੇ ਹਨ, ਉਸਦੇ ਨੇੜੇ ਲੈ ਜਾਂਦੇ ਹਨ। ਗੁਰੂ ਜੀ ਦਾ ਫੁਰਮਾਨ ਹੈ ਕਿ ਜਦੋਂ ਸੁੱਖ ਆਉਂਦਾ ਹੈ ਮਨੁੱਖ ਪ੍ਰਭੂ ਨੂੰ ਭੁੱਲ ਜਾਂਦਾ ਹੈ ਤੇ ਇੰਞ ਇਹ ਸੁੱਖ ਹੀ ਰੋਗ ਬਣ ਜਾਂਦਾ ਹੈ **(ਸੁਖੁ ਰੋਗੁ ਭਇਆ...)**। ਪਰ ਐਸੇ ਸਮੇਂ ਤੇ ਜਦ ਦੁੱਖ ਆਂਦਾ ਹੈ ਤੇ ਉਹ ਚੰਗਾ ਹੈ, ਉਹ ਤਾਂ ਰੋਗ ਦੀ ਦਵਾਈ (remedy) ਵਾਂਗ ਕੰਮ ਕਰਦਾ ਹੈ **(ਦੁਖੁ ਦਾਰੂ)** ਤੇ ਮਨੁੱਖ ਨੂੰ ਦੁਬਾਰਾ ਪ੍ਰਭੂ ਦੇ ਨੇੜੇ ਲੈ ਕੇ ਆਉਂਦਾ ਹੈ।

ਪਰ ਕਮਾਲ ਦੀ ਗੱਲ, ਜਦ ਆਤਮਿਕ ਸੁੱਖ ਮਿਲ ਜਾਵੇ ਤਦ **(ਤਾਮਿ)** ਫਿਰ ਦੁੱਖ ਨਹੀਂ ਵਿਆਪਦਾ **(ਜਾ ਸੁਖੁ ਤਾਮਿ ਨ ਹੋਈ)**।

**84. ਜੋ ਮਨੁਖ 'ਹਉ' 'ਹਉ' ਕਰਦਾ ਹੈ, ਕੀ ਉਸਦਾ ਕੀਤਾ ਸਫਲ ਹੁੰਦਾ ਹੈ ?**

* ਨਹੀਂ ਜੀਓ। ਅਸਲ ਵਿੱਚ ਪ੍ਰਭੂ ਆਪ ਹੀ ਕਰਤਾ ਹੈ ਤੇ ਕਰਨਹਾਰ ਹੈ, ਮਨੁੱਖ ਇਹ ਭੇਤਾਂ ਨੂੰ ਨਹੀਂ ਸਮਝਦਾ **(ਤੂੰ ਕਰਤਾ ਕਰਣਾ ਮੈ ਨਾਹੀ...)**। ਹਉਮੈ ਵਸ ਮਨੁੱਖ ਜਦੋਂ ਕੁਝ ਕਹਿਣ ਦਾ ਜਤਨ ਕਰਦਾ ਵੀ ਹੈ ਤਾਂ ਇਸ ਜਤਨ ਨਾਲ ਕੁਝ ਨਹੀਂ ਹੁੰਦਾ **(ਜਾ ਹਉ ਕਰੀ ਨ ਹੋਈ)**।

**85. ਕਿਸੇ ਸੁਹਾਵਣੇ ਦ੍ਰਿਸ਼, ਖੁਲ੍ਹੇ ਮੈਦਾਨ ਤੇ ਪਰਬਤਾਂ, ਬਨਸਪਤਿ ਜਾਂ ਕੁਦਰਤ ਨੂੰ ਵੇਖ ਕੇ ਰੰਗ ਰਤੇ ਜੀਵ ਦੇ ਮਨ ਵਿੱਚ ਕੀ ਗੁਰ ਫੁਰਮਾਨ ਫੁਰਦੇ ਹਨ ?**

* **ਬਲਿਹਾਰੀ ਕੁਦਰਤਿ ਵਸਿਆ** – ਭਾਵ ਹੇ ਕੁਦਰਤ ਵਿੱਚ ਵਸ ਰਹੇ ਪ੍ਰਭੂ! ਮੈਂ ਤੈਥੋਂ ਵਾਰਨੇ ਜਾਂਦਾ ਹਾਂ, ਬਲਿਹਾਰੇ ਜਾਂਦਾ ਹਾਂ, ਤੂੰ ਕਮਾਲ! ਕਮਾਲ!! ਕਮਾਲ!!! ਹੈਂ । ਤੇਰਾ ਅੰਤ ਨਹੀਂ ਦਸਿਆ ਜਾ ਸਕਦਾ (**ਤੇਰਾ ਅੰਤੁ ਨ ਜਾਈ ਲਖਿਆ॥**)।

**86. ਪ੍ਰਭੂ ਤੇ ਸ੍ਰਿਸ਼ਟੀ ਦਾ ਆਪਸੀ ਸਬੰਧ ਕੀ ਹੈ?**

* ਪ੍ਰਭੂ ਨੇ ਇਹ ਸ੍ਰਿਸ਼ਟੀ ਸਾਜੀ ਤੇ ਫਿਰ ਆਪ ਹੀ ਇਸ ਦੇ ਕਣ-ਕਣ ਵਿੱਚ ਸਮਾਅ ਗਿਆ। ਸਾਰੀ ਜਾਤਿ ਭਾਵ ਸਾਰੀ ਸ੍ਰਿਸ਼ਟੀ ਵਿੱਚ ਉਸੇ ਦੀ ਹੀ ਜੋਤਿ ਹੈ (**ਜਾਤਿ ਮਹਿ ਜੋਤਿ...**) ਤੇ ਸਾਰੀਆਂ ਜੋਤਾਂ ਭਾਵ ਹਰ ਜੋਤ ਵਿੱਚ ਪ੍ਰਭੂ ਹੀ ਵੇਖਿਆ ਤੇ ਜਾਣਿਆ ਜਾਂਦਾ ਹੈ (**ਜੋਤਿ ਮਹਿ ਜਾਤਾ...**)। ਉਹ ਅਕਲ ਕਲਾ ਭਾਵ ਅਖੰਡ ਰੂਪ ਵਿੱਚ, ਇਕ ਰਸ ਸਪੂੰਰਨ ਸਭਨੀਂ ਥਾਈ ਵਿਆਪਕ ਹੈ (**ਅਕਲ ਕਲਾ ਭਰਪੂਰ ਰਹਿਆ॥**)।

**87. ਕੀ ਪ੍ਰਭੂ ਦੇ ਹੁਕਮ ਵਿੱਚ ਕੋਈ ਦਖ਼ਲ ਅੰਦਾਜ਼ੀ ਕਰ ਸਕਦਾ ਹੈ ?**

* ਬਿਲਕੁਲ ਨਹੀਂ, ਜੋ ਕੁਝ ਪ੍ਰਭੂ ਨੇ ਕਰਨਾ ਹੁੰਦਾ ਹੈ ਉਹ ਕਰਦਾ ਹੀ ਕਰਦਾ ਹੈ (**ਜੋ ਕਿਛੁ ਕਰਣਾ ਸੁ ਕਰਿ ਰਹਿਆ ॥**) ਕਿਸੇ ਦਾ ਜ਼ੋਰ, ਦਖ਼ਲ ਨਹੀਂ ਚੱਲ ਸਕਦਾ।

**88. ਸਰਬਤ ਸੰਸਾਰ ਲਈ ਕਿਹੜਾ ਇਕੋ ਇਕ ਧਰਮ ਹੈ ?**

* ਸਮੁੱਚੀ ਲੁਕਾਈ ਲਈ, ਸਾਰੀ ਮਾਨਵਤਾ ਦਾ ਇਕੋ ਇਕ ਧਰਮ ਹੈ '**ਨਾਮ ਜਪਣਾ**' (**ਸਰਬ ਸਬਦੰ ਏਕ ਸਬਦੰ...**)। ਜੋ ਇਸ ਦਾ ਭੇਤ ਬੁਝ ਲਏ (**ਜੇ ਕੋ ਜਾਣੈ ਭੇਉ॥**), ਗੁਰਦੇਵ ਫੁਰਮਾਂਉਦੇ ਹਨ ਕਿ ਮੈਂ ਤਾਂ ਉਸਦਾ ਦਾਸ ਹਾਂ ਤੇ ਉਹ ਮਨੁੱਖ ਮਾਨੋ ਪ੍ਰਭੂ ਦਾ ਹੀ ਰੂਪ ਹੈ।

ਪਰ ਬ੍ਰਾਹਮਣੀ ਮਤ ਅਨੁਸਾਰ:-

ਜੋਗੀਆ ਦਾ ਧਰਮ ਹੈ ਗਿਆਨ (**ਜੋਗ ਸਬਦੰ ਗਿਆਨ ਸਬਦੰ**)

ਬ੍ਰਾਹਮਣਾਂ ਦਾ ਧਰਮ ਹੈ ਵੇਦਾਂ ਦਾ ਪਾਠ (**ਬੇਦ ਸਬਦੰ ਬ੍ਰਾਹਮਣਹ ॥**)

ਖਤਰੀਆਂ ਦਾ ਧਰਮ ਹੈ ਸੂਰਬੀਰਤਾ (**ਖਤ੍ਰੀ ਸਬਦੰ ਸੂਰ ਸਬਦੰ**)

ਸ਼ੂਦਰਾਂ ਦਾ ਧਰਮ ਹੈ ਸੇਵਾ ਕਰਨਾ (**ਸੂਦ੍ਰ ਸਬਦੰ ਪਰਾ ਕ੍ਰਿਤਹ ॥**)

ਗੁਰੂ ਜੀ ਨੇ ਇਸ ਵਿਚਾਰ ਦਾ ਖੰਡਨ ਕੀਤਾ ਅਤੇ ਅਜਿਹੇ ਮਨੁੱਖ ਦਾ ਸੰਕਲਪ ਦਿੱਤਾ ਜੋ ਆਪ ਗਿਆਨ ਵੀ ਹਾਸਲ ਕਰੇ, ਪਾਠ ਵੀ ਕਰੇ, ਸੂਰਬੀਰ ਵੀ ਹੋਵੇ ਤੇ ਨਾਲ ਹੀ ਲੋਕ ਸੇਵਾ ਵੀ ਕਰੇ।



**89. ਜੀਵਨ ਵਿੱਚ ਗਿਆਨ ਦੀ ਕੀ ਮਹੱਤਤਾ ਹੈ ?**

* ਸਾਡਾ **ਮਨ** ਗੁਰੂ ਦੇ ਗਿਆਨ ਰਾਹੀਂ ਹੀ ਟਿਕ ਸਕਦਾ ਹੈ। ਅਡੋਲ ਹੋ ਸਕਦਾ ਹੈ ਅਤੇ ਇਹ ਗਿਆਨ ਗੁਰੂ ਤੋਂ ਬਿਨਾ ਨਹੀਂ ਮਿਲ ਸਕਦਾ। ਜਿਵੇਂ ਪਾਣੀ ਘੜੇ (earthen vessel) ਵਿੱਚ ਟਿਕਿਆ ਰਹਿੰਦਾ ਹੈ (**ਕੁੰਭੇ ਬਧਾ ਜਲੁ ਰਹੈ**) ਠੀਕ ਇਸੇ ਤਰ੍ਹਾਂ ਮਨ ਗਿਆਨ ਦੇ ਕਾਰਣ ਹੀ ਬਝਾ ਤੇ ਟਿਕਿਆ ਰਹਿੰਦਾ ਹੈ। ਪਾਣੀ ਤੋਂ ਬਿਨਾਂ ਘੜਾ ਬਣਾਇਆ ਹੀ ਨਹੀਂ ਜਾ ਸਕਦਾ (**ਜਲ ਬਿਨੁ ਕੁੰਭੁ ਨ ਹੋਇ॥**) ਅਤੇ ਗੁਰੂ ਤੋਂ ਬਿਨਾਂ ਗਿਆਨ ਪਰਾਪਤ ਹੀ ਨਹੀਂ ਹੋ ਸਕਦਾ (**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥**)।

**90. ਕੀ ਪੜਾਈ ਲਿਖਾਈ ਕਰਣ ਨਾਲ ਗੁਨਾਹ ਮਾਫ ਹੋ ਜਾਂਦੇ ਹਨ ?**

* ਨਹੀਂ ਜੀਓ। ਜੇ ਕੋਈ ਪੜਿਆ ਲਿਖਿਆ ਮਨੁੱਖ ਵੀ ਕੁਕਰਮ ਕਰਦਾ ਹੈ ਤਾਂ ਉਸਨੂੰ ਵੀ ਉਸਦੇ ਕੀਤੇ ਮਾੜੇ ਕਰਮਾਂ ਦੀ ਸਜ਼ਾ ਮਿਲੇਗੀ ਹੀ ਮਿਲੇਗੀ। ਉਸ ਦੀ ਥਾਂ ਤੇ ਕਿਸੇ ਹੋਰ ਅਨਪੜ (**ਓਮੀ**) ਜਾਂ ਭਲੇ ਮਨੁੱਖ (**ਸਾਧ**) ਨੂੰ ਮਾਰ ਨਹੀਂ ਪੈ ਸਕਦੀ ।

ਅਸਲ ਵਿੱਚ ਮਨੁੱਖ ਆਪ ਜਿਹੋ-ਜਿਹੇ ਕਰਮ ਕਰਦਾ ਹੈ ਓਹੋ ਜਿਹਾ ਹੀ ਉਸਦਾ ਨਾਮ ਪ੍ਰਚਲਿਤ ਹੋ ਜਾਂਦਾ ਹੈ (**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥**)।

**91. ਕਿਹੜੇ ਕੰਮ ਸਾਨੂੰ ਨਹੀਂ ਕਰਨੇ ਚਾਹੀਦੇ ?**

ਕਿਸੇ ਵੀ ਅਜਿਹੇ ਕੰਮ ਦੀ ਖੇਡ ਨਹੀਂ ਖੇਡਣੀ (do not play such game) ਚਾਹੀਦੀ ਜਿਸ ਨਾਲ ਪ੍ਰਭੂ ਦਰਗਾਹ ਵਿੱਚ ਅਸੀਂ ਆਪਣੇ ਜੀਵਨ ਦੀ ਬਾਜ਼ੀ ਹਾਰ ਜਾਈਏ (**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥**)।

**92. ਦਰਗਾਹ ਵਿੱਚ ਸਜ਼ਾ ਕਿਸਨੂੰ ਮਿਲਦੀ ਹੈ ?**

* ਦਰਗਾਹ ਵਿੱਚ ਸਜ਼ਾ ਉਸਨੂੰ ਮਿਲਦੀ ਹੈ ਜੋ ਗੁਰੂ ਦੀ ਮਤਿ ਤਿਆਗ ਕੇ ਆਪਣੇ ਮਨ ਦੇ ਪਿਛੇ ਲਗ (head strong) ਕੇ ਅਰਥਾਤ ਮਨਮੁੱਖ ਹੋ ਕੇ ਕਰਮ ਕਰਦਾ ਹੈ (**ਮੁਹਿ ਚਲੈ ਸੁ ਅਗੈ ਮਾਰੀਐ॥**)।

(੧੩)

**93. ਕਿਸ ਸੁਭਾਉ ਨਾਲ ਪਛਾਣ ਕੀਤੀ ਜਾ ਸਕਦੀ ਹੈ ਕਿ ਮਨੁੱਖ ਸਤਜੁਗ, ਤ੍ਰੇਤਾ, ਦੁਆਪਰਿ ਜਾਂ ਕਲਜੁਗਿ ਵਿੱਚ ਵਿਚਰ ਰਿਹਾ ਹੈ ?**

* ਗੁਰੂ ਜੀ ਨੇ ਪ੍ਰਚਲਿਤ ਕਾਲ ਵੰਡ ਨੂੰ ਰੱਦ (reject) ਕਰਕੇ ਗੁਰਮਤਿ ਇਉਂ ਦ੍ਰਿੜ੍ਹ ਕਰਵਾਈ ਹੈ ਕਿ ਮਨੁੱਖ ਸਦਾ ਹੀ ਕਿਸੇ ਸੁਭਾਉ ਰੂਪੀ ਰੱਥ ਤੇ ਸਵਾਰ ਹੁੰਦਾ ਹੈ ਤੇ ਕੋਈ ਨਾ ਕੋਈ ਪ੍ਰੇਰਣਾ ਕਰਨ ਵਾਲਾ ਭਾਵ ਇਸਦਾ ਰਥਵਾਨ ਹੁੰਦਾ ਹੈ ਜੋ ਇਸ ਸੁਭਾਉ ਨੂੰ ਚਲਾਉਂਦਾ ਹੈ। ਇੰਝ ਜੇਕਰ ਰਥਵਾਨ ਧਰਮ ਹੈ ਭਾਵ ਜੀਵਨ ਚਲਾਉਣ ਵਾਲਾ ਪ੍ਰੇਰਕ ਧਰਮ ਹੈ, ਧਰਮ ਦਾ ਪ੍ਰਭਾਵ ਹੈ ਤਾਂ ਤੇ ਰਥ ਸੰਤੋਖ ਦਾ ਹੋਵੇਗਾ। ਧਰਮ ਵਿਚੋਂ ਹੀ ਸੰਤੋਖ ਪੈਦਾ ਹੁੰਦਾ ਹੈ। ਅਜਿਹਾ ਮਨੁੱਖ ਸਤਿਯੁਗ ਵਿੱਚ ਵਿਚਰਦਾ ਜਾਣੋ।

ਜੇਕਰ ਰਥਵਾਨ ਸੂਰਬੀਰਤਾ ਹੈ ਭਾਵ ਜੀਵਨ ਜੋਰ ਅਤੇ ਬਲ ਨਾਲ ਓਤਪੋਤ ਹੈ ਤਾਂ ਹੀ ਉਹਦਾ ਰਥ 'ਜਤ' ਦਾ ਹੋਵੇਗਾ। ਮਨੁੱਖ ਜਤੀ ਤਾਂ ਹੀ ਬਣਦਾ ਹੈ ਜਦੋਂ ਸੂਰਬੀਰਤਾ ਨਾਲ ਉਹ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ। ਅਜਿਹਾ ਜੀਵ ਤੇਤ੍ਰਾ ਜੁਗੀ ਮਾਨੋ।

ਜੇਕਰ ਰਥਵਾਨ ਸਤ ਹੈ ਭਾਵ ਉੱਚਾ ਸੁੱਚਾ ਜੀਵਨ ਹੈ ਤਾਂ ਰਥ ਤਪ ਦਾ ਹੋਵੇਗਾ। ਕੇਵਲ ਉਚਾ ਸੁੱਚਾ ਜੀਵਨ ਹੀ ਮਨੁੱਖ ਨੂੰ ਸੱਚਾ ਤਪੀ ਬਣਾ ਸਕਦਾ ਹੈ। ਅਜਿਹਾ ਤਪੀ ਦੁਆਪਰ ਯੁਗ ਦਾ ਵਾਸੀ ਜਾਣੋ।

ਪਰ ਜੇਕਰ ਰਥਵਾਨ ਹੀ ਕੂੜ ਹੈ ਭਾਵ ਠੱਗੀ, ਝੂਠ, ਫਰੇਬ ਹੈ ਤਾਂ ਰਥ ਅੱਗ ਦਾ ਹੋਵੇਗਾ। ਕਿਹੜੀ ਅੱਗ? ਤ੍ਰਿਸ਼ਨਾ ਦੀ ਅੱਗ। ਜੇਕਰ ਚਾਲਕ ਕੂੜ ਹੈ ਤਾਂ ਵਾਹਨ ਅੱਗ ਦਾ ਹੀ ਹੈ। ਅਜਿਹਾ ਤ੍ਰਿਸ਼ਨਾਲੂ ਜੀਵਨ ਕੂੜਿਆਰ ਹੀ ਹੈ, ਕਲਿਯੁਗੀ ਹੀ ਹੈ।

| **ਰਥਵਾਨ** | **ਰਥ** | **ਯੁਗ** |
|---|---|---|
| ਧਰਮ | ਸੰਤੋਖ | ਸਤਿਯੁਗ |
| ਸੂਰਬੀਰਤਾ | ਜਤ | ਤ੍ਰੇਤਾ |
| ਉੱਚਾ ਸੁੱਚਾ ਜੀਵਨ | ਤਪ | ਦੁਆਪਰ |
| ਕੂੜ | ਅੱਗ, ਤ੍ਰਿਸ਼ਨਾ | ਕਲਿਯੁਗ |

**94. ਮੁਕਤੀ ਪ੍ਰਾਪਤ ਕਰਨ ਦੇ ਦੋ ਢੰਗ ਕਿਹੜੇ-ਕਿਹੜੇ ਹਨ ?**

* ਮੁਕਤੀ ਪ੍ਰਾਪਤ ਕਰਨ ਦੇ ਦੋ ਢੰਗ ਹਨ :

1. **ਨਾਇ ਲਇਐ ਪਰਾਛਤ ਜਾਹਿ ॥** (sins vanish by uttering)
2. **ਭਾਉ ਭਗਤਿ ਕਰਿ ਨੀਚੁ ਸਦਾਏ ॥** (call yourself lowly and shed away ego).

ਪਹਿਲਾ ਢੰਗ ਹੈ ਕਿ ਪ੍ਰਭੂ ਦਾ ਨਾਮ ਜੱਪਣ ਨਾਲ ਸਾਰੇ ਪਾਪ (**ਪਰਾਛਤ**) ਦੂਰ ਹੋ



ਜਾਂਦੇ ਹਨ ਤੇ ਮੁਕਤੀ ਮਿਲ ਜਾਂਦੀ ਹੈ।

ਦੂਜਾ ਢੰਗ ਹੈ ਕਿ ਪ੍ਰੇਮ ਸਹਿਤ ਪ੍ਰਭੂ ਭਗਤੀ ਕਰੀਏ ਪਰ ਆਪਣੇ ਆਪ ਨੂੰ ਨੀਵਾਂ ਅਖਵਾਈਏ ਭਾਵ ਅਹੰਕਾਰ ਨ ਹੋਵੇ, ਤਾਂ ਹੀ ਮੁਕਤੀ ਮਿਲ ਸਕਦੀ ਹੈ।

ਇੰਝ ਗੁਰੂ ਜੀ ਨੇ ਚਾਰ ਜੁਗਾਂ, ਚਾਰ ਵੇਦਾਂ, ਵੱਖ-ਵੱਖ ਅਵਤਾਰਾਂ ਤੇ ਪ੍ਰਭੂ ਮਿਲਣ ਦੇ ਵੱਖ-ਵੱਖ ਸਾਧਨਾਂ ਦਾ ਖੰਡਨ ਕਰ ਦਿੱਤਾ ਤੇ ਪ੍ਰੇਮ ਭਗਤੀ ਤੇ ਨਿਮਰਤਾ ਦਾ ਰਾਹ ਲੁਕਾਈ ਨੂੰ ਪ੍ਰਗਟ ਕੀਤਾ।

**95. ਚਾਰ ਵੇਦਾਂ ਸੰਬੰਧੀ ਪ੍ਰਚਲਿਤ ਵਿਚਾਰ ਕੀ ਸਨ ?**

* ਪ੍ਰਚਲਿਤ ਵਿਚਾਰ ਅਨੁਸਾਰ ਚਾਰ ਵੇਦ (ਸਾਮ, ਰਿਗ, ਜੁਜ, ਅਥਰਬਣ) ਸੱਚੇ ਸਨ (**ਚਾਰੇ ਵੇਦ ਹੋਏ ਸਚਿਆਰ**) ਅਤੇ ਇਹ ਵੀ ਮੰਨਿਆ ਜਾਂਦਾ ਸੀ ਕਿ ਜੋ ਇਹ ਪੜ੍ਹਦੇ ਤੇ ਗੁਣਦੇ ਹਨ, ਵਿਚਾਰਦੇ ਹਨ ਉਨ੍ਹਾਂ ਦੇ ਆਪਣੇ ਵਿਚਾਰ ਵੀ ਸੁੰਦਰ ਹੋ ਜਾਂਦੇ ਹਨ – ਉਹ ਵੀ ਗੁਣੀ ਬਣ ਜਾਂਦੇ ਹਨ (**ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥**)। ਪਰ ਗੁਰੂ ਜੀ ਨੇ ਨਾਲ ਹੀ ਸ਼ਪੱਸ਼ਟ ਕਰ ਦਿੱਤਾ ਕਿ ਪ੍ਰੇਮ ਨਾਲ ਭਗਤੀ ਕਰਨ (**ਭਾਉ ਭਗਤਿ ਕਰਿ**) ਅਤੇ ਨੀਚ ਸਦਵਾਉਣ ਨਾਲ ਹੀ ਅਸਲ ਮੁਕਤੀ ਸੰਭਵ ਹੈ (**ਨੀਚੁ ਸਦਾਏ॥ ਤਉ ਨਾਨਕ ਮੋਖੰਤਰ ਪਾਏ**)।

**96. ਗੁਰੂ ਦੀ ਮਹਿਮਾ ਸੰਬੰਧੀ ਆਸਾ ਕੀ ਵਾਰ ਦੀ ਇਸ ਪਉੜੀ ਵਿਚ ਕੀ ਉਪਦੇਸ਼ ਹਨ ?**

* ਇਸ ਸੰਬੰਧੀ ਗੁਰੂ ਜੀ ਫੁਰਮਾਂਦੇ ਹਨ ਕਿ ਮੈਂ ਸਤਿਗੁਰੂ ਤੋਂ ਵਾਰਨੇ ਜਾਂਦਾ ਹਾਂ ਜਿਸ ਨੂੰ ਮਿਲਣ ਕਰਕੇ ਮੈਂ ਵਾਹਿਗੁਰੂ ਦੀ ਯਾਦ ਵਿੱਚ ਜੁੜਦਾ ਹਾਂ (**ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ**)।

ਸਤਿਗੁਰੂ ਵੱਲੋਂ ਦਿੱਤੇ ਉਪਦੇਸ਼ ਰਾਹੀਂ ਹੀ ਅੱਖਾਂ ਵਿੱਚ ਗਿਆਨ ਦਾ ਸੁਰਮਾ ਪਾਇਆ ਅਤੇ ਮੈਂ ਸੰਸਾਰ ਦੀ ਅਸਲੀਅਤ ਵੇਖਣ-ਸਮਝਣ ਦੇ ਸਮਰੱਥ ਹੋਇਆ ਹਾਂ।

**97. ਖਸਮ ਪ੍ਰਭੂ ਨੂੰ ਛੱਡਣ ਵਾਲੇ ਦਾ ਕੀ ਹਾਲ ਹੁੰਦਾ ਹੈ ?**

* ਖਸਮ ਨੂੰ ਵਿਸਾਰਨ ਵਾਲੇ ਜੀਵ ਰੂਪੀ ਵਾਪਾਰੀ ਸੰਸਾਰ ਸਾਗਰ ਵਿੱਚ ਡੁੱਬ ਜਾਂਦੇ ਹਨ (**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥**) ਪਰ ਕਿਸੇ ਵਿਰਲੇ ਨੂੰ ਹੀ ਸਮਝ ਆਈ, ਉਸਨੇ ਵਿਚਾਰ ਕੀਤੀ ਕਿ ਸਤਿਗੁਰੂ ਤਾਂ ਅਸਲ ਜਹਾਜ਼ ਰੂਪ ਹੈ (**ਸਤਿਗੁਰੂ ਹੈ**

**ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥**) ਜੋ ਸੰਸਾਰ ਸਾਗਰ ਤੋਂ ਸਾਨੂੰ ਪਾਰ ਕੱਢ ਸਕਦਾ ਹੈ (**ਕਰਿ ਕਿਰਪਾ ਪਾਰਿ ਉਤਾਰਿਆ**)।

(੧੪)

**98. 'ਆਸਾ ਕੀ ਵਾਰ' ਵਿੱਚ ਸਿੰਮਲ ਰੁੱਖ ਤੋਂ ਕੀ ਪ੍ਰੇਰਣਾ ਲੈਣ ਦਾ ਉਪਦੇਸ਼ ਹੈ?**

* ਗੁਰੂ ਜੀ ਨੇ ਸਿੰਮਲ ਰੁੱਖ ਤੋਂ ਪ੍ਰੇਰਣਾ ਲੈ ਕਿ ਅਹੰਕਾਰ ਤੇ ਆਕੜਪਨ ਤਿਆਗਣ ਅਤੇ ਨਿਮਰਤਾ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ। ਸਿੰਮਲ ਦਾ ਰੁੱਖ ਸਿੱਧਾ, ਲੰਮਾ (**ਸਰਾਇਰਾ**), ਵੱਡਾ (**ਦੀਰਘ**) ਤੇ ਮੋਟਾ (**ਮੁਚੁ**) ਹੁੰਦਾ ਹੈ। ਪਰ ਜੋ ਵੀ ਪੰਛੀ ਉਥੇ ਆਂਦੇ ਹਨ ਉਨ੍ਹਾਂ ਨੂੰ ਫਿੱਕੇ ਫਲ (insipid fruit), ਬੇਸੁਆਦੇ ਫੁਲ (tasteless flowers) ਅਤੇ ਬੇਕਾਰ ਪੱਤੇ (**ਕੰਮਿ ਨ ਆਵਹਿ ਪਤ**) ਹੀ ਮਿਲਦੇ ਹਨ ਇੰਝ ਉਹ ਪੰਛੀ ਨਿਰਾਸ਼ ਹੀ ਪਰਤ ਜਾਂਦੇ ਹਨ (**ਜਾਹਿ ਨਿਰਾਸੇ ਕਿਤੁ**)। ਗੁਰੂ ਜੀ ਫੁਰਮਾਂਦੇ ਹਨ ਇਸ ਆਕੜ (ਵੱਡੇਪਣ) ਦਾ ਕੀ ਲਾਭ?

ਅਸਲ ਮਿਠਾਸ ਨੀਵੇਂ ਰਹਿਣ ਵਿੱਚ (lowliness yields sweetness) ਹੈ (**ਮਿਠਤੁ ਨੀਵੀ**) ਅਤੇ ਇਹ ਨਿਮਰਤਾ ਹੀ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਸਾਰ (essence) ਹੈ (**ਗੁਣੁ ਚੰਗਿਆਈਆ ਤਤੁ**)।

ਜੇ ਤੱਕੜੀ (scale) ਤੇ ਤੋਲਿਆ ਜਾਵੇ (**ਧਰਿ ਤਾਰਾਜੂ ਤੋਲੀਐ...**) ਤਾਂ ਜਿਸ ਪਾਸੇ ਨਿਮਰਤਾ ਹੈ ਉਹ ਹੀ ਭਾਰਾ ਹੁੰਦਾ ਹੈ (**ਨਿਵੈ ਸੁ ਗਉਰਾ ਹੋਇ**)।

**99. ਕੀ ਕੇਵਲ ਬਾਹਰੀ ਨਿਮਰਤਾ, ਝੁੱਕ-ਝੁੱਕ ਕੇ ਮਿਲਣਾ-ਵਿਚਰਨਾ ਹੀ ਸਹੀ ਰਸਤਾ ਹੈ ?**

* ਨਹੀਂ ਜੀਓ। ਅਸਲ ਵਿੱਚ ਬਾਹਰੀ ਤੌਰ ਤੇ ਹਰ ਕੋਈ ਆਪਣੇ ਸਵਾਰਥ, ਆਪਣੀ ਲੋੜ ਕਰਕੇ ਝੁੱਕਦਾ ਹੀ ਹੈ। ਕੇਵਲ ਸਿਰ ਝੁਕਾਉਣਾ ਜਾਂ ਸਰੀਰ ਝੁਕਾਉਣਾ ਨਿਮਰਤਾ ਨਹੀਂ ਹੈ। ਇੰਵੇਂ ਤਾਂ ਸ਼ਿਕਾਰੀ ਹਿਰਨ ਨੂੰ ਮਾਰਨ ਲਈ ਨਿੰਵਦਾ ਹੈ, ਅਪਰਾਧੀ ਤਾਂ ਦੂਜਿਆਂ ਨਾਲੋਂ ਦੂਣੇ ਨਿੰਵਦੇ ਹਨ। ਜੇ **ਮਨ** ਅਸ਼ੁੱਧ ਹੈ, **ਮਨ** ਵਿਕਾਰਾਂ ਵਿੱਚ ਫਸਿਆ ਹੋਇਆ ਹੈ ਤੇ ਸੀਸ ਨਿਵਾਉਣ ਨਾਲ ਕੀ ਬਣੇਗਾ? ਕੁਝ ਵੀ ਨਹੀਂ। ਅਸਲ ਨਿਮਰਤਾ ਹੈ **ਮਨ** ਕਰਕੇ ਝੁੱਕਣਾ, ਪਰਉਪਕਾਰ ਲਈ ਝੁੱਕਣਾ ।

**100. ਜੋ ਲੋਕ ਪ੍ਰਭੂ ਦੀ ਬੰਦਗੀ ਦਾ ਅਸਲ ਢੰਗ ਸਮਝਦੇ ਹਨ, ਉਹਨਾਂ ਲਈ ਬਾਕੀ**



**ਕਰਮਾਂ ਦਾ ਕੀ ਅਰਥ ਹੁੰਦਾ ਹੈ ?**

* ਜੋ ਪ੍ਰਭੂ ਦੀ ਬੰਦਗੀ ਦਾ ਅਸਲ ਢੰਗ ਸਮਝਦੇ ਹਨ (**ਜੇ ਜਾਣਸਿ ਬ੍ਰਹਮੰ ਕਰਮੰ ॥**) ਉਹਨਾਂ ਲਈ ਬਾਕੀ ਸਾਰੇ ਕੰਮ ਕੇਵਲ ਕਰਮ-ਕਾਂਡ ਹੀ ਹੁੰਦੇ ਹਨ (rituals are empty acts) ਭਾਵ ਵਿਅਰਥ ਹੁੰਦੇ ਹਨ (**ਸਭਿ ਫੋਕਟ ਨਿਸਚਉ ਕਰਮੰ**)। ਉਹ ਅਜਿਹੇ ਕਰਮ-ਕਾਡਾਂ ਤੋਂ ਦੂਰ ਹੀ ਰਹਿੰਦੇ ਹਨ ਤੇ ਜੋ ਨਿਸ਼ਚਾ ਧਾਰ ਕੇ (**ਨਿਹਚਉ**), ਸ਼ਰਧਾ ਨਾਲ ਪ੍ਰਭੂ ਦਾ ਗੁਣ ਗਾਇਣ ਕਰਦਾ ਹੈ ਉਹ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ । ਬਿਨਾਂ ਸਤਿਗੁਰੂ ਤੋਂ ਜੀਵ ਧਰਮ ਦਾ ਅਸਲ ਰਾਹ ਨਹੀਂ ਪ੍ਰਾਪਤ ਕਰ ਸਕਦਾ (**ਵਿਣੁ ਸਤਿਗੁਰ ਵਾਟ ਨ ਪਾਵੈ**)।

**101. ਅਉਗਣ ਕਰ ਕਰ ਕੇ, ਓੜਕ (ਅੰਤ) ਮਨੁੱਖ ਦੀ ਹਾਲਤ ਕਿਵੇਂ ਦੀ ਹੋ ਜਾਂਦੀ ਹੈ ?**

* ਅਉਗਣ ਕਰਨ ਵਾਲਾ ਅੰਤ ਨੂੰ ਪਛਤਾਉਂਦਾ ਹੈ ਕਿਉਂਕਿ ਜੀਵ ਨੇ ਸਰੀਰ ਰੂਪ ਕੱਪੜਾ ਤੇ ਸੁੰਦਰ ਰੂਪ ਇਥੇ ਹੀ ਤਿਆਗ ਕੇ ਜਾਣਾ ਹੈ (**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥**)।

ਆਪਣੇ ਕੀਤੇ ਚੰਗੇ-ਮੰਦੇ ਕਰਮਾਂ ਦਾ ਫਲ ਆਪ ਹੀ ਭੁਗਤਣਾ ਹੈ (**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**)। ਇਥੇ ਤਾਂ ਜੀਵ ਆਪਣਾ ਹੁਕਮ ਠੀਕ ਗਲਤ ਤਰੀਕੇ ਨਾਲ ਚਲਾਂਦਾ ਹੈ ਪਰ ਅੱਗੇ ਇਸ ਨੂੰ ਨਿਆਂ ਦੇ ਤੰਗ ਰਸਤੇ (narrow passage) ਤੋਂ ਗੁਜ਼ਰਨਾ ਪੈਂਦਾ ਹੈ (**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥**) ਅਤੇ ਅੰਤ ਵਿੱਚ ਜਦੋਂ ਇਸਦੇ ਮਾੜੇ ਕੰਮਾਂ ਤੋਂ ਪਰਦਾ ਚੁਕਿਆ ਜਾਂਦਾ ਹੈ ਤਾਂ (**ਨੰਗਾ ਦੋਜਕਿ ਚਾਲਿਆ**) ਇਸਨੂੰ ਆਪਣਾ ਹੀ ਰੂਪ ਡਰਾਉਣਾ ਪ੍ਰਤੀਤ ਹੁੰਦਾ ਹੈ (**ਤਾ ਦਿਸੈ ਖਰਾ ਡਰਾਵਣਾ**)। ਇੰਝ ਭੈੜੇ ਕੰਮ ਕਰਨ ਕਰਕੇ ਅੰਤ ਵਿੱਚ ਪਛਤਾਵਾ (regrets) ਹੀ ਪੱਲੇ ਪੈਂਦਾ ਹੈ (**ਕਰਿ ਅਉਗਣ ਪਛੋਤਾਵਣਾ**)।

(੧੫)

**102. ਗੁਰੂ ਜੀ ਨੇ ਰਸਮੀ ਜਨੇਊ ਦਾ ਖੰਡਨ ਕਰਕੇ ਕਿਹੜੇ ਜਨੇਊ ਦੀ ਮੰਗ ਕੀਤੀ ?**

* ਧਾਗੇ ਵਾਲਾ ਰਸਮੀ ਜਨੇਊ ਤਾਂ ਟੁੱਟ ਜਾਂਦਾ ਹੈ, ਮੈਲਾ ਹੋ ਜਾਂਦਾ ਹੈ, ਜਲ ਜਾਂਦਾ ਹੈ ਤੇ ਖਤਮ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਮੈਨੂੰ ਤਾਂ ਅਜਿਹਾ ਜਨੇਊ ਚਾਹੀਦਾ ਹੈ ਜੋ ਨਾ ਟੁਟੇ, ਨਾ ਮੈਲਾ ਹੋਵੈ, ਨਾ ਸੜ ਸਕੇ ਤੇ ਨਾ ਹੀ ਖਤਮ ਹੋਵੇ।

ਜਨੇਊ ਬਣਾਉਣ ਲਈ 4 ਪੜਾਅ ਹਨ:- ਕਪਾਹ, ਕਪਾਹ ਤੋਂ ਸੂਤ ਤੇ ਸੂਤ ਨੂੰ ਗੰਢਾਂ

ਤੇ ਫਿਰ ਵੱਟ। ਪਾਤਸ਼ਾਹ ਫੁਰਮਾਉਂਦੇ ਹਨ ਕਿ ਆਤਮਾ ਦਾ ਸੱਚਾ ਜਨੇਊ ਅਜਿਹਾ ਹੈ ਜਿਸ ਵਿੱਚ 4 ਗੁਣ ਹਨ

1. ਦਇਆ **(ਕਪਾਹ),** mercy (cotton)

2. ਸੰਤੋਖ **(ਸੂਤ),** contentment (thread)

3. ਜਤ **(ਗੰਢੀ),** continence (knot)

4. ਸਤ **(ਵਟੁ),** truth (twist)

ਭਾਵ ਦਇਆ, ਸੰਤੋਖ, ਇੰਦ੍ਰੀਆਂ ਨੂੰ ਵਸ ਵਿੱਚ ਕਰਣਾ ਤੇ ਉੱਚਾ-ਸੁੱਚਾ ਆਚਰਣ ਰੱਖਣਾ ਹੀ ਅਸਲ ਜਨੇਊ ਧਾਰਣ ਕਰਣਾ ਹੈ ।

ਧਾਗੇ ਦਾ ਜਨੇਊ ਤਾਂ 4 ਕਉਡੀਆਂ ਦਾ ਮਿਲ ਜਾਂਦਾ ਹੈ **(ਚਉਕੜਿ ਮੁਲਿ ਅਣਾਇਆ...)** ਤੇ ਚੌਂਕੇ ਵਿਚ ਬੈਠ ਕੇ ਪੰਡਿਤ ਜਜਮਾਨ ਦੇ ਗੱਲ ਵਿੱਚ ਪਾ ਦਿੰਦਾ ਹੈ **(ਬਹਿ ਚਉਕੈ ਪਾਇਆ ॥)**। ਫਿਰ ਜਜਮਾਨ ਦੇ ਕੰਨ ਵਿੱਚ ਇਹ ਸਿਖਿਆ ਚਾੜ੍ਹ ਦਿੱਤੀ ਜਾਂਦੀ ਹੈ **(ਸਿਖਾ ਕੰਨਿ ਚੜਾਈਆ...)** ਕਿ ਅੱਜ ਤੋਂ ਬ੍ਰਾਹਮਣ ਤੇਰਾ ਗੁਰੂ ਹੋ ਗਿਆ ਹੈ **(ਗੁਰੁ ਬ੍ਰਾਹਮਣੁ ਥਿਆ ॥)**। ਪਰ ਜਦੋਂ ਜਨੇਊਧਾਰੀ ਮਰਦਾ ਹੈ ਤਾਂ ਜਨੇਊ ਭੀ ਸਰੀਰ ਦੇ ਨਾਲੋਂ ਟੁੱਟ ਜਾਂਦਾ ਹੈ, ਸੜ੍ਹ ਜਾਂਦਾ ਹੈ ਤੇ ਉਹ ਬਿਨਾਂ ਜਨੇਊ **(ਵੇਤਗਾ ਗਇਆ॥)** ਤੋਂ ਹੀ ਸੰਸਾਰ ਤੋ ਤੁਰ ਜਾਂਦਾ ਹੈ।

ਇਸ ਲਈ ਝੂਠੇ ਤੇ ਕੱਚੇ ਜਨੇਊ ਧਾਰਨ ਕਰਨ ਦੀ ਬਜਾਏ ਪ੍ਰਭੂ ਦਾ ਜੱਸ ਗਾਉਣਾ, ਸਿਫਤਿ ਸਾਲਾਹ ਕਰਨੀ ਹੀ ਅਸਲ ਜਨੇਊ ਹੈ **(ਸਾਲਾਹੀ ਸਚੁ ਸੂਤੁ)**।

### 103. ਅਸਲ ਜਨੇਊ ਪਾਉਣਾ ਕੀ ਹੈ?

* ਗੁਰੂ ਜੀ ਫੁਰਮਾਉਂਦੇ ਹਨ ਕਿ ਸਰੀਰਿਕ ਇੰਦਰੀਆਂ ਤੇ ਨਾੜੀਆਂ, ਪੈਰਾਂ, ਹੱਥਾਂ, ਜੀਭ ਤੇ ਅੱਖਾਂ ਨੂੰ ਵਿਕਾਰਾਂ ਵੱਲੋਂ ਰੋਕਣਾ ਹੀ ਅਸਲ ਜਨੇਊ ਪਾਉਣਾ ਹੈ। ਜੇ ਇਨ੍ਹਾਂ ਨੂੰ ਵਿਕਾਰਾਂ ਵੱਲੋਂ ਨਹੀਂ ਰੋਕਿਆ ਤਾਂ ਸਮਝੋ, ਜਨੇਊ ਨਹੀਂ ਪਾਇਆ।

### 104. 'ਭਲਕੇ ਥੁਕ ਪਵੈ ਨਿਤ ਦਾੜੀ' ਦਾ ਕੀ ਭਾਵ ਹੈ?

* ਇਸ ਦਾ ਭਾਵ ਹੈ ਕਿ ਉਸ ਮਨੁੱਖ ਦੀ ਹਰ ਵੇਲੇ ਬੇਇੱਜ਼ਤੀ ਹੁੰਦੀ ਹੈ। ਦਾਹੜੀ ਵਿੱਚ ਥੁੱਕ ਪੈਂਦੀ (spat upon, dishonoured) ਹੈ ਕਿ ਉਸਨੇ ਧਾਰਮਿਕ ਭੇਖ ਤਾਂ ਬਣਾਇਆ ਹੈ ਪਰ ਆਪਣੀਆਂ ਇੰਦਰੀਆਂ, ਨਾੜੀਆਂ, ਪੈਰਾਂ, ਹੱਥਾਂ, ਜੀਭ ਤੇ ਅੱਖਾਂ ਨੂੰ ਕਾਬੂ ਵਿੱਚ ਨਹੀਂ ਰੱਖ ਪਾ ਰਿਹਾ।



### 105. ਪ੍ਰਭੂ ਦਇਆਲ ਹੋ ਜਾਵੇ ਤਾਂ ਕੀ ਕਰਦਾ ਹੈ?

* ਪ੍ਰਭੂ ਕਿਰਪਾ ਕਰੇ, ਪ੍ਰਭੂ ਦਇਆਲ (merciful) ਹੋ ਜਾਵੇ **(ਸਾਹਿਬੁ ਹੋਇ ਦਇਆਲੁ...)** ਤਾਂ ਉਹ ਉਹੋ ਕੰਮ ਕਰਵਾਉਂਦਾ ਹੈ, ਜੋ ਉਸਨੂੰ ਚੰਗੇ ਲੱਗਦੇ ਹਨ **(ਤਾ ਸਾਈ ਕਾਰ ਕਰਾਇਸੀ)**।

### 106. ਪ੍ਰਭੂ ਦਰਗਹ ਵਿੱਚ ਇਜ਼ਤ ਸਹਿਤ ਜਾਣ ਦਾ ਕੀ ਢੰਗ ਹੈ?

* ਹੁਕਮ ਨੂੰ ਖਿੜੇ ਮੱਥੇ (obeying His will) ਮੰਨ ਲਈਏ **(ਹੁਕਮਿ ਮੰਨਿਐ ਹੋਵੈ ਪਰਵਾਣੁ...)** ਬਸ ਏਹੀ ਢੰਗ ਹੈ ਕਿ ਦਰਗਾਹ ਵਿੱਚ ਇਜ਼ਤ ਨਾਲ ਜਾ ਸਕੀਏ **(ਤਾ ਦਰਗਹ ਪੈਧਾ ਜਾਇਸੀ)**।

ਜੋ ਖਸਮ ਪ੍ਰਭੂ ਨੂੰ ਚੰਗਾ ਲਗੇ ਓਹੀ ਕਰੀਏ **(ਹੁਕਮਿ ਮਨਿਐ ਹੋਵੈ ਪਰਵਾਣ)** ਤਾਂ ਹੀ ਖਸਮ ਦਾ ਮਹਲ ਪ੍ਰਾਪਤ ਹੋ ਸਕਦਾ ਹੈ **(ਤਾ ਖਸਮੈ ਕਾ ਮਹਲੁ ਪਾਇਸੀ)**।

(੧੬)

### 107. 'ਗੋਬਰਿ ਤਰਣੁ ਨ ਜਾਈ' ਦਾ ਕੀ ਭਾਵ ਹੈ?

* ਪੁਰਾਣੇ ਸਮੇਂ ਵਿੱਚ ਇਹ ਸਮਝਿਆ ਜਾਂਦਾ ਸੀ ਕਿ ਘਰ ਵਿੱਚ ਗੋਬਰ (cow-dung) ਦਾ ਲੇਪਨ ਜਾਂ ਪੋਚਾ ਕਰਨ ਨਾਲ, ਕਾਰਾਂ (ਲਾਈਨਾਂ) ਕੱਢਣ ਨਾਲ ਭਾਵ ਘਰ ਪਵਿੱਤਰ ਕਰਨ ਨਾਲ ਹੀ ਪ੍ਰਭੂ ਦੀ ਪ੍ਰਸੰਨਤਾ ਹਾਸਲ ਕੀਤੀ ਜਾ ਸਕਦੀ ਹੈ। ਪਰ ਗੁਰੂ ਜੀ ਨੇ ਕਿਹਾ ਕਿ ਨਹੀਂ ਇੰਝ ਗੋਬਰਿ ਦੇ ਪੋਚੇ ਜਾਂ ਕਾਰਾਂ ਕੱਢਣ ਨਾਲ ਭਾਵ ਬਾਹਰੀ ਪੋਚਾ-ਪਾਚੀ ਨਾਲ ਤੁਹਾਨੂੰ ਇਸ ਸੰਸਾਰ ਤੋਂ ਮੁਕਤੀ ਨਹੀਂ ਮਿਲ ਸਕਦੀ।

ਪਾਤਸ਼ਾਹ ਜੀ ਸਪੱਸ਼ਟ ਫੁਰਮਾਨ ਕਰਦੇ ਹਨ ਕਿ ਪਾਖੰਡ ਛੱਡ (quit hypocrisy) , ਪ੍ਰਭੂ ਦਾ ਨਾਮ ਲੈ, ਤਾਂ ਹੀ ਤੂੰ ਸੰਸਾਰ ਸਮੁੰਦਰ ਤੋਂ ਤਰਦਾ-ਤਰਦਾ (swim across the world-ocean) ਪਾਰ ਹੋ ਸਕੇਂਗਾ **(ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ॥)**।

### 108. ਗੁਰੂ ਜੀ ਨੇ ਕਿਹੜੇ-ਕਿਹੜੇ ਪ੍ਰਚਲਿਤ ਪਾਖੰਡਾਂ ਦਾ ਖੰਡਨ ਕੀਤਾ ਹੈ?

* ਗੁਰੂ ਜੀ ਨੇ ਹੇਠ ਲਿਖੇ ਅਨੁਸਾਰ ਪਾਖੰਡਾਂ ਦਾ ਖੰਡਨ ਕੀਤਾ ਹੈ:-

1. ਧੋਤੀ, ਟਿੱਕਾ (frontal mark) ਅਤੇ ਮਾਲਾ (rosary) ਪਾਈ ਹੈ ਪਰ ਆਪਣੇ ਮਿਥੇ ਧਾਰਮਿਕ ਨਿਯਮਾਂ ਦੇ ਵਿਰੁੱਧ ਤੁਰਕਾਂ ਤੋਂ ਪਦਾਰਥ ਲੈ ਕੇ ਖਾਂਦਾ ਹੈ **(ਧੋਤੀ ਟਿਕਾ ਤੈ**

**ਜਪਮਾਲੀ ਧਾਨੁ ਮਲੇਛਾਂ ਖਾਈ)** ।

2. ਹਾਕਮਾਂ ਤੋਂ ਲੁੱਕ ਕੇ ਅੰਦਰ ਤਾਂ ਪੂਜਾ ਕਰਦਾ ਹੈ ਪਰ ਬਾਹਰ ਉਹਨਾਂ ਨੂੰ ਖੁਸ਼ ਕਰਨ ਲਈ ਕੁਰਾਨ ਆਦਿਕ ਮੁਸਲਮਾਨੀ ਧਾਰਮਿਕ ਸਾਹਿਤ ਪੜ੍ਹਦਾ ਹੈ **(ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ)**।

3. ਹੈਨ ਵਢੀ ਖੋਰ (corrupt), ਆਦਮਖੋਰ (loot the subjects), ਪਰ ਪੜ੍ਹਦੇ ਹਨ ਨਮਾਜ।
**(ਮਾਣਸ ਖਾਣੇ ਕਰਹਿ ਨਿਵਾਜ ॥)**

4. ਜ਼ੁਲਮ ਅਤੇ ਧੱਕੇ ਦੀ ਛੁਰੀ ਚਲਾਂਦੇ (commit atrocities) ਹਨ ਪਰ ਗੱਲ ਵਿੱਚ ਜਨੇਊ ਪਾ ਕੇ ਧਰਮੀ ਬਣਨ ਦਾ ਵਿਖਾਵਾ ਕਰਦੇ ਹਨ।

**(ਛੁਰੀ ਵਗਾਇਨਿ ਤਿਨ ਗਲਿ ਤਾਗ ॥)**

5. ਮੱਥੇ ਤੇ ਟਿੱਕਾ (sacrificial marks on forehead) ਲਗਾਇਆ ਹੈ ਤੇ ਲੱਕ ਨਾਲ ਗੇਰੂਏ ਰੰਗ ਵਾਲੀ ਧੋਤੀ ਬੰਨੀ ਹੈ ਪਰ ਹੱਥ ਵਿੱਚ ਛੁਰੀ ਹੈ ਤੇ ਜਗਤ-ਕਸਾਈ ਬਣੇ ਬੈਠੇ ਹਨ। **(ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥)**

6. ਨੀਲੇ ਵਸਤਰ ਪਾ ਕੇ ਮੁਸਲਮਾਨ ਹਾਕਮਾਂ ਦੀਆਂ ਨਜ਼ਰਾਂ ਵਿੱਚ ਤਾਂ ਕਬੂਲ ਹੁੰਦੇ ਹਨ ਪਰ ਨਾਲ ਹੀ ਜਿਨ੍ਹਾਂ ਨੂੰ ਮਲੇਛ ਆਖਦੇ ਹਨ, ਉਹਨਾਂ ਦੀ ਗੁਲਾਮੀ ਕਰਕੇ, ਰੋਜ਼ੀ ਕਮਾਂਦੇ ਹਨ ਪਰ ਅੰਦਰ ਲੁੱਕ-ਛਿਪ ਕੇ ਪੁਰਾਣਾਂ ਨੂੰ ਪੂਜਦੇ ਹਨ।

**(ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥)**

7. ਕਲਮਾਂ ਨਾਲ ਕੁਹਿਆ ਹੋਇਆ ਬੱਕਰਾਂ ਤਾਂ ਖਾਂਦੇ ਹਨ ਪਰ ਨਾਲ ਹੀ ਕਹਿੰਦੇ ਹਨ ਕਿ ਸਾਡਾ ਚੌਂਕਾਂ ਪਵਿੱਤਰ ਹੈ ਇਥੇ ਕੋਈ ਨਾ ਚੜੇ।

**(ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥)**

8. ਅਪਵਿੱਤਰ ਸਰੀਰਾਂ ਨਾਲ ਭੈੜੇ ਕਰਮ, ਪਾਪ ਕਰਦੇ ਹਨ ਪਰ ਇਸ ਜੂਠੇ, ਅਸ਼ੁੱਧ ਮਨ ਨਾਲ ਹੀ ਬਾਹਰੋਂ ਚੁਲੀਆਂ (ablutions) ਭਰਨ ਦਾ ਦਿਖਾਵਾ ਕਰਦੇ ਹਨ, ਸੁੱਚੇ ਦਿਸਣ ਦਾ ਉਪਰਾਲਾ ਕਰਦੇ ਹਨ।

**(ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ॥)**

ਇੰਝ ਅੰਦਰੋਂ ਹੋਰ ਤੇ ਬਾਹਰੋਂ ਹੋਰ ਕਈ ਤਰੀਕਿਆਂ ਨਾਲ ਪਾਖੰਡ ਕਰਦੇ ਹਨ।

### 109. 'ਸੁਚਿ ਹੋਵੈ ਤਾ ਸਚੁ ਪਾਈਐ' ਦਾ ਠੀਕ ਵਿਸਰਾਮ ਕੀ ਹੈ ਅਤੇ ਅਰਥ ਕੀ ਹਨ?



* ਇਸ ਫੁਰਮਾਨ ਨੂੰ ਦੋ ਤਰੀਕੇ ਨਾਲ ਵਾਚਿਆ ਜਾ ਸਕਦਾ ਹੈ:-

1. **ਸੁਚਿ ਹੋਵੈ, ਤਾ ਸਚੁ ਪਾਈਐ** - ਭਾਵ ਜੇ ਬਾਹਰੀ ਸੁਚੱਮ ਰਖੋਗੇ ਤਾਂ ਹੀ ਸੱਚਾ ਪ੍ਰਭੂ ਮਿਲੇਗਾ। ਇਹ ਠੀਕ ਨਹੀਂ।

2. **ਸੁਚਿ ਹੋਵੈ ਤਾ, ਸਚੁ ਪਾਈਐ** - ਭਾਵ ਸੱਚ ਪਾ ਲਈਏ ਤਾਂ ਅਸਲ ਸੁੱਚ ਹੋ ਸਕਦੀ ਹੈ। ਪ੍ਰਭੂ ਪ੍ਰਾਪਤੀ ਤੋਂ ਬਿਨ੍ਹਾਂ ਸੁਚੱਮ ਦਾ ਵਿਖਾਵਾ ਕਰਨਾ ਯੋਗ ਨਹੀਂ। ਇੰਝ ਇਹ ਦੂਜਾ ਅਰਥ ਹੀ ਗੁਰਮਤਿ ਅਨੁਸਾਰ ਹੈ।

### 110. ਜੇ ਪ੍ਰਭੂ ਦੀ ਨਦਰਿ ਉਲਟੀ ਹੋ ਜਾਵੇ ਤਾਂ ਕੀ ਹੁੰਦਾ ਹੈ?

* ਜੇ ਪ੍ਰਭੂ ਕਿਸੇ ਬਾਦਸ਼ਾਹ ਤੇ ਉਲਟੀ ਨਜ਼ਰ (reverse glance) ਕਰ ਦੇਵੇ ਤਾਂ ਉਸਦੀ ਬਾਦਸ਼ਾਹਤ ਖੋਹ ਲੈਂਦਾ ਹੈ। ਸਮਝੋ ਉਸਨੂੰ ਘਾਹ ਕੱਟਣ ਦੇ ਆਹਰੇ ਵਿੱਚ ਲਗਾ ਦਿੰਦਾ ਹੈ। ਭਾਵ ਸੁਲਤਾਨ ਹੁਣ ਘਾਹੀ (King becomes grass-cutter) ਬਣ ਜਾਂਦਾ ਹੈ **(ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥)** ਅਤੇ ਉਸਦੀ ਅਜਿਹੀ ਹਾਲਤ ਹੋ ਜਾਂਦੀ ਹੈ ਕਿ ਕੋਈ ਮਨੁੱਖ ਉਸਦੀ ਝੋਲੀ ਵਿੱਚ ਖੈਰ ਨਹੀਂ ਪਾਉਂਦਾ, ਭਿਖਿਆ ਨਹੀਂ ਦੇਂਦਾ **(ਦਰਿ ਮੰਗਨਿ ਭਿਖ ਨ ਪਾਇਦਾ)**।

(੧੨)

### 111. ਪਰਲੋਕ ਵਿੱਚ ਮਨੁੱਖ ਨੂੰ ਕੀ ਮਿਲ ਸਕਦਾ ਹੈ?

* ਪਰਲੋਕ ਵਿੱਚ ਮਨੁੱਖ ਨੂੰ ਉਹੋ ਕੁਝ ਮਿਲਦਾ ਹੈ ਜੋ ਇਸਨੇ ਆਪ ਖਟਿਆ, ਕਮਾਇਆ ਅਤੇ ਲੋੜਵੰਦਾਂ ਨੂੰ ਦਾਨ ਕੀਤਾ ਹੁੰਦਾ ਹੈ **(ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥)**। ਨਹੀਂ ਤਾਂ ਜੋ ਲੋਕ ਚੋਰੀ ਚਕਾਰੀ ਕਰਕੇ ਦਾਨ-ਪੁੰਨ ਕਰਦੇ ਹਨ ਉਹਨਾਂ ਦੀ ਚੋਰੀ ਪਰਲੋਕ ਵਿਚ ਪਕੜੀ ਜਾਂਦੀ ਹੈ। ਉਹਨਾਂ ਦੇ ਪਿੱਤਰਾਂ (ਬਜ਼ੁਰਗਾਂ) ਨੂੰ ਵੀ ਚੋਰ ਮੰਨਿਆ ਜਾਂਦਾ ਹੈ ਤੇ ਨਿਆਂ ਇਹ ਕੀਤਾ ਜਾਂਦਾ ਹੈ ਕਿ ਦਲਾਲੀ ਕਰਨ ਵਾਲੇ ਬ੍ਰਾਹਮਣਾਂ ਦੇ ਹੱਥ ਕਟੇ ਜਾਂਦੇ ਹਨ**(ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ)**।

### 112. ਅਸਲ ਸੱਚਾ ਤੇ ਪਵਿੱਤਰ ਮਨੁੱਖ ਕੌਣ ਹੈ?

* ਅਸਲ ਸੱਚਾ ਜਾਂ ਪਵਿੱਤਰ ਮਨੁੱਖ ਉਹ ਹੈ ਜਿਸਦੇ **ਮਨ** ਵਿੱਚ ਪ੍ਰਭੂ ਵੱਸਦਾ ਹੈ **(ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ)**। ਕੇਵਲ ਸਰੀਰ ਧੋਣ ਨਾਲ ਕੋਈ ਸੱਚਾ-ਸੁੱਚਾ ਨਹੀਂ ਹੋ ਸਕਦਾ। **ਮਨ** ਕਰਕੇ ਅਪਵਿੱਤਰ ਮਨੁੱਖ ਹਰ ਵੇਲੇ ਮੁਖ (falsehood constantly dwells in the mouth) ਵਿਚੋਂ ਨਿੰਦਿਆ, ਚੁਗਲੀ, ਝੂਠ ਹੀ ਬੋਲਦੇ ਹਨ

**(ਜੂਠੇ ਜੂਠਾ ਮੁਖਿ ਵਸੈ)** ਅਤੇ ਅਜਿਹੇ ਲੋਕ ਹਰ ਵੇਲੇ ਦੁਖੀ ਰਹਿੰਦੇ ਹਨ, ਖੁਆਰ ਹੀ ਹੁੰਦੇ ਹਨ **(ਨਿਤ ਨਿਤ ਹੋਇ ਖੁਆਰੁ)**।

### 113. ਕਿਹੜੇ ਮਨੁੱਖ ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ?

* ਜੋ ਪ੍ਰਭੂ ਦੀ ਹੋਂਦ ਨੂੰ ਨਹੀਂ ਪਛਾਣਦੇ, ਮਨਭਾਉਂਦੇ ਅਤੇ ਐਸ਼ੋ-ਇਸ਼ਰਤ ਦੀਆਂ ਖੇਡਾਂ ਵਿੱਚ ਖਚਿੱਤ ਰਹਿੰਦੇ ਹਨ **(ਚੀਜ ਕਰਨਿ ਮਨਿ ਭਾਵਦੇ)** ਉਹ ਹਰਿ ਪ੍ਰਭੂ ਨੂੰ ਨਾ ਬੁਝਨ ਕਰਕੇ ਅੰਤ ਨੂੰ ਇਥੋਂ ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ **(ਹਰਿ ਬੁਝਨਿ ਨਾਹੀ ਹਾਰਿਆ)**।

(੧੮)

### 114. ਸੂਤਕ ਦਾ ਕੀ ਭਾਵ ਹੈ?

* ਜੀਵ ਨੂੰ ਜਨਮ ਦੇਣ ਸਮੇਂ ਮਾਤਾ ਅਤੇ ਘਰ ਬਾਰ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ। 'ਭਿਟ ਗਏ ਹਨ', ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਜੀਵ ਦੇ ਮਰਨ ਸਮੇਂ ਵੀ ਘਰ ਨੂੰ ਅਸ਼ੁਧ ਮਨਿਆ ਜਾਂਦਾ ਸੀ। ਇਸ ਅਸ਼ੁੱਧੀ ਨੂੰ ਸੂਤਕ (impurity) ਕਹਿੰਦੇ ਹਨ। ਸ਼ਾਸਤਰਾਂ ਦੇ ਅਨੁਸਾਰ ਬ੍ਰਾਹਮਣ ਦੇ ਘਰ ਸੂਤਕ 11 ਦਿਨ, ਖਤਰੀ ਦੇ 13 ਦਿਨ, ਵੈਸ਼ ਦੇ 17 ਦਿਨ ਤੇ ਸ਼ੂਦਰ ਦੇ 30 ਦਿਨ ਰਹਿੰਦਾ ਸੀ।

### 115. ਸੂਤਕ ਕਿਵੇਂ ਉਤਰ ਸਕਦਾ ਹੈ?

* ਗੁਰੂ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਦੇ, ਪ੍ਰਭੂ ਦੇ ਗਿਆਨ ਰਾਹੀਂ ਹੀ ਸੂਤਕ ਉਤਾਰਿਆ ਜਾ ਸਕਦਾ ਹੈ। ਗਿਆਨ ਰਾਹੀਂ ਹੀ ਇਹ ਸੋਝੀ ਪੈਂਦੀ ਹੈ ਕਿ :-

1. ਇਸ ਤਰ੍ਹਾਂ ਦੀ ਭਿਟ ਤਾਂ ਹਰ ਥਾਂ ਤੇ ਹੁੰਦੀ ਹੈ। **(ਸਭ ਤੈ ਸੂਤਕੁ ਹੋਇ॥)**
2. ਰਸੋਈ ਵਿੱਚ ਵਰਤੇ ਜਾਣ ਵਾਲੇ ਗੋਹੇ ਅਤੇ ਲੱਕੜੀ ਵਿਚ ਵੀ ਕੀੜੇ ਹੁੰਦੇ ਹਨ।
**(ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥)**
3. ਅਨਾਜ ਦੇ ਜਿੰਨੇ ਦਾਣੇ ਹਨ ਉਹਨਾਂ ਵਿਚ ਵੀ ਜੀਵ ਹਨ।
**(ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥)**
4. ਪਾਣੀ ਵਿੱਚ ਹੀ ਜੀਵ ਹਨ।
**(ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥)**

ਇੰਝ ਤਾਂ ਸਭ ਕੁਝ ਹੀ ਭਿਟਿਆ ਹੋਇਆ ਹੈ। ਸੂਤਕ ਦਾ ਸੰਕਲਪ ਵਿਅਰਥ ਹੈ। ਇਹ ਸੁੱਚ-ਭਿਟ ਵਿੱਚ ਪੈਣਾ ਵਿਅਰਥ ਹੈ।



### 116. ਅਸਲ ਸੂਤਕ ਕਿਹੜਾ ਹੈ?

* ਝੂਠੇ ਤੇ ਅਖੌਤੀ ਸੂਤਕ ਦਾ ਪਾਜ (outward show) ਉਘੇੜਨ ਉਪਰੰਤ ਗੁਰੂ ਜੀ ਨੇ ਅਸਲ ਸੂਤਕ ਵੱਲ ਵੀ ਇਸ਼ਾਰਾ ਕੀਤਾ ਹੈ। ਜਿਵੇਂ:-

1. **ਮਨ** ਦਾ ਸੂਤਕ ਹੈ ਲੋਭ **(ਮਨ ਕਾ ਸੂਤਕੁ ਲੋਭੁ ਹੈ)** Greed is impurity of heart.

2. ਜੀਭ ਦਾ ਸੂਤਕ ਹੈ ਝੂਠ ਬੋਲਣਾ **(ਜਿਹਵਾ ਸੂਤਕੁ ਕੂੜੁ ॥)** Falsehood is the impurity of tongue.

3. ਅੱਖਾਂ ਦਾ ਸੂਤਕ ਹੈ ਪਰਾਈ ਇਸਤਰੀ ਤੇ ਪਰਾਏ ਧਨ ਵੱਲ ਵੇਖਣਾ **(ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥)** Gazing another's women eyes is impurity of wealth.

4. ਕੰਨਾਂ ਦਾ ਸੂਤਕ ਹੈ ਨਿੰਦਾ, ਚੁਗਲੀ **(ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥)** Enjoying slandering is impurity of ears.

ਇੰਝ ਲੋਭ, ਝੂਠ, ਪਰਾਏ ਰੂਪ ਜਾਂ ਧਨ ਅਤੇ ਨਿੰਦਾ ਕਾਰਨ ਹੰਸਾ ਵਰਗੇ ਉਜਲੇ ਬੰਦੇ **(ਹੰਸਾ ਆਦਮੀ)** ਵੀ ਬਧੇ ਹੋਏ ਨਰਕਾਂ ਨੂੰ ਜਾਂਦੇ ਹਨ **(ਬਧੇ ਜਮ ਪੁਰਿ ਜਾਹਿ॥)**।

### 117. ਕਿਹਨਾਂ ਨੂੰ 'ਸੂਤਕ' ਪ੍ਰੇਸ਼ਾਨ ਨਹੀਂ ਕਰ ਸਕਦਾ?

* ਸੂਤਕ ਅਸਲ ਵਿੱਚ ਇਕ ਭਰਮ (impurity is mere superstition) ਹੀ ਹੈ ਜੋ ਮਾਇਆ ਵਿੱਚ ਖੱਚਿਤ ਜੀਵਾਂ ਨੂੰ ਲੱਗਦਾ ਹੈ **(ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥)**

ਜੰਮਣਾ ਤੇ ਮਰਨਾ ਤੇ ਪ੍ਰਭੂ ਦਾ ਹੁਕਮ ਹੈ, ਕੋਈ ਆ ਰਿਹਾ ਹੈ ਜਗਤ ਵਿੱਚ ਤੇ ਕੋਈ ਜਾ ਰਿਹਾ ਹੈ **(ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ)**।

ਕੁਝ ਲੋਕ ਸੋਚਦੇ ਹਨ ਕਿ ਸੂਤਕ ਵਾਲੇ ਘਰ ਵਿਚੋਂ ਕੁਝ ਨਹੀਂ ਖਾਣਾ-ਪੀਣਾ, ਇਹ ਸਭ ਗਲਤ ਹਨ ਕਿਉਂਕਿ ਖਾਣਾ-ਪੀਣਾ (sustenance) ਤਾਂ ਪ੍ਰਭੂ ਨੇ ਦਿਤਾ ਹੈ ਤੇ ਇਹ ਸਭ ਪਵਿੱਤਰ ਹੈ **(ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ)**।

ਜਿਹਨਾਂ ਨੇ ਗੁਰੂ ਦੀ ਰਾਹੀਂ ਇਸ ਗੱਲ ਨੂੰ ਸਮਝ ਲਿਆ ਹੈ ਉਹਨਾਂ ਨੂੰ ਸੂਤਕ ਦਾ ਕੋਈ ਵਹਿਮ, ਭਰਮ ਪੋਹ ਨਹੀਂ ਸਕਦਾ **(ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ)**।

## 118. 'ਨਉ ਨਿਧਿ' – ਨੌ ਖਜਾਨੇ ਕਦੋਂ ਮਿਲਦੇ ਹਨ?

* ਜਦੋਂ ਪ੍ਰਭੂ ਪਤੀ **(ਸਹਿ)** ਸਾਡੇ ਤੇ ਪ੍ਰਸੰਨ ਹੋ ਜਾਏ ਤਾਂ ਮਾਨੋ ਸਭ ਪਦਾਰਥ ਮਿਲ ਜਾਂਦੇ ਹਨ **(ਸਹਿ ਸਹਿ ਤੁਠੈ ਨਉ ਨਿਧਿ ਪਾਈਆ)**।

ਪਰ ਪ੍ਰਭੂ ਪਤੀ ਤਾਂ ਹੀ ਖੁਸ਼ ਹੁੰਦਾ ਹੈ ਜਦੋਂ ਵਡੇ ਸਤਿਗੁਰੂ ਦੀਆਂ ਵਡੀਆਂ ਵਡਿਆਈਆਂ ਦਾ ਗਾਇਣ ਕੀਤਾ ਜਾਂਦਾ ਹੈ। ਜੇ ਉਸਦਾ ਭਾਣਾ ਹੋਵੈ ਤਾਂ ਇਹ ਵਡਿਆਈ ਸਾਡੇ **ਮਨ** ਵਿੱਚ ਵਸਾ ਦੇਂਦਾ ਹੈ **(ਜਾ ਤਿਸੁ ਭਾਣਾ ਤਾ ਮਨਿ ਵਸਾਈਆ)**।

ਸਾਡੇ ਮਸਤਕ ਤੇ ਮਿਹਰ ਭਰਿਆ ਹੱਥ **(ਕਰਿ ਹੁਕਮੁ ਮਸਤਕਿ ਹਥੁ ਧਰਿ)** ਰੱਖ ਕੇ ਉਹ **ਮਨ** ਦੇ ਵਿਚੋਂ ਬੁਰਿਆਈਆਂ ਮਾਰ ਕੇ ਬਾਹਰ ਕੱਢ ਦੇਂਦਾ ਹੈ **(ਵਿਚਹੁ ਮਾਰਿ ਕਢੀਆ ਬੁਰਿਆਈਆ)**।

(੧੯)

## 119. ਕਿਸ ਮਨੁੱਖ ਦੇ ਮੁੱਖ ਤੇ ਥੁੱਕਾਂ ਪੈਂਦੀਆਂ ਹਨ ?

* ਜੋ ਨਾਮ ਨਹੀਂ ਜਪਦੇ ਅਤੇ ਬਿਨਾਂ ਨਾਮ ਜਪੇ ਰਸ-ਕਸ ਖਾਂਦੇ-ਹਢਾਂਦੇ ਹਨ **(ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥),** ਇਹ ਮਾਨੋ ਇਉਂ ਹੈ ਕਿ ਉਹਨਾਂ ਦੇ ਮੂੰਹ ਤੇ ਥੁੱਕਾਂ (mouth is as if spat upon) ਪੈ ਰਹੀਆਂ ਹਨ **(ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ)**।

## 120. ਅਸਲ ਵਿੱਚ ਭਿਟ (contamination) ਕਿੱਥੇ ਨਹੀਂ ਹੁੰਦੀ ਤੇ ਕਿੱਥੇ ਹੁੰਦੀ ਹੈ ?

* ਅਸਲ ਵਿੱਚ ਭਿਟ - ਅੰਨ, ਪਾਣੀ ਜਾ ਕਿਸੇ ਵੀ ਪਦਾਰਥ ਵਿੱਚ ਨਹੀਂ ਹੁੰਦੀ ਸਗੋਂ ਅਸਲ ਭਿਟ ਤਾਂ ਸਿਮਰਨ ਵਿਹੂਣੇ ਜੀਵਨ ਵਿੱਚ ਹੁੰਦੀ ਹੈ ।

ਖਾਣਾ-ਪੀਣਾ ਭਾਵੇਂ ਕਿੰਨੇ ਸੁਚੱਮ ਤੇ ਸੰਜਮ ਨਾਲ ਤਿਆਰ ਕੀਤਾ ਗਿਆ ਹੋਵੇ ਪਰ ਮਨੁੱਖ ਦੇ ਸਰੀਰ ਵਿੱਚ ਜਾਂਦਿਆਂ ਹੀ ਉਹ ਭਿਟ ਜਾਂਦਾ ਹੈ।

ਇਸ ਤਰ੍ਹਾਂ ਮਨੁੱਖ ਆਪਣੇ ਆਪ ਨੂੰ ਭਾਵੇਂ ਕਿੰਨਾ ਹੀ ਸਾਫ-ਸੁੱਥਰਾ ਤੇ ਸੁੱਚਾ ਰੱਖ ਲਵੇ ਪਰ ਰਸਾਂ ਕਸਾਂ ਵਿੱਚ ਉਲਝ ਕੇ ਪ੍ਰਭੂ ਨੂੰ ਵਿਸਾਰਨ ਕਰਕੇ ਉਹ ਆਪਣਾ ਜੀਵਨ ਫਿਟਕਾਰ ਯੋਗ ਬਣਾ ਲੈਂਦਾ ਹੈ।

## 121. 'ਭੰਡ' ਦਾ ਕੀ ਭਾਵ ਹੈ ?

* 'ਭੰਡ' ਦਾ ਭਾਵ ਹੈ ਇਸਤਰੀ ।



## 122. ਕੀ ਭੰਡ (ਇਸਤਰੀ) ਅਪਵਿੱਤਰ ਜਾਂ ਨੀਵੀਂ ਹੁੰਦੀ ਹੈ ?

* ਨਹੀਂ ਜੀ, ਬਿਲਕੁਲ ਨਹੀਂ। ਗੁਰੂ ਜੀ ਨੇ ਇਸਤਰੀ ਦੀ ਅਪਵਿੱਤਰਤਾ ਜਾਂ ਨੀਵਾਂ ਹੋਣ ਦੀ ਗੱਲ ਨੂੰ ਮੁੱਢ ਤੋਂ ਹੀ ਨਕਾਰ ਦਿੱਤਾ ਅਤੇ ਇਸਤਰੀ ਜਾਤੀ ਨੂੰ ਬਰਾਬਰੀ ਦਾ ਹੱਕ ਦਿੱਤਾ। ਆਪ ਫੁਰਮਾਂਦੇ ਹਨ ਕਿ :

1. ਇਸਤਰੀ ਤੋਂ ਜਨਮ ਲਈਦਾ ਹੈ **(ਭੰਡਿ ਜੰਮੀਐ...)**
2. ਇਸਤਰੀ ਤੋਂ ਹੀ ਸਰੀਰ ਪਲਦਾ ਤੇ ਬਣਦਾ ਹੈ **(ਭੰਡਿ ਨਿੰਮੀਐ...)**
3. ਇਸਤਰੀ ਨਾਲ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ **(ਭੰਡਿ ਮੰਗਣੁ ਵੀਆਹੁ)**
4. ਇਸਤਰੀ ਨਾਲ ਹੀ ਸਾਰਾ ਭਾਈਚਾਰਾ ਚਲਦਾ ਹੈ **(ਭੰਡਹੁ ਹੋਵੈ ਦੋਸਤੀ..)**
5. ਇਸਤਰੀ ਹੀ ਸੰਸਾਰ ਦੀ ਉਤਪਤੀ ਦਾ ਰਾਹ ਹੈ **(ਭੰਡਹੁ ਚਲੈ ਰਾਹੁ...)**
6. ਇਕ ਇਸਤਰੀ ਦੇ ਮਰ ਜਾਣ ਤੇ ਹੋਰ ਦੀ ਭਾਲ ਕਰਨੀ ਪੈਂਦੀ ਹੈ **(ਭੰਡੁ ਮੁਆ ਭੰਡੁ ਭਾਲੀਐ...)**
7. ਇਸਤਰੀ ਰਾਹੀਂ ਹੀ ਘਰ ਬੱਝਦਾ ਹੈ ਤੇ ਰਿਸ਼ਤੇਦਾਰੀਆਂ ਬਣਦੀਆਂ ਹਨ **(ਭੰਡਿ ਹੋਵੈ ਬੰਧਾਨੁ)**
8. ਇਸਤਰੀ ਰਾਹੀਂ ਹੀ ਇਸਤਰੀ ਦਾ ਜਨਮ ਹੁੰਦਾ ਹੈ **(ਭੰਡਹੁ ਹੀ ਭੰਡੁ ਊਪਜੈ ...)**
9. ਇਸਤਰੀ ਤੋ ਬਿਨਾਂ ਕੋਈ ਵੀ ਜੀਵ ਜਨਮ ਨਹੀਂ ਲੈ ਸਕਦਾ **(ਭੰਡੈ ਬਾਝੁ ਨ ਕੋਇ॥)**

ਇੰਞ ਪਾਤਸ਼ਾਹ ਜੀ ਨੇ ਸ਼ਪੱਸ਼ਟ ਕੀਤਾ ਕਿ ਇਸਤਰੀ ਅਪਵਿੱਤਰ ਨਹੀਂ, ਇਸਤਰੀ ਨੀਵੀਂ ਨਹੀਂ। ਸਗੋਂ ਗੁਰੂ ਜੀ ਨੇ ਸੁਆਲ ਕੀਤਾ ਕਿ ਜੇ ਇਸਤਰੀ ਤੋਂ ਹੀ ਵੱਡੇ-ਵੱਡੇ ਰਾਜਿਆਂ, ਮਹਾਂਪੁਰਖਾਂ ਦਾ ਜਨਮ ਹੁੰਦਾ ਹੈ ਤਾਂ ਉਸਨੂੰ ਮੰਦਾ ਕਿਉਂ ਕਿਹਾ ਜਾਵੇ? **(ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ)**।

## 123. ਭਾਗਾਂ ਭਰਿਆ, ਭਾਗਾਂ ਰਤਾ ਮੁੱਖ ਕਿਹੜਾ ਹੁੰਦਾ ਹੈ ?

* ਭਾਗਾਂ ਭਰਿਆ (fortunate) ਤੇ ਸੁੰਦਰ ਮੁੱਖ (beautiful face) ਉਹ ਹੈ ਜੋ ਸਦਾ ਪ੍ਰਭੂ ਦਾ ਗੁਣਗਾਨ ਕਰਦਾ ਹੈ **(ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥)** ਭਾਵੇਂ ਉਹ ਇਸਤਰੀ ਹੈ ਜਾਂ ਪੁਰਖ, ਗਲ ਸਿਫਤਿ ਸਾਲਾਹ ਦੀ ਹੈ। ਜੋ ਸਿਫਤਿ ਸਾਲਾਹ ਵਿੱਚ ਜੁੜਿਆ ਉਹ ਸਫਲ ਹੈ। ਸੱਚੇ ਪ੍ਰਭੂ ਦੇ ਦਰਬਾਰ ਵਿੱਚ ਏਹੀ ਮਨੁਖ ਸੋਹਣੇ ਤੇ ਉਜਲੇ ਮੁਖ (bright faces) ਵਾਲੇ ਹੁੰਦੇ ਹਨ **(ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ)**।

**124. ਕੀ ਕੋਈ ਅਜਿਹਾ ਜੀਵ ਹੈ ਜੋ ਮੇਰੀ ਮੇਰੀ ਤੋਂ ਬੱਚਿਆ ਹੋਇਆ ਹੈ ?**

* ਪਾਤਸ਼ਾਹ ਜੀ ਫੁਰਮਾਂਦੇ ਹਨ - **ਸਭ ਕੋ ਆਖੈ ਆਪਣਾ** - ਭਾਵ ਹਰ ਕੋਈ ਮੇਰੀ-ਮੇਰੀ, ਆਪਣਾ-ਆਪਣਾ ਹੀ ਕੂਕ ਰਿਹਾ ਹੈ, ਮਮਤਾ ਵਿੱਚ ਫਸਿਆ ਹੋਇਆ ਹੈ। ਜੇ ਕੋਈ ਮਮਤਾ ਵਿੱਚ ਨਹੀਂ ਫਸਿਆ ਤਾਂ ਲਭ ਕੇ ਵਿਖਾਓ **(ਜਿਸੁ ਨਾਹੀ ਸੋ ਚੁਣਿ ਕਢੀਐ ॥)** ਭਾਵ ਟਾਵੇਂ-ਟਾਵੇਂ, ਵਿਰਲੇ ਹੀ ਹਨ ਜੋ ਮਮਤਾ ਦੇ ਮੋਹ ਤੋਂ ਬੱਚ ਸਕੇ ਹਨ।

**125. ਸਾਡੇ ਆਪਣੇ ਕੀਤੇ ਕੰਮ ਦਾ ਫਲ ਕਿਸ ਨੂੰ ਭੋਗਣਾ ਪਏਗਾ?**

* ਸਾਨੂੰ ਆਪ ਨੂੰ ਹੀ ਆਪਣੇ ਕੀਤੇ ਕਰਮਾਂ ਦਾ ਹਿਸਾਬ ਭੋਗਣਾ ਪੈਂਦਾ ਹੈ **(ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ)**।

**126. ਹੰਕਾਰ ਕਰਨ ਵਾਲੇ ਨੂੰ ਗੁਰੂ ਜੀ ਕਿਵੇਂ ਸਮਝਾਉਂਦੇ ਹਨ ?**

* ਗੁਰੂ ਜੀ ਫੁਰਮਾਉਂਦੇ ਹਨ - ਐ ਮਨੁੱਖ ! ਜੇ ਤੂੰ ਇਸ ਸੰਸਾਰ ਤੇ ਸਦਾ ਥਿਰ ਰਹਿਣਾ ਹੀ ਨਹੀਂ ਤਾਂ ਕਿਉ ਹੰਕਾਰ (why consume yourself in ego) ਕਰਦਾ ਹੈਂ? **(ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥)** ਭਾਵ ਜੇ ਤੁਰ ਹੀ ਜਾਣਾ ਹੈ ਤਾਂ ਨਾਸ਼ਵੰਤ ਚੀਜ਼ਾਂ ਤੇ ਆਹਰਾਂ (ਕੰਮਾਂ) ਵਿੱਚ ਕਿਉਂ ਖਪ-ਖਪ ਮਰਦਾ ਹੈਂ ?

**127. ਪੜਾਈ ਪੜ੍ਹ ਕੇ ਸਾਨੂੰ ਕੀ ਸਮਝ ਲੈਣਾ ਚਾਹੀਦਾ ਹੈ ?**

* ਅੱਖਰ ਪੜ੍ਹ ਕੇ, ਵੱਡੀ ਪੜ੍ਹਾਈ ਕਰਕੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕਿਸੇ ਨੂੰ ਵੀ ਮੰਦਾ, ਮਾੜਾ, ਭੈੜਾ, ਨੀਵਾਂ ਨਾ ਕਹੀਏ (don't call anyone bad)। ਇਹ ਪੜੇ-ਲਿਖੇ ਮਨੁੱਖ ਦੀ ਨਿਸ਼ਾਨੀ ਹੈ ਕਿ ਉਹ ਕਿਸੇ ਦੀ ਨਿੰਦਾ ਨਹੀਂ ਕਰਦਾ **(ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ)**।

**128. ਮੂਰਖ ਨਾਲ ਕਿਹੋ ਜਿਹਾ ਵਰਤਾਉ ਕਰਨਾ ਚਾਹੀਦਾ ਹੈ ?**

* ਮੂਰਖ ਜਾਂ ਗਿਆਨਹੀਣ ਮਨੁੱਖ ਨਾਲ ਬਹਿਸ ਨਹੀਂ ਕਰਨੀ (don't enter into arguments with a fool) ਚਾਹੀਦੀ। ਗਿਆਨਹੀਣ ਨਾਲ ਝਗੜਨਾ ਯੋਗ ਨਹੀਂ **(ਮੂਰਖੈ ਨਾਲਿ ਨ ਲੁਝੀਐ)**।

(੨●)

**129. ਫਿੱਕਾ, ਰੁੱਖਾ ਜਾ ਪ੍ਰੇਮ ਹੀਣ ਬੋਲ ਬੋਲਣ ਬਾਰੇ ਗੁਰੂ ਜੀ ਦੇ ਕੀ ਉਪਦੇਸ਼ ਹਨ?**



* ਧਰਮੀ ਮਨੁੱਖ ਲਈ ਰੁਖਾ ਬੋਲਣਾ ਯੋਗ ਨਹੀਂ। ਪਾਤਸ਼ਾਹ ਜੀ ਫੁਰਮਾਂਦੇ ਹਨ ਕਿ

1. ਫਿਕਾ ਬੋਲ ਬੋਲਣ ਵਾਲੇ ਦਾ ਤਨ ਤੇ ਮਨ ਦੋਵੇਂ ਫਿੱਕੇ, ਰੁੱਖੇ ਹੋ ਜਾਂਦੇ ਹਨ **(ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥)**
2. ਰੁੱਖਾ ਬੋਲਣ ਵਾਲੇ ਦਾ ਨਾਮ ਹੀ ਰੁੱਖਾ ਪੈ ਜਾਂਦਾ ਹੈ **(ਫਿਕੋ ਫਿਕਾ ਸਦੀਐ...)**
3. ਲੋਕਾਂ ਦੀ ਰਾਇ ਵੀ ਉਸ ਬਾਰੇ ਫਿਕੀ ਤੇ ਰੁੱਖੀ ਹੋ ਜਾਂਦੀ ਹੈ **(ਫਿਕੇ ਫਿਕੀ ਸੋਇ॥)**
4. ਪ੍ਰਭੂ ਦਰਬਾਰ ਵਿੱਚ ਵੀ ਉਹ ਪ੍ਰਵਾਨ ਨਹੀਂ ਹੁੰਦਾ **(ਫਿਕਾ ਦਰਗਹ ਸਟੀਐ...)**
5. ਉਸਨੂੰ ਲਾਹਨਤਾਂ ਹੀ ਪੈਂਦੀਆਂ ਹਨ **(ਮੁਹਿ ਥੁਕਾ ਫਿਕੇ ਪਾਇ ॥)**
6. ਉਸਨੂੰ ਮੂਰਖ ਕਿਹਾ ਜਾਂਦਾ ਹੈ **(ਫਿਕਾ ਮੂਰਖੁ ਆਖੀਐ...)**
7. ਹਰ ਥਾਂ ਉਸਨੂੰ ਜੁੱਤੀਆਂ (receives shoe-beating) ਪੈਂਦੀਆਂ ਹਨ **(ਪਾਣਾ ਲਹੈ ਸਜਾਇ ॥)**

**130. ਵਿਖਾਵਾ ਤੇ ਪਾਖੰਡ ਕਰਨ ਵਾਲੇ ਮਨੁੱਖਾਂ ਦਾ ਕੀ ਹਾਲ ਹੁੰਦਾ ਹੈ ?**

* ਗੁਰੂ ਜੀ ਫੁਰਮਾਂਦੇ ਹਨ ਕਿ :-

1. ਵਿਖਾਵਾ ਕਰਨ ਵਾਲੇ ਭਾਵੇਂ 68 ਤੀਰਥਾਂ ਦੇ ਇਸ਼ਨਾਨ ਕਰ ਲੈਣ **(ਅਠਸਠਿ ਤੀਰਥ ਜੇ ਨਾਵਹਿ...)** ਤਾਂ ਵੀ ਉਹਨਾਂ ਦੀ ਮੈਲ ਨਹੀਂ ਉਤਰਦੀ **(ਉਤਰੈ ਨਾਹੀ ਮੈਲੁ॥)** ਕਿਉਂਕਿ ਉਹ ਅੰਦਰੋ, **ਮਨੋ** ਤਾਂ ਝੂਠੇ ਹਨ **(ਅੰਦਰਹੁ ਝੂਠੇ)** ਤੇ ਬਾਹਰ ਵਿਖਾਵਾ ਕਰਦੇ ਹਨ **(ਪੈਜ ਬਾਹਰਿ),** ਬਾਹਰ ਬੜਾ ਆਡੰਬਰ ਤੇ ਪਸਾਰਾ ਕਰੀ ਵਿਖਾਂਦੇ ਹਨ। **(ਦੁਨੀਆ ਅੰਦਰਿ ਫੈਲੁ )**

2. ਅਜਿਹੇ ਵਿਖਾਵਾ ਕਰਨ ਵਾਲੇ ਪਾਖੰਡੀਆਂ ਦਾ ਪ੍ਰਭੂ ਦਰਬਾਰ ਵਿਚ ਕੀਤੇ ਕਰਮਾਂ ਦਾ ਲੇਖ ਲਿਆ ਜਾਂਦਾ ਹੈ **(ਦਰਿ ਲਏ ਲੇਖਾ)** ਤੇ ਅੰਤ ਵਿਚ ਇਉਂ ਪੀੜੇ ਜਾਂਦੇ ਹਨ ਜਿਵੇਂ ਤਿਲ ਪੀੜ ਕੇ ਤੇਲ ਕਢੀਦਾ ਹੈ। **(ਪੀੜਿ ਛੁਟੈ ਨਾਨਕਾ ਜਿਉ ਤੇਲੁ ॥)**

**131. ਭਲੇ ਮਨੁੱਖਾਂ ਦਾ ਕੀ ਵਿਵਹਾਰ ਹੁੰਦਾ ਹੈ ?**

* ਭਲੇ ਮਨੁੱਖ ਅਸਲ ਵਿੱਚ

1. ਬਾਹਰੋਂ ਸਾਦਗੀ ਵਿਚ ਹੁੰਦੇ ਹਨ **(ਬਾਹਰਿ ਗੁਦੜੁ)** ਪਰ ਅੰਦਰੋਂ ਉਹ ਰੱਬੀ ਪਿਆਰ ਰੂਪੀ ਰੇਸ਼ਮ ਨਾਲ ਓਤਪੋਤ ਹੁੰਦੇ ਹਨ **(ਪਟੁ ਅੰਦਰਿ)**।

2. ਪ੍ਰਭੂ ਨੂੰ ਦੇਖਣ ਦੇ ਵਿਚਾਰ ਨਾਲ ਹੀ **(ਦੇਖਨ੍ਹੇ ਵੀਚਾਰਿ)** ਉਹਨਾਂ ਦੇ ਅੰਦਰ ਰੱਬੀ

ਪਿਆਰ ਲੱਗ ਜਾਂਦਾ ਹੈ **(ਤਿਨ੍ ਨੇਹੁ ਲਗਾ ਰਬ ਸੇਤੀ)**।

3. ਭਾਵੇਂ ਉਹ ਹੱਸਣ-ਰੋਵਣ ਜਾਂ ਚੁਪ ਕਰ ਜਾਣ ਇਹ ਸਭ ਪ੍ਰਭੂ ਦੇ ਰੰਗ ਵਿੱਚ ਹੀ ਹੁੰਦੇ ਹਨ **(ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ)**।

4. ਅਜਿਹੇ ਦਲੇਰ ਹੁੰਦੇ ਹਨ ਕਿ ਇਕ ਸੱਚੇ ਪ੍ਰਭੂ ਤੋ ਬਿਨਾਂ **(ਬਾਝੁ ਸਚੇ ਨਾਹ)** ਉਹ ਕਿਸੇ ਹੋਰ ਦੀ ਮੁਥਾਜੀ ਨਹੀਂ ਕਰਦੇ **(ਪਰਵਾਹ ਨਾਹੀ ਕਿਸੈ ਕੇਰੀ)**।

### 132. 'ਹਮਾ ਤੁਮਾ ਮੇਲ' ਦਾ ਕੀ ਭਾਵ ਹੈ ?

* 'ਹਮਾ ਤੁਮਾ' ਦਾ ਭਾਵ ਹੈ ਚੰਗੇ ਤੇ ਮੰਦੇ ਜੀਵ। ਅਸਲ ਵਿੱਚ ਪ੍ਰਭੂ ਦਾ ਦਰਬਾਰ ਇੱਕ ਹੀ ਹੈ **(ਦੀਬਾਨੁ ਏਕੋ)** ਤੇ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾਂ ਲਿਖਣ ਵਾਲੀ ਕਲਮ ਵੀ **(ਕਲਮ ਏਕਾ)** ਇਕ ਹੀ ਹੈ। ਸਾਰੇ ਚੰਗੇ ਤੇ ਮੰਦੇ ਜੀਵਾਂ ਦਾ ਆਪਸੀ ਮੇਲਾ ਵੀ ਇਸੇ ਇਕ ਦਰਬਾਰ ਵਿਚ ਹੁੰਦਾ ਹੈ ਤੇ ਸਭ ਨਾਲ ਨਿਆਂ ਕੀਤਾ ਜਾਂਦਾ ਹੈ ।

### 133. 'ਸਭੁ ਕੋਈ ਆਈ ਵਾਰੀਐ ॥ ' ਦਾ ਕੀ ਭਾਵ ਹੈ ?

* ਇਸ ਜਗਤ ਵਿਚ ਜੋ ਵੀ ਜੰਮਿਆ ਹੈ ਉਸਨੇ ਜਾਣਾ ਹੀ ਜਾਣਾ ਹੈ **(ਜੋ ਆਇਆ ਸੋ ਚਲਸੀ)**। ਬਸ ਇਹ ਤਾਂ ਆਪਣੀ ਆਪਣੀ ਵਾਰੀ ਦੀ ਗੱਲ ਹੈ ਕਿਸਨੇ ਪਹਿਲਾਂ ਜਾਣਾ ਹੈ ਤੇ ਕਿਸਨੇ ਬਾਅਦ ਵਿਚ। ਸਭ ਦੀ ਵਾਰੀ ਆਏਗੀ ਹੀ ਆਏਗੀ **(ਸਭੁ ਕੋਈ ਆਈ ਵਾਰੀਐ)**।

### 134. ਜਦ ਸਾਡੀ ਵਾਰੀ ਵੀ ਆਉਣੀ ਹੀ ਆਉਣੀ ਹੈ ਤਾਂ ਕੀ ਕਰੀਏ ?

* **ਮਨ** ਵਿੱਚ ਸਦਾ ਇਹ ਰਖੀਏ - ਪਤਾ ਨਹੀਂ ਕਦੋਂ ਵਾਰੀ ਆ ਜਾਣੀ ਹੈ ਇਸ ਲਈ ਜਦ ਤਕ ਸਰੀਰ ਵਿਚ ਜਾਨ ਹੈ, ਸਿਮਰਨ ਭਗਤੀ ਕਰਦੇ ਰਹੀਏ, ਕਦੇ ਵੀ 'ਸਾਹਿਬ' ਨੂੰ, ਪ੍ਰਭੂ ਨੂੰ ਮਨਹੁ ਨਾਹ ਭੁਲਾਈਏ, ਵਿਸਾਰੀਏ **(ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ)**।

### 135. 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ ' ਦਾ ਕੀ ਭਾਵ ਹੈ?

* ਇਸ ਦਾ ਭਾਵ ਹੈ ਕਿ ਆਲਸ ਤੇ ਅਵੇਸਲਾਪਨ ਛੱਡ ਕਿ ਆਪਣੇ ਹੱਥਾਂ ਨਾਲ ਆਪ ਹੀ ਉਦਮ ਕਰਨਾ ਚਾਹੀਦਾ ਹੈ । ਮਨੁੱਖਾ ਜੀਵਨ ਨੂੰ ਸਫਲ ਕਰਨ ਦਾ ਕੰਮ ਆਪ ਹੀ ਸੰਵਾਰੀਏ।

(੨੧)

### 136. ਅਸਲ ਤੇ ਸੱਚਾ ਆਸ਼ਕ ਜਾਂ ਪ੍ਰੇਮੀ ਕੌਣ ਹੈ ?



* ਜੇ ਕੋਈ ਆਸ਼ਕ/ਪ੍ਰੇਮੀ ਪਰਮਾਤਮਾ ਨੂੰ ਛੱਡ ਕੇ ਹੋਰ ਕਿਸੇ ਨਾਲ ਪ੍ਰੀਤ ਪਾਈ ਜਾਵੇ ਇਹ ਕਿਵੇਂ ਦੀ ਆਸ਼ਕੀ ਹੋਈ ? ਕਿਵੇਂ ਦੀ ਪ੍ਰੀਤ ਹੋਈ? **(ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ)**। ਸੱਚਾ ਆਸ਼ਕ (true lover) ਉਹ ਹੈ ਜੋ ਕਿਸੇ ਦੂਜੇ ਨਾਲ ਪਿਆਰ ਨਹੀਂ ਪਾਂਦਾ।

### 137.'ਮੁੰਢਹੁ ਘੁਥਾ' - ਆਰੰਭ ਤੋ ਹੀ ਸਚੇ ਰਾਹੋਂ ਖੁਝਿਆ ਕੌਣ ਹੈ ?

* ਜੋ ਸੇਵਕ ਸਲਾਮ ਵੀ ਕਰਦਾ ਹੈ ਤੇ ਨਾਲ ਹੀ ਜਵਾਬ ਵੀ ਦਿੰਦਾ ਹੈ ਭਾਵ ਹੁਕਮ ਮੰਨਣ ਤੋਂ ਨਾਂਹ ਵੀ ਕਰਦਾ ਹੈ ਉਹ ਅਸਲ ਵਿੱਚ ਆਤਮਕ ਮਾਰਗ ਦੇ ਆਰੰਭ (from very beginning) ਤੋਂ ਹੀ ਖੁੰਝ ਗਿਆ ਸਮਝੋ **(ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ)**।

ਅਜਿਹੇ ਮਨੁੱਖ ਦਾ ਸਮਝੋ ਸਲਾਮ ਤੇ ਜਵਾਬ ਕਰਨਾ ਦੋਵੇ ਹੀ ਗੱਲਾਂ ਝੂਠੀਆਂ ਹਨ, ਇਹਨਾਂ ਦੋਵਾਂ ਨੂੰ ਪ੍ਰਭੂ ਦੇ ਦਰ ਤੇ ਕੋਈ ਪ੍ਰਵਾਨਗੀ ਨਹੀਂ ਮਿਲਦੀ ।

### 138. 'ਦੇ ਲੰਮੀ ਨਦਰਿ' ਦਾ ਕੀ ਭਾਵ ਹੈ ?

* ਇਸ ਦਾ ਭਾਵ ਹੈ ਦੂਰਦ੍ਰਿਸ਼ਟੀ ਨਾਲ, ਦੂਰਅੰਦੇਸ਼ੀ ਨਾਲ (examine everything deeply)। ਗੁਰੂ ਜੀ ਫੁਰਮਾਂਦੇ ਹਨ ਕਿ ਐ ਮਨੁੱਖ ! ਕਦੇ ਵੀ, ਉੱਕਾ ਹੀ, ਮੂਲ ਹੀ, ਮਾੜਾ ਕੰਮ ਨਾ ਕਰ **(ਮੰਦਾ ਮੂਲਿ ਨ ਕੀਚਈ)** ਸਗੋਂ ਦੂਰ ਦ੍ਰਿਸ਼ਟੀ ਨਾਲ **(ਦੇ ਲੰਮੀ ਨਦਰਿ ਨਿਹਾਲੀਐ ॥)** ਚੇਤੇ ਕਰ ਕਿ ਅਜਿਹੇ ਕਰਮ ਨਾਲ ਤੇਰਾ ਜੀਵਨ ਗਰਕ ਹੋ ਜਾਵੇਗਾ। ਮਨੁੱਖਾਂ ਜੀਵਨ ਦੀ ਚੌਪੜ ਖੇਡ ਵਿਚ ਓਹੀ ਸ਼ੁਭ ਕਰਮ ਕਰਨਾ ਚਾਹੀਦਾ ਹੈ ਜਿਸ ਨਾਲ ਪ੍ਰਭੂ ਦਰਬਾਰ ਦੀ ਬਾਜ਼ੀ ਹਾਰ ਨ ਜਾਈਏ **(ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ)**। ਹਮੇਸ਼ਾ ਕੋਈ ਨਫ਼ੇ ਵਾਲੀ ਘਾਲਣਾ ਹੀ ਘਾਲਣੀ ਚਾਹੀਦੀ ਹੈ **(ਕਿਛੁ ਲਾਹੇ ਉਪਰਿ ਘਾਲੀਐ)**।

(੨੨)

### 139. ਕਿਹੜਾ ਚਾਕਰ, ਸੇਵਕ ਪਰਵਾਨ ਚੜਦਾ ਹੈ, ਕਿਹੜਾ ਨਹੀਂ?

* ਜਿਹੜਾ ਚਾਕਰ (servant), ਸੇਵਕ ਸੇਵਾ ਵਿਚ ਤਾਂ ਲਗਾ ਹੋਵੇ ਪਰ ਨਾਲ ਹੀ ਹੰਕਾਰ ਵਸ ਬਹਿਸ ਕਰੇ, ਝਗੜੇ ਕਰੇ (quarrelsome) **(ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥)** ਅਤੇ ਬਹੁਤਾ ਬੋਲੇ (boastful talk) ਉਸਨੂੰ ਖਸਮ ਦੀ ਪ੍ਰਸੰਨਤਾ

ਹਾਸਲ ਨਹੀਂ ਹੁੰਦੀ **(ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ)**। ਆਪਾ ਗਵਾ (effaces himself) ਕੇ ਸੇਵਾ ਕਰੇ ਤਾਂ ਹੀ ਉਸਨੂੰ ਕੋਈ ਮਾਣ, ਵਡਿਆਈ ਪਰਾਪਤ ਹੁੰਦੀ ਹੈ **(ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ)**। ਜੋ ਪ੍ਰਭੂ ਦੇ ਨਾਲ ਇਕ ਮਿਕ ਹੋ ਜਾਵੇ, ਅਜਿਹਾ ਲਗਾ ਹੋਇਆ ਸੇਵਕ ਹੀ ਪਰਵਾਨ ਚੜਦਾ ਹੈ **(ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ)**।

**140. ਕੀ ਮਨੁੱਖ ਆਪਣੇ ਦਿਲ ਦੀ ਅਸਲ ਗਲ ਨੂੰ ਹੋਰ ਹੋਰ ਗਲਾਂ ਕਰਕੇ ਲੁਕਾ ਸਕਦਾ ਹੈ ?**

* ਨਹੀਂ ਜੀਉ। **'ਜੋ ਜੀਇ ਹੋਇ ਸੁ ਉਗਵੈ'** ਭਾਵ ਜੋ ਮਨ ਦੇ ਅੰਦਰ ਹੋਵੇ ਉਹ ਗੱਲਬਾਤ ਜਾਂ ਆਚਰਨ ਵਿਚ ਪਰਗਟ ਹੋ ਹੀ ਜਾਂਦੀ ਹੈ (whatever is in mind will come out)। ਭਾਵੇਂ ਮੂੰਹ ਜ਼ੁਬਾਨੀ (lip-worship) ਕਿੰਨੀਆਂ ਹੀ ਗੱਲਾਂ ਨਾਲ ਉਸਨੂੰ ਛੁਪਾਉਣ ਦਾ ਜਤਨ ਕਰੇ ਉਹ ਸਫਲ ਨਹੀਂ ਹੁੰਦਾ। ਸਗੋਂ ਮੂੰਹੋਂ ਬੋਲ ਕੇ ਲੁਕਾਉਣਾ ਤਾਂ ਵਿਅਰਥ ਹੁੰਦਾ ਹੈ, ਵਾਉ ਹੁੰਦਾ ਹੈ **(ਮੁਹ ਕਾ ਕਹਿਆ ਵਾਉ)**।

**141. ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥' ਦਾ ਕੀ ਭਾਵ ਹੈ ?**

* ਇਆਣੇ ਦਾ ਅਰਥ ਹੈ ਅੰਞਾਣ (fool), ਨਾਸਮਝ, ਅਲ੍ਹੜ ਪੁਣਾ। ਇੱਥੇ ਗੁਰੂ ਜੀ ਨੇ **ਮਨ** ਨੂੰ ਇਆਣਾ ਬੱਚਾ ਕਿਹਾ ਹੈ । ਜਿਵੇਂ ਬਾਲਕ ਬੇਸਮਝ ਹੁੰਦਾ ਹੈ ਤੇ ਵਡਿਆਂ ਦੇ ਕੰਮ ਵਿਚ ਉਹ ਕਦੇ ਵੀ ਮਾਹਰ ਨਹੀਂ ਹੋ ਸਕਦਾ **(ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥)** ਕਿਉਂਕਿ ਅਗਿਆਨਤਾ ਵਸ ਉਹ ਜਿਨਾਂ ਜਾਣਦਾ ਹੈ ਉਨਾਂ ਹੀ ਕੰਮ ਕਰ ਪਾਂਦਾ ਹੈ **(ਜੇਹਾ ਜਾਣੈ ਤੇਹੋ ਵਰਤੈ)**। ਇਹ ਗੱਲ ਕੋਈ ਵੀ ਨਿਰਣਾ ਕਰਕੇ ਵੇਖ ਲਵੇ **(ਵੇਖਹੁ ਕੋ ਨਿਰਜਾਸਿ)**।

**142. ਕੀ ਪ੍ਰਭੂ ਨੂੰ ਹੁਕਮ ਕੀਤਾ ਜਾ ਸਕਦਾ ਹੈ ?**

* ਨਹੀਂ ਜੀ। **'ਸਾਹਿਬ ਸੇਤੀ ਹੁਕਮ ਨ ਚਲੈ'** ਭਾਵ ਪ੍ਰਭੂ ਦੇ ਅਗੇ ਕਿਸੇ ਦਾ ਵੀ ਹੁਕਮ ਨਹੀਂ ਚਲਦਾ ਉਸ ਅੱਗੇ ਤਾਂ ਬਸ ਅਰਦਾਸ (supplication) ਕਰਨੀ ਹੀ ਫੱਬਦੀ ਹੈ **(ਕਹੀ ਬਣੈ ਅਰਦਾਸਿ)**।

**143. ਵਿਗਾਸ, ਖੇੜਾ ਕਿਵੇਂ ਆ ਸਕਦਾ ਹੈ ?**

* ਕੂੜ ਤੇ ਧੋਖਾ ਕਰਨ ਵਾਲਿਆਂ ਨੂੰ ਅੰਤ ਵਿਚ ਧੋਖਾ (practising falsehood,



falsehood is obtained) ਹੀ ਮਿਲਦਾ ਹੈ **(ਕੂੜਿ ਕਮਾਣੈ ਕੂੜੋ ਹੋਵੈ)** ਪਰ ਸਿਫਤਿ ਸਾਲਾਹ ਕਰਨ ਨਾਲ ਖੇੜਾ (Divine happiness comes by praising) ਮਿਲਦਾ ਹੈ **(ਨਾਨਕ ਸਿਫਤਿ ਵਿਗਾਸਿ)**।

**144. 'ਪਾਣੀ ਅੰਦਰਿ ਲੀਕ' ਦਾ ਕੀ ਭਾਵ ਹੈ ?**

* ਪਾਣੀ ਦੇ ਅੰਦਰ ਕੋਈ ਲਕੀਰ ਵਾਹੀ ਜਾਏ (line drawn on water) ਤਾਂ ਉਹ ਬਣੀ ਨਹੀਂ ਰਹਿੰਦੀ। ਉਸਦਾ ਨਾਮੋ ਨਿਸ਼ਾਨ ਹੀ ਮਿਟ ਜਾਂਦਾ ਹੈ। ਇਸੇ ਤਰਾਂ ਦੋ ਗੱਲਾਂ ਨੂੰ ਗੁਰੂ ਜੀ ਨੇ ਪਾਣੀ ਅੰਦਰ ਲੀਕ ਦੀ ਤੁਲਨਾ ਦਿੱਤੀ ਹੈ :

1. ਅੰਞਾਣ ਨਾਲ ਦੋਸਤੀ ਕਰਨੀ **(ਨਾਲਿ ਇਆਣੇ ਦੋਸਤੀ)**
2. ਵਡੀ ਪਦਵੀ ਤੇ ਵੱਡੀ ਸ਼ਾਨ ਵਾਲੇ ਨਾਲ ਪਿਆਰ ਪਾਉਣਾ **(ਵਡਾਰੂ ਸਿਉ ਨੇਹੁ)**

**145. ਜਿਹੜਾ ਸੇਵਕ ਖਸਮ ਪ੍ਰਭੂ ਨੂੰ ਚੰਗਾ ਲਗੇ ਉਸ ਉਤੇ ਕੀ ਬਖਸ਼ਿਸ਼ਾਂ ਹੁੰਦੀਆਂ ਹਨ?**

* ਜੋ ਖਸਮ ਪ੍ਰਭੂ ਨੂੰ ਚੰਗਾ ਲਗੇ, ਉਸਦੇ ਭਾਣੇ ਵਿਚ ਚਲੇ **(ਜੇ ਚਲੈ ਖਸਮੈ ਭਾਇ ॥ )** ਤਾਂ ਹੀ ਉਸਨੂੰ ਅਸਲ ਚਾਕਰ ਸਮਝਿਆ ਜਾਣਾ ਚਾਹੀਦਾ ਹੈ **(ਚਾਕਰੁ ਲਗੈ ਚਾਕਰੀ)**। ਅਜਿਹੇ ਖਸਮ ਦੇ ਪਿਆਰੇ ਚਾਕਰ ਨੂੰ ਖਸਮ ਵੱਲੋਂ ਬਹੁਤ (**ਅਗਲੀ** greater) ਇਜ਼ਤ (**ਹੁਰਮਤਿ** honour) ਮਿਲਦੀ ਤੇ ਨਾਲ ਹੀ ਤਨਖਾਹ (**ਵਜਹੁ** wages) ਭੀ ਦੁਗਣੀ ਮਿਲਦੀ ਹੈ **(ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ)**।

**146. ਜਿਹੜਾ ਸੇਵਕ ਖਸਮ ਪ੍ਰਭੂ ਨਾਲ ਬਰਾਬਰੀ ਕਰਨ ਲੱਗ ਪਏ ਉਸਦਾ ਕੀ ਹਾਲ ਹੁੰਦਾ ਹੈ?**

* ਅਜਿਹਾ ਸੇਵਕ ਅੰਤ ਵਿਚ ਸ਼ਰਮਿੰਦਗੀ **(ਗੈਰਤਿ)** ਹੀ ਪਾਂਦਾ ਹੈ **(ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥)** ਪਹਿਲਾਂ ਮਿਲਦੀ ਤਨਖਾਹ ਵੀ ਬੰਦ ਹੋ ਜਾਂਦੀ ਹੈ ਤੇ ਨਾਲ ਆਤਮਕ ਜੀਵਨ ਵਿਚ ਮੂੰਹ ਤੇ ਜੁੱਤੀਆਂ ਦੀ ਸਜ਼ਾ ਸਹਿਣ ਕਰਦਾ ਹੈ **(ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ )**।

(੨੩)

**147. ਉੱਚੀ ਆਤਮਕ ਅਵਸਥਾ ਪ੍ਰਾਪਤ ਹੋਣ ਤੇ ਹਉਮੈ ਤੋਂ ਕਿਵੇਂ ਬਚੀਏ?**

* ਜਦੋਂ ਕਿਸੇ ਨੂੰ ਭਗਤੀ ਤੇ ਸੇਵਾ ਨਾਲ ਕੋਈ ਦਾਤਿ ਪ੍ਰਾਪਤ ਹੋ ਜਾਏ ਤੇ ਉਹ ਕਹੇ ਕਿ

ਮੈਂ ਆਪਣੀ ਘਾਲਣਾ ਨਾਲ ਇਹ ਦਾਤਿ ਹੀ ਪ੍ਰਾਪਤ ਕੀਤੀ ਹੈ ਤਾਂ ਇਹ ਕਿਹੋ ਜਿਹੀ ਬਖਸ਼ਿਸ਼ ਹੋਈ? **(ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥)**

ਅਸਲ ਕਰਮਾਤਿ (ਕਰਮ+ਅਤਿ ਭਾਵ ਬੇਅੰਤ ਬਖਸ਼ਿਸ਼), ਅਸਲ ਬੇਅੰਤ ਬਖਸ਼ਿਸ਼ ਤਾਂ ਹੀ ਹਾਸਲ ਕੀਤੀ ਆਖੀਐ ਜੇਕਰ ਇਹ ਵਾਹਿਗੁਰੂ ਜੀ ਦੇ ਪ੍ਰਸੰਨ ਹੋਣ ਤੇ ਹਾਸਲ ਹੋਈ ਹੈ। ਭਾਵ ਉਦਮ ਤੇ ਸਰਮ ਕਰਦੇ ਹੋਏ ਵੀ ਪ੍ਰਭੂ ਦੀ ਬਖਸ਼ਿਸ਼ ਵੱਲ ਹੀ ਕੇਂਦਰਿਤ ਰਹਿਣਾ ਚਾਹੀਦਾ ਹੈ **(ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ)। ਮਨ** ਵਿੱਚ ਮੰਨ ਲਈਏ ਕਿ ਉਚੀ ਆਤਮਕ ਅਵਸਥਾ ਬਖਸ਼ਿਸ਼ ਨਾਲ ਹੀ ਮਿਲੀ ਹੈ ਮੇਰੀ ਘਾਲ ਨਾਲ ਨਹੀਂ।

### 148. 'ਸਾਖਤੀ' ਦਾ ਕੀ ਭਾਵ ਹੈ?

* ਸਾਖਤੀ ਦਾ ਭਾਵ ਹੈ ਸਿਰਜਨਾ, ਬਨਾਵਟ, ਪੈਦਾਇਸ਼ (creation)। ਪ੍ਰਭੂ ਆਪ ਹੀ ਇਹ ਸ੍ਰਿਸ਼ਟੀ ਤੇ ਜੀਵਾਂ ਨੂੰ ਸਾਜਦਾ ਹੈ **(ਆਪਿ ਕਰਾਏ ਸਾਖਤੀ)** ਤੇ ਫਿਰ ਆਪ ਹੀ ਨਾਸ਼ ਕਰ ਦਿੰਦਾ ਹੈ **(ਫਿਰਿ ਆਪਿ ਕਰਾਏ ਮਾਰ)**।

### 149. ਕੀ ਪ੍ਰਭੂ ਦੇ ਖਿਲਾਫ ਕਿਸੇ ਹੋਰ ਅਗੇ ਪੁਕਾਰ ਕੀਤੀ ਜਾ ਸਕਦੀ ਹੈ?

* ਨਹੀਂ ਜੀ। ਪ੍ਰਭੂ ਤਾਂ **'ਆਪਿ ਕਰਾਏ ਕਰੇ ਆਪਿ'** ਉਹ ਆਪ ਹੀ ਕਰਵਾ ਰਿਹਾ ਹੈ ਤੇ ਆਪ ਹੀ ਕਰ ਰਿਹਾ ਹੈ। ਕੋਈ ਹੋਰ ਹੈ ਹੀ ਨਹੀਂ ਕਿਸ ਅਗੇ ਕਰੀਏ ਪੁਕਾਰ? **(ਹਉ ਕੈ ਸਿਉ ਕਰੀ ਪੁਕਾਰ)**।

(੨੪)

### 150. ਪ੍ਰਭੂ ਦੀ ਖੇਡ ਕੈਸੀ ਹੈ?

* ਪ੍ਰਭੂ ਦੀ ਖੇਡ ਬਹੁਤ ਨਿਰਾਲੀ ਹੈ:-

1. ਉਹ ਆਪ ਹੀ ਸਰੀਰ ਰੂਪੀ ਭਾਂਡੇ (vessels) ਸਾਜਦਾ ਹੈ **(ਆਪੇ ਭਾਂਡੇ ਸਾਜਿਅਨੁ...)**
2. ਆਪ ਹੀ ਉਹਨਾਂ ਨੂੰ ਗੁਣਾਂ ਨਾਲ ਪੂਰਣ ਕਰਦਾ ਹੈ **(ਆਪੇ ਪੂਰਣੁ ਦੇਇ॥)**
3. ਕਈ ਸਰੀਰਾਂ ਵਿਚ ਗੁਣਾਂ ਰੂਪੀ ਦੁੱਧ ਪਾ ਦਿੰਦਾ ਹੈ **(ਇਕਨ੍ਹੀ ਦੁਧੁ ਸਮਾਈਐ...)**
4. ਕਈ ਸਰੀਰਾਂ ਨੂੰ ਤ੍ਰਿਸ਼ਨਾ, ਈਰਖਾ ਆਦਿ ਔਗੁਣਾਂ ਰੂਪੀ ਚੁਲ੍ਹਿਆਂ ਤੇ ਚਾੜ੍ਹ ਦਿੰਦਾ ਹੈ **(ਇਕਿ ਚੁਲ੍ਹੈ ਰਹਨਿ ਚੜੇ॥)**
5. ਕਈ ਜੀਵ ਸੁਖਦਾਈ ਬਿਸਤਰੇ (mattresses) ਉਤੇ ਬੇਫਿਕਰ ਸੌਂਦੇ ਹਨ **(ਇਕਿ ਨਿਹਾਲੀ ਪੈ ਸਵਨ੍ਹਿ...)**
6. ਪਰ ਕਈ ਜੀਵ ਉਹਨਾਂ ਦੀ ਸੇਵਾ ਤੇ ਰਾਖੀ (as watchman) ਲਈ ਹਾਜ਼ਰ ਰਹਿੰਦੇ ਹਨ, ਖੜੇ ਰਹਿੰਦੇ ਹਨ **(ਇਕਿ ਉਪਰਿ ਰਹਨਿ ਖੜੇ)**।

ਅਸਲ ਵਿੱਚ ਪ੍ਰਭੂ ਜਿਹਨਾਂ ਉਤੇ ਮਿਹਰ ਦੀ ਨਜ਼ਰ ਕਰਦਾ ਹੈ ਉਹਨਾਂ ਦਾ ਜੀਵਨ ਸੁਧਾਰ ਦਿੰਦਾ ਹੈ **(ਤਿਨ੍ਹਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ)**।

### 151. ਕੀ ਅਸੀਂ ਪ੍ਰਭੂ ਦੀਆਂ ਵਡਿਆਈਆਂ ਬਿਆਨ ਕਰ ਸਕਦੇ ਹਾਂ?

* ਨਹੀਂ ਜੀ, ਵੱਡੇ ਪਰਮੇਸ਼ਰ ਦੀਆਂ ਵਡਿਆਈਆਂ ਬਾਰੇ ਕੁਝ ਵੀ ਕਹਿਣ ਦਾ ਯਤਨ ਕਰੀਏ, ਪੂਰਾ ਬਿਆਨ ਨਹੀਂ ਕਰ ਸਕਦੇ (cannot be expressed)। ਐਓਂ ਜਾਪਦਾ ਹੈ ਕੁਝ ਵੀ ਨਹੀਂ ਕਹਿ ਸਕੇ **(ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ)**।

### 152. ਜੀਵ ਕਿਹੜੀ-ਕਿਹੜੀ ਕਾਰ (ਕੰਮ) ਕਰ ਸਕਦੇ ਹਨ?

* ਜੀਵ ਕੇਵਲ ਓਹੀ ਕੰਮ ਕਰ ਸਕਦੇ ਹਨ **(ਸਾਈ ਕਾਰ ਕਮਾਵਣੀ)** ਜੋ ਧੁਰ ਤੋਂ ਹੀ ਪ੍ਰਭੂ ਨੇ ਉਹਨਾਂ ਦੇ ਭਾਗਾਂ ਵਿਚ (assigned from the very begining) ਪਾ ਛੱਡੇ ਹਨ **(ਧੁਰਿ ਛੋਡੀ ਤਿੰਨੈ ਪਾਇ)**।

### 153. 'ਏਕੀ ਬਾਹਰੀ' ਦਾ ਕੀ ਭਾਵ ਹੈ?

* 'ਏਕੀ ਬਾਹਰੀ' ਦਾ ਭਾਵ ਹੈ ਇੱਕ ਪ੍ਰਭੂ ਤੋਂ ਬਿਨ੍ਹਾਂ (except one God) ਸਾਡੇ ਜੀਵਾਂ ਕੋਲ ਪ੍ਰਭੂ ਤੋਂ ਬਿਨ੍ਹਾਂ ਹੋਰ ਦੂਜੀ ਠਓਰ (shelter), ਠਿਕਾਣਾ, ਥਾਂ ਨਹੀਂ ਹੈ **(ਹੋਰ ਦੂਜੀ ਨਾਹੀ ਜਾਇ)**।

### 154. ਪ੍ਰਭੂ ਕਿਹੋ ਜਿਹੇ ਕੰਮ ਕਰਦਾ ਹੈ?

* ਪ੍ਰਭੂ ਓਹੋ ਕੁਝ ਕਰਦਾ ਹੈ ਜੋ ਉਸਦੀ ਮਰਜ਼ੀ ਹੁੰਦੀ ਹੈ **(ਸੋ ਕਰੇ ਜਿ ਤਿਸੈ ਰਜਾਇ॥** He does what pleases Him**)**। ਅਸੀਂ ਜੀਵ ਖੁਸ਼ ਹੁੰਦੇ ਹਾਂ ਕਿ ਉਸਨੇ ਸਾਡੀ ਗੱਲ ਮੰਨ ਲਈ। ਨਹੀਂ, ਉਹ ਓਹੋ ਕੁਝ ਕਰਦਾ ਹੈ ਜੋ ਉਸਨੂੰ ਭਾਉਂਦਾ ਹੈ। ਜੇ ਸਾਨੂੰ ਉਹ ਸਭ ਕੁਝ ਚੰਗਾ ਲਗਨ ਲੱਗ ਪਏ ਜੋ ਪ੍ਰਭੂ ਨੂੰ ਚੰਗਾ ਲੱਗਦਾ ਹੈ ਤਾਂ ਜਾਣੋ ਅਸੀਂ ਭਾਣੇ ਵਿਚ ਹਾਂ ਤੇ ਇਸੇ ਭਾਣੇ ਅੰਦਰ ਅਨੰਦ-ਅਨੰਦ, ਅਨੰਦੋ-ਅਨੰਦ ਘਣਾ ਹੈ।

# ਕਰਣੀ ਕੀਰਤਿ

(Deeds and Meditation)

ਲੋਕਾਂ ਵਿਚ ਸਾਡੀ ਇਜ਼ਤ ਬਣਦੀ ਹੈ - ਵਿਦਿਆ, ਪਦਵੀ, ਧਨ, ਦੌਲਤ ਅਤੇ ਪਦਾਰਥਕ ਪ੍ਰਾਪਤੀਆਂ ਨਾਲ।

ਪਰਲੋਕ ਵਿਚ ਕਿਵੇਂ ਬਣਦੀ ਹੈ? ਪਰਲੋਕ ਵਿਚ ਕੀ ਸਾਡੀ ਵਿਦਿਆ, ਪਦਵੀਆਂ, ਧਨ-ਦੌਲਤ ਨਾਲ ਵੀ ਕੁਝ ਮਿਲਦਾ ਹੈ ਕਿ ਨਹੀਂ?

ਇਸ ਲੋਕ ਵਿਚ ਤਾਂ ਇਹ ਪ੍ਰਾਪਤੀਆਂ ਵੱਡੀਆਂ ਜਾਪਦੀਆਂ ਹਨ ਪਰ ਅਗੇ, ਭਾਵ ਪ੍ਰਭੂ ਦਰਬਾਰ ਵਿੱਚ ਕੇਵਲ ਦੋ ਚੀਜ਼ਾਂ ਹੀ ਵੇਖੀਆਂ ਜਾਂਦੀਆਂ ਹਨ:-

1. **ਕਰਣੀ (Deeds)**
2. **ਕੀਰਤਿ (Devotion, Meditation)**

ਭਾਵ ਪਹਿਲੀ ਗੱਲ ਹੈ ਕਿ ਸਾਡੇ ਕਰਮ ਕਿਹੋ ਜਿਹੇ ਹਨ? ਕੀ ਕੀ ਨੇਕ ਕਰਮ ਕੀਤੇ? ਕਿੰਨਾ ਪਰਉਪਕਾਰ ਕੀਤਾ?

ਤੇ ਦੂਜੀ ਗੱਲ ਹੈ - ਕੀਰਤਿ। ਕਿੰਨੀ ਕੀਰਤੀ ਕੀਤੀ? ਕਿੰਨੀ ਸਿਫਤ ਸਾਲਾਹ ਕੀਤੀ? ਸਾਸ-ਗਿਰਾਸ ਭਗਤੀ ਵਿਚ ਰਤੇ ਰਹੇ ਕਿ ਕੇਵਲ ਭਗਤੀ ਦਾ ਵਿਖਾਵਾ ਕੀਤਾ?

ਸੋ ਜਿੱਥੇ ਦੁਨਿਆਵੀ ਪ੍ਰਾਪਤੀਆਂ ਲਈ ਅਸੀਂ ਵਿਦਿਆ ਪੜ੍ਹਦੇ ਹਾਂ, ਉੱਚੇ ਤੋਂ ਉੱਚੇ ਅਹੁਦਿਆਂ ਤੇ ਜਾਣ ਲਈ ਤਰਲੋ-ਮੱਛੀ ਹੁੰਦੇ ਹਾਂ, ਧਨ ਦੌਲਤ ਦਾ ਸੰਗ੍ਰਹਿ ਕਰਦੇ ਹਾਂ, ਉਥੇ ਨਾਲ ਹੀ ਅੱਗਾ ਵੀ ਸਵਾਰ ਲਈਏ - ਚੰਗੀ ਕਰਣੀ ਕਰੀਏ ਤੇ ਪ੍ਰਭੂ ਦੀ ਕੀਰਤੀ ਗਾਈਏ। ਇਹੀ ਦੋ ਗੱਲਾਂ ਹੀ ਅੱਗੇ ਵਾਚੀਆਂ ਜਾਣਗੀਆਂ, ਪਰਖੀਆਂ ਜਾਣਗੀਆਂ।



# ਭਿੰਨੀ ਰੈਣਿ

(Night full of Divine joy)

**ਭਿੰਨੀ ਰੈਣਿ ਜਿਨਾ ਮਨਿ ਚਾਓ॥** ਇਹ ਫੁਰਮਾਨ ਕਿੰਨੀ ਵਾਰੀ ਪੜ੍ਹਿਆ ਹੈ, ਸੁਣਿਆ ਹੈ, ਪਰ ਜਦ ਇਸਦੇ ਅਰਥ ਪਤਾ ਲਗੇ ਤਾਂ ਵਿਸਮਾਦੀ ਅਨੰਦ ਪੈਦਾ ਹੋ ਗਿਆ।

ਅਸੀਂ ਸਾਰੇ ਸੁਖ ਦੀ ਨੀਂਦ ਸੌਣਾ ਚਾਹੁੰਦੇ ਹਾਂ, ਆਰਾਮ ਦੀ ਨੀਂਦ, ਨਿਚਿੰਦ ਨੀਂਦ... ਪਰ ਸਾਰੇ ਐਨੇ ਵਡਭਾਗੀ ਨਹੀਂ ਕਿ ਹਰ ਰਾਤ, ਹਰ ਨੀਂਦ ਅਨੰਦਮਈ ਹੋਵੇ। ਬਹੁਤੀ ਵਾਰੀ ਸਾਰੇ ਦਿਨ ਦੀਆਂ ਚਿੰਤਾਵਾਂ, ਸਮਸਿਆਵਾਂ, ਕਿਸੇ ਦੇ ਬੋਲ-ਕੁਬੋਲ ਸਭ ਰਾਤ ਵੇਲੇ ਇੱਕਠੇ ਹੋ ਜਾਂਦੇ ਹਨ ਤੇ ਮਨੁੱਖ ਐਸੀ ਘਬਰਾਹਟ ਵਿਚ ਫਸਿਆ ਮਹਿਸੂਸ ਕਰਦਾ ਹੈ ਕਿ ਨੀਂਦ ਹੀ ਉੱਡ-ਪੁੱਡ ਜਾਂਦੀ ਹੈ। ਸੋਚਾਂ ਹੀ ਸੋਚਾਂ, ਸੋਚਾਂ ਦੇ ਗੋਤੇ ਮਨੁੱਖ ਨੂੰ ਗਹਿਰੀਆਂ ਖਾਈਆਂ ਵਿੱਚ ਧੱਕ ਦਿੰਦੇ ਹਨ।

ਪਰ ਇੱਕ ਤਰੀਕਾ ਹੈ ਚਾਅ ਭਰੀ, ਸੁਆਦਲੀ ਨੀਂਦ ਲੈਣ ਦਾ।

ਕਿਹੜਾ?

ਆਪਣੇ **ਮਨ** ਵਿੱਚ ਪ੍ਰਭੂ ਦੀ ਪ੍ਰੀਤਿ ਪੈਦਾ ਕਰ ਲਈਏ। ਜੇ **ਮਨ** ਵਿੱਚ ਚਾਅ ਹੈ ਪ੍ਰਭੂ ਨੂੰ ਮਿਲਣ ਦਾ, ਤਾਂ ਰਾਤ ਭਿੰਨੀ ਬਣ ਜਾਵੇਗੀ।

ਇਥੇ ਰਾਤ ਦਾ ਭਾਵ ਕੇਵਲ ਇੱਕ ਦਿਨ-ਰਾਤ ਨਹੀਂ ਹੈ ਸਗੋਂ ਮਨੁੱਖੀ ਜੀਵਨ ਵੀ ਇੱਕ ਰਾਤ ਹੈ। ਪ੍ਰਭੂ ਪ੍ਰੀਤਿ ਨਾਲ ਓਤਪੋਤ ਮਨੁੱਖ ਦੀ ਸਾਰੀ ਜੀਵਨਮਈ ਰਾਤ ਹੀ ਭਿੰਨੀ ਤੇ ਸੁਆਦਲੀ ਬਣ ਜਾਂਦੀ ਹੈ।

**ਗੁਰਬਾਣੀ ਪੜ੍ਹਨ ਦੇ 5 ਢੰਗ**

1. ਬੋਲ-ਬੋਲ ਕੇ
2. ਰੁਕ-ਰੁਕ ਕੇ
3. ਸਮਝ-ਸਮਝ ਕੇ
4. ਮੁਸਕੁਰਾ-ਮੁਸਕੁਰਾ ਕੇ
5. ਬਾਰ-ਬਾਰ

# ਕਰਤੈ ਕਾਰਨ ਕੀਆ

(Creator causes cause...)

ਪ੍ਰਭੂ ਕਰਤਾ ਹੈ। ਇਸੇ ਕਰਤੇ ਨੇ ਹੀ ਜਗਤ ਦੇ ਹਰ ਜੀਵ ਦੇ, ਹਰ ਕੰਮ ਲਈ ਕਾਰਣ ਕੀਤੇ ਹਨ, ਕਾਰਣ ਬਣਾਏ ਹਨ।

ਅਸੀਂ ਸਮਝਦੇ ਹਾਂ ਕਿ ਫਲਾਂ ਲਾਹਾ ਤਾਂ ਮੈਨੂੰ ਫਲਾਂ ਕਾਰਣ ਕਰਕੇ ਮਿਲਿਆ ਹੈ ਇਸ ਵਿਚ ਪ੍ਰਭੂ ਕਿਥੋਂ ਆ ਗਿਆ? ਅਸਲ ਵਿਚ ਪ੍ਰਭੂ ਹੀ ਜਗਤ ਦੇ ਸਭ ਕਾਰਣ ਪੈਦਾ ਕਰਨ ਵਾਲਾ ਹੈ। ਸੰਜੋਗ ਤੇ ਵਿਯੋਗ ਦੀ ਸ਼ਕਤੀ ਨਾਲ, ਸੰਜੋਗ ਤੇ ਵਿਯੋਗ ਦੇ ਕਾਰਣ ਬਣਾ ਕੇ, ਉਹ ਸੰਸਾਰ ਚਲਾ ਰਿਹਾ ਹੈ।

ਪ੍ਰਭੂ<br>
ਕਰਣ ਕਾਰਣ ਹੈ।<br>
ਕਾਰਣ ਕਰਨ ਹੈ।<br>
ਕਰਨ ਕਰਾਵਨਹਾਰ ਹੈ।<br>
ਜਗਤ ਦੇ ਸਾਰੇ ਕਾਰਣ ਉਸਦੇ ਵੱਸ ਵਿਚ ਹਨ।<br>
**ਕਾਰਣੁ ਕਰਤੇ ਵਸਿ ਹੈ......**

ਪਰ ਕਾਰਣ ਆਪਣੇ ਆਪ ਕੁਝ ਨਹੀਂ ਕਰ ਸਕਦਾ ਜੇ ਪ੍ਰਭੂ ਵਿਚ ਹੋ ਕੇ ਨਾਹ ਵਰਤੇ, ਜੇ ਉਸ ਦੀ ਮਰਜ਼ੀ ਨਾ ਹੋਵੇ।

**ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1369)**

ਸੰਖੇਪ ਵਿਚ ਜਗਤ ਦੇ ਸਾਰੇ ਕਾਰਜ ਕਾਰਣ ਤੇ ਅਸਰ (cause & effect) ਅਨੁਸਾਰ ਹੁੰਦੇ ਹਨ। ਪਰ ਸਾਰੇ ਕਾਰਣ (cause) ਪੈਦਾ ਕਰਨ ਵਾਲਾ ਅਕਾਲ ਪੁਰਖ ਹੀ ਹੈ। ਉਹ ਹੀ ਜਾਣਦਾ ਹੈ ਕਿ ਕਿਸ ਕਾਰਣ ਨਾਲ ਉਸਨੇ ਕੀ ਕਲਾ ਵਰਤਾਉਣੀ ਹੈ।

**ਜਿਨਿ ਕਰਤੈ ਕਾਰਣੁ ਕੀਆ  ਸੋ ਜਾਣੈ ਕਰਤਾਰੁ॥**



# ਉਤਮੁ ਏਹੁ ਬੀਚਾਰੁ ਹੈ

(Best is this idea...)

ਕਿਹੜਾ ਵਿਚਾਰ ਸਭ ਤੋਂ ਸ੍ਰੇਸ਼ਠ ਹੈ?

ਸ੍ਰੇਸ਼ਠਤਾ ਦੀ ਵੀ ਇੱਕ ਦੌੜ ਹੈ। ਜੇ ਘਰ ਦਾ ਸਮਾਨ ਖਰੀਦਣਾ ਹੈ ਤਾਂ ਯਤਨ ਹੁੰਦਾ ਹੈ ਕਿ ਸਭ ਤੋਂ ਸ੍ਰੇਸ਼ਠ, ਉਤਮ ਸਮਾਨ ਹੀ ਖਰੀਦਿਆ ਜਾਵੇ। ਵੱਧ ਚਲੇ, ਵੱਧ ਨਿਭੇ। ਕੱਪੜਾ ਖਰੀਦਣਾ ਹੈ ਤਾਂ ਵਧੀਆਂ ਕੁਆਲਿਟੀ ਦਾ - ਵੱਧ ਹੰਢੇ, ਚਮਕ ਵੀ ਰਹੇ, ਉਤਮ ਹੋਵੇ। ਖਾਣ ਦਾ ਸਮਾਨ ਹੈ ਤਾਂ ਤੇ ਹੋਰ ਵੱਧ ਯਤਨ ਹੁੰਦਾ ਹੈ ਕਿ ਸਾਰੇ ਟੋਕਰੇ ਵਿੱਚੋਂ ਚੰਗੇ ਚੰਗੇ ਸੇਬ ਚੁਣ ਲਈਏ, ਸਭ ਤੋਂ ਵਧੀਆ ਆਲੂ ਚੁਗ (pick) ਲਈਏ....

ਪਾਣਾ ਵੀ ਸ੍ਰੇਸ਼ਠ ਹੈ,<br>
ਖਾਣਾ ਵੀ ਸ੍ਰੇਸ਼ਠ ਹੈ,<br>
ਲੈਣਾ ਵੀ ਸ੍ਰੇਸ਼ਠ ਹੈ

ਤਾਂ ਮਨੁਖ ਦੇ **ਮਨ** ਵਿਚ ਇਹ ਫੁਰਨਾ ਕਿਉਂ ਨਹੀਂ ਫੁਰਦਾ ਕਿ ਸੋਚਣਾ ਵੀ ਸ੍ਰੇਸ਼ਠ ਹੈ, ਵੀਚਾਰਨਾ ਵੀ ਸ੍ਰੇਸ਼ਠ ਹੈ।

ਸਭ ਤੋਂ ਵਧੀਆ, ਸ੍ਰੇਸ਼ਠ, ਉਤਮ ਵੀਚਾਰ ਕਿਹੜਾ ਹੈ?

'ਆਸਾ ਕੀ ਵਾਰ' ਵਿਚ ਪਾਤਸ਼ਾਹ ਫੁਰਮਾਂਦੇ ਹਨ ਕਿ ਜਿਸਨੇ ਸਚੇ ਪ੍ਰਭੂ ਨਾਲ ਚਿਤ ਲਾਇਆ, ਉਸਨੂੰ ਸੱਚਾ ਪ੍ਰਭੂ ਮਿਲ ਗਿਆ - ਬਸ ਇਹੀ ਵਿਚਾਰ ਸਭ ਤੋਂ ਵਧੀਆ ਹੈ, ਸ੍ਰੇਸ਼ਠ ਹੈ, ਉਤਮ ਹੈ।

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥**<br>
**ਜਗਜੀਵਨੁ ਦਾਤਾ ਪਾਇਆ॥**

ਸਾਡਾ **ਮਨ** ਵੀ ਇਸ ਵਿਚਾਰ ਨਾਲ ਭਰਿਆ ਜਾਵੇ, ਪਤੀਜ ਜਾਵੇ ਤੇ ਅਸੀਂ ਵੀ ਜਗਜੀਵਨ ਦਾਤੇ ਸਿਓ ਪ੍ਰੀਤ ਲਗਾ ਲਈਏ ਤੇ ਓੜਕ (ਅੰਤ ਨੂੰ) ਉਸਨੂੰ ਪਾ ਲਈਏ।

# ਸੋ ਕਰੇ ਜਿ ਤਿਸੈ ਰਜਾਇ

(God does what pleases Him)

ਇਕ ਦਿਨ ਇੱਕ ਪੰਜਾਬੀ ਚੈਨਲ ਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਕਥਾ ਚੱਲ ਰਹੀ ਸੀ। ਆਪ ਜੀ ਨੇ ਬੜੀ ਪਿਆਰੀ ਗੱਲ ਕਹੀ:-

ਅਸੀਂ ਸੋਚਦੇ ਹਾਂ ਕਿ ਅੱਜ ਸਾਡੀ ਅਰਦਾਸ ਸੁਣੀ ਗਈ। ਅੱਜ ਵਾਹਿਗੁਰੂ ਨੇ ਸਾਡੀ ਗੱਲ ਮੰਨ ਲਈ। ਇਹ ਠੀਕ ਨਹੀਂ। ਪ੍ਰਭੂ ਹਰ ਵੇਲੇ ਆਪਣੀ ਹੀ ਮਰਜ਼ੀ ਕਰਦਾ ਹੈ। ਕੋਈ ਉਸਨੂੰ ਕਹਿ ਨਹੀਂ ਸਕਦਾ, ਸਲਾਹ ਨਹੀਂ ਦੇ ਸਕਦਾ, ਮਜ਼ਬੂਰ ਨਹੀਂ ਕਰ ਸਕਦਾ ਕਿ ਇਉ ਨਹੀਂ ਐਓ ਕਰ। ਉਹ ਤਾਂ - **'ਸੋ ਕਰੇ ਜਿ ਤਿਸੈ ਰਜਾਇ',** ਜੋ ਉਸਦੀ ਮਰਜ਼ੀ ਹੈ ਓਹੀ ਕਰਦਾ ਹੈ, ਕਿਸੇ ਤੋਂ ਪੁਛ ਕੇ ਦਾਤ ਨਹੀਂ ਦੇਂਦਾ।

ਹਾਂ! ਜਦ ਸਾਡੀ ਮਰਜ਼ੀ ਤੇ ਪ੍ਰਭੂ ਦੀ ਮਰਜ਼ੀ ਮਿਲ ਜਾਂਦੀ ਹੈ ਤਾਂ ਅਸੀਂ ਸੋਚਦੇ ਹਾਂ ਕਿ ਅੱਜ ਸਾਡੀ ਗੱਲ ਮੰਨੀ ਗਈ। ਅਸਲ ਵਿਚ ਉਸ ਵੇਲੇ ਪ੍ਰਭੂ ਦੀ ਰਜ਼ਾ ਵੀ ਓਹੀ ਹੁੰਦੀ ਹੈ।

ਇਸ ਤੋਂ ਸਾਰ ਇਹ ਨਿਕਲਦਾ ਹੈ ਕਿ **ਜੇ ਪ੍ਰਭੂ ਦੀ ਮਰਜ਼ੀ ਤੇ ਸਾਡੀ ਮਰਜ਼ੀ ਇਕ ਹੋ ਜਾਵੇ ਤਾਂ ਅਨੰਦ ਮਿਲਦਾ ਹੈ।** ਖੁਸ਼ੀ ਤੇ ਸਹਿਜ ਮਿਲਦਾ ਹੈ।

ਜੇ ਪ੍ਰਭੂ ਨੇ ਉਹ ਹੀ ਕਰਨਾ ਹੈ ਜੋ ਉਸਦੀ ਰਜ਼ਾ ਹੈ ਤਾਂ ਕਿਉਂ ਨਾ ਅਸੀਂ ਆਪਣੀ ਇੱਛਾ, ਆਪਣੀ ਆਸਾ ਤਿਆਗ ਦੇਈਏ ਅਤੇ ਫਿਰ ਜੋ ਪ੍ਰਭੂ ਕਰੇ ਉਸ ਵਿਚ ਹੀ ਅਨੰਦਿਤ ਹੋ ਜਾਈਏ ਤਾਂ ਸਦ-ਸਦਾ ਖੇੜਾ ਹੀ ਖੇੜਾ ਬਣ ਜਾਏਗਾ।

ਪ੍ਰਭੂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਨਾਲੋਂ ਅਸੀਂ ਆਪਣੇ ਆਪ ਨੂੰ ਬਦਲ ਲਈਏ - ਭਾਣੇ ਦਾ ਭੇਤ ਜਾਣ ਲਈਏ - ਭਾਣਾ ਮਿਠਾ ਕਰਕੇ ਮੰਨਣਾ ਸ਼ੁਰੂ ਕਰ ਦੇਈਏ ਤਾਂ ਯਕੀਨ ਜਾਣਿਓ ਇੱਕ ਅਜਿਹਾ ਦਿਨ ਆਵੇਗਾ ਕਿ ਪ੍ਰਭੂ ਓਹੀ ਕਰੇਗਾ ਜੋ ਸਾਨੂੰ ਚੰਗਾ ਲਗੇਗਾ।

**ਹਰਿ ਸੋ ਕਿਛੁ ਕਰੇ ਜਿ ਹਰਿ ਕਿਆ ਸੰਤਾ ਭਾਵੈ॥** (ਅੰਗ ੧੦੭੬)



# ਕਿਸਨੋ ਕਹੀਐ?

(Whom to complain?)

ਜੇ ਮੰਮੀ ਤੋਂ ਸ਼ਿਕਾਇਤ ਹੈ ਤਾਂ ਅਸੀਂ ਪਾਪਾ ਨੂੰ ਕਹਿੰਦੇ ਹਾਂ।
ਜੇ ਵਿਦਿਆਰਥੀ ਤੋਂ ਸ਼ਿਕਾਇਤ ਹੈ ਤਾਂ ਮਾਤਾ-ਪਿਤਾ ਨੂੰ ਕਹਿ ਦਿੰਦੇ ਹਾਂ।
ਜੇ ਸਿਪਾਹੀ ਤੋਂ ਸ਼ਿਕਾਇਤ ਹੈ ਤਾਂ ਥਾਣੇਦਾਰ ਕੋਲ ਫਰਿਆਦ ਕਰਦੇ ਹਾਂ।
ਜੇ ਅਫ਼ਸਰ ਤੋਂ ਸ਼ਿਕਾਇਤ ਹੈ ਤਾਂ ਵੱਡੇ ਅਫ਼ਸਰ ਕੋਲ ਦਰਖ਼ਾਸਤ ਦਿੰਦੇ ਹਾਂ।
ਜੇ ਸਰਕਾਰ ਤੋਂ ਸ਼ਿਕਾਇਤ ਹੈ ਤਾਂ ਅਦਾਲਤ ਦਾ ਦਰਵਾਜਾ ਖੜਕਾਉਂਦੇ ਹਾਂ।

**ਪਰ**

**ਜੇ ਪ੍ਰਭੂ ਤੋਂ ਸ਼ਿਕਾਇਤ ਹੈ ਤਾਂ ਕਿਸਨੋ ਕਹੀਐ?**

ਅਸਲ ਵਿਚ ਦੂਜਾ ਤਾਂ ਕੋਈ ਹੈ ਹੀ ਨਹੀਂ।

ਪਰ ਨਾਲ ਹੀ ਇਹ ਵੀ ਅਟਲ ਸਚ ਹੈ ਕਿ ਪ੍ਰਭੂ ਤਾਂ ਹਰ ਵੇਲੇ, ਹਰੇਕ ਨਾਲ ਨਿਆਂ ਹੀ ਕਰਦਾ ਹੈ - ਅਨਿਆਂ ਕਰਦਾ ਹੀ ਨਹੀਂ ਤਾਂ ਫਿਰ ਸ਼ਿਕਾਇਤ ਕਾਹਦੀ ?

ਜੋ ਦੁਖ ਅਸੀਂ ਭੋਗਦੇ ਹਾਂ ਉਹਨਾਂ ਲਈ ਦੋਸ਼ ਆਪਣੇ ਕਰਮਾਂ ਦਾ ਹੀ ਹੁੰਦਾ ਹੈ **(ਦੋਸੁ ਕਰੰਮਾ ਆਪਣਿਆ॥)**

ਕਾੜਾ, ਅੰਦੇਸਾ ਕਿਉ ਕਰੀਏ ਜਦ ਪ੍ਰਭੂ ਤਾਂ ਕਦੇ ਵੀ ਅਧਰਮ ਨਾਲ ਨਹੀਂ ਮਾਰਦਾ।

**ਕਰਮੀ ਆਪੋ ਆਪਣੀ ਆਪੇ ਪਛਤਾਣੀ॥**

ਅਤੇ

**ਆਪੇ ਬੀਜਿ ਆਪੇ ਹੀ ਖਾਹੁ॥**

# ਕਰਿ ਪੰਨਹੁ ਨੀਚੁ ਸਦਾਈਐ

(Do good and let people blame you)

ਸੰਸਾਰ ਵਿੱਚ ਘਟਨਾਵਾਂ ਦੀ ਹਨ੍ਹੇਰੀ ਝੁਲਦੀ ਰਹਿੰਦੀ ਹੈ। ਕੁਝ ਔਖੀਆਂ ਤੇ ਕੁਝ ਸੌਖੀਆਂ ਘੜੀਆਂ ਖੂਹ ਦੀਆਂ ਟਿੰਡਾਂ ਵਾਂਗ ਮੁੜ-ਮੁੜ ਕਤਾਰ ਬੰਨ੍ਹੀ ਤੁਰੀਆਂ ਆਂਦੀਆਂ ਹਨ। ਆਪਣੀਆਂ ਆਸਾਂ ਦੇ ਪੂਰਨ ਹੋਣ ਤੇ ਇਨਸਾਨ ਰੱਬ ਦੀ ਹੋਂਦ ਤੇ ਡੂੰਘਾ ਵਿਸ਼ਵਾਸ ਪ੍ਰਗਟਾਉਂਦਾ ਹੈ, ਪਰ ਜਦ ਚਿਰ ਤੋਂ ਚਾਹੀ ਕੋਈ ਗੱਲ ਪੂਰੀ ਨਾ ਹੋ ਸਕੇ ਤਾਂ ਮਨੁੱਖ ਕਈ ਵੇਰਾਂ ਰੱਬ ਦੀ ਹੋਂਦ ਤੋਂ ਵੀ ਇਨਕਾਰੀ ਹੋ ਜਾਂਦਾ ਹੈ।

ਫਿਰ ਇਹ ਵਿਚਾਰ ਆਂਦੇ ਹਨ - ਕੀ ਲੋੜ ਹੈ ਪਾਠ ਕਰਨ ਦੀ? ਗੁਰਦੁਆਰੇ ਜਾਣ ਦਾ ਕੀ ਫਾਇਦਾ? ਇਉਂ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਦਿਨ-ਰਾਤ **ਮਨ** ਵਿੱਚ ਘੰਮੁਦੇ ਹਨ ਤੇ ਅੰਤ ਜੇ ਸੰਗਤ ਵੀ ਨਾਸਤਕਾਂ ਦੀ ਮਿਲ ਜਾਵੇ ਤਾਂ ਰੱਬੀ ਅਣਹੋਂਦ ਦੀ ਗੱਲ ਤੇ ਪੱਕੀ ਮੁਹਰ ਹੀ ਲੱਗ ਜਾਂਦੀ ਹੈ। ਫਲਾਣਾ ਵੀ ਤੇ ਰੱਬ ਨੂੰ ਨਹੀਂ ਮੰਨਦਾ, ਉਸ ਦੇ ਵੀ ਤਾਂ ਸਾਰੇ ਕੰਮ ਸਰੀ ਜਾਂਦੇ ਹਨ, ਫਿਰ ਮੈਂ ਕਿਉਂ ਐਵੇਂ ਸਿਮਰਨ-ਪਾਠ ਵਿੱਚ ਪਿਆ ਫਿਰਾਂ?

ਅਸਲ ਵਿੱਚ ਇਹ ਨਤੀਜਾ ਹੈ, ਉਸ ਗਲਤ ਰਸਤੇ ਦਾ ਜੋ ਅਸਾਂ ਅਪਣਾਅ ਲਿਆ ਹੈ। ਮੂੰਹ ਨਾਲ ਪਾਠ ਕਰਨਾ ਤੇ **ਮਨ** ਦਾ ਕਿਤੇ ਹੋਰ ਹੀ ਵਿਚਰਦੇ ਰਹਿਣਾ। ਗੁਰੂ ਸਾਹਿਬ ਦਾ ਫੁਰਮਾਨ ਹੈ:

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥** (ਅੰਗ-੫੯੪)

ਜਦ ਤੱਕ ਸ਼ਬਦ ਦੀ ਵੀਚਾਰ ਨਾ ਕੀਤੀ ਜਾਵੇ, ਸਭ ਕੁਝ ਵਿਅਰਥ ਹੈ। ਇਹ ਗੱਲ ਠੀਕ ਹੈ ਕਿ ਪਹਿਲੀ ਪਉੜੀ ਗੁਰਬਾਣੀ ਦਾ ਪਾਠ ਕਰਨ ਦੀ ਹੈ, ਦੂਜੀ ਕੰਠ ਕਰਨ ਤੇ ਤੀਜੀ ਵੀਚਾਰ ਕਰਨ ਦੀ, ਪਰ ਸਿਰਫ ਪਹਿਲੀ ਪਉੜੀ ਤੇ ਬੈਠੇ ਰਹਿਣਾ ਹੀ ਅਨੇਕਾਂ ਵਾਰੀ ਸਾਨੂੰ **'ਦਾਤਿ ਪਿਆਰੀ ਵਿਸਰਿਆ ਦਾਤਾਰਾ'** ਵਾਲੀ ਅਵਸਥਾ ਤੇ ਲੈ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰਫ ਗੁਰੂ ਮੰਨ ਕੇ ਸੀਸ ਨਿਵਾਉਣਾ ਤੇ ਗੁਰੂ ਦੀ ਮਤਿ ਗ੍ਰਹਿਣ ਨਾ ਕਰਨੀ ਹੀ ਦੁੱਖਾਂ ਦਾ ਅਸਲ ਕਾਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਚਾਨਣ ਮੁਨਾਰਾ ਹਨ। ਜਦ ਵੀ ਸਾਡੇ ਤੇ ਕੋਈ ਸੰਕਟ ਆਵੇ, ਕੋਈ ਭਰਮ ਪੈਦਾ ਹੋਵੇ, ਪ੍ਰਭੂ ਪ੍ਰਾਪਤੀ ਦੀ ਲਾਲਸਾ ਉਠੇ ਤਾਂ ਸਿਰਫ ਗੁਰੂ ਸਾਹਿਬ ਦਾ ਅਦਬ ਸਹਿਤ ਪਾਠ ਕਰਨਾ ਹੀ ਸਾਡੇ ਸਵਾਲਾਂ ਦਾ



ਜਵਾਬ ਹੈ ਤੇ ਅਸਲ ਪ੍ਰੇਮਾ ਭਗਤੀ ਹੈ।

ਕਈ ਵੇਰਾਂ ਅਜਿਹਾ ਹੁੰਦਾ ਹੈ ਅਸੀਂ ਕਿਸੇ ਗੱਲ ਨੂੰ ਕਾਫੀ ਚਿਰ ਤੋਂ ਪੜ੍ਹਦੇ ਤੇ ਸੁਣਦੇ ਰਹਿੰਦੇ ਹਾਂ, ਪਰ ਉਸ ਦਾ ਭਾਵ- ਅਰਥ ਕਿਸੇ ਅਜਿਹੇ ਸਮੇਂ ਤੇ ਸਮਝ ਪੈਂਦੇ ਹਨ, ਜਦ ਮਨ ਦੀ ਅਵਸਥਾ ਉਸ ਦੇ ਅਨੁਕੂਲ ਹੋਵੇ।

ਕੁਝ ਦਿਨਾਂ ਤੋਂ ਐਸੇ ਬੰਦਿਆਂ ਤੋਂ ਦੁੱਖੀ ਸਾਂ ਜਿਨ੍ਹਾਂ ਲਈ ਚੰਗਾ ਕੀਤਾ, ਪਰ ਉਹਨਾਂ ਨੇ ਅੱਗੋਂ ਮਾੜਾ ਸਲੂਕ ਕੀਤਾ। **ਮਨ** ਨੂੰ ਰੰਜਸ਼ (displeasure) ਜਿਹੀ ਹੋਈ, ਪਰ **'ਆਸਾ ਕੀ ਵਾਰ'** ਦਾ ਪਾਠ ਕਰਦਿਆਂ ਇਸ ਗੁਰ ਫੁਰਮਾਨ:- **'ਕਰਿ ਪੁੰਨਹੁ ਨੀਚੁ ਸਦਾਈਐ'** ਨੇ ਸਪੱਸ਼ਟ ਕਰ ਦਿੱਤਾ ਕਿ ਗੁਰੂ ਸਾਹਿਬ ਸਿੱਖ ਤੋਂ ਕੈਸੇ ਜੀਵਨ ਦੀ ਆਸ ਕਰਦੇ ਹਨ। ਕਿਸੇ ਦਾ ਭਲਾ ਕਰਕੇ ਉਸ ਤੋਂ ਵਾਪਸ ਭਲੇ ਦੀ ਆਸ ਰੱਖਣੀ ਜਾਂ ਫਿਰ ਘੱਟੋ-ਘੱਟ ਆਪਣੇ ਕੀਤੇ ਕੰਮ ਦੀ ਪ੍ਰਸ਼ੰਸਾ ਸੁਣਨੀ ਜਾਂ ਕਰਵਾਉਣੀ ਤਾਂ ਦੂਰ, ਗੁਰੂ ਸਾਹਿਬ ਦਾ ਆਦੇਸ਼ ਹੈ ਕਿ **ਭਲਾ ਕਰਕੇ ਨੀਵਾਂ ਅਖਵਾਓ**। "ਮੈਂ ਕੁਝ ਨਹੀਂ ਕੀਤਾ" ਦਾ ਅਹਿਸਾਸ **ਮਨ** ਵਿੱਚ ਲੈ ਆਓ।

ਇਹ ਫੁਰਮਾਨ ਬੁਝ ਕੇ ਹੀ **ਮਨ** ਖੇੜੇ ਵਿੱਚ ਆ ਗਿਆ ਤੇ ਸਹਿਜ ਸੁਭਾਅ ਮੁੱਖੋਂ ਨਿਕਲ ਪਿਆ-

**"ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।"**

**ਗੁਰਬਾਣੀ ਆਨੰਦ ਦੇ 8 ਪੜਾਅ**

1. **ਗੁਰਬਾਣੀ ਸੁਣਨੀ** Listening Gurbani
2. **ਗੁਰਬਾਣੀ ਪੜ੍ਹਨੀ** Reading Gurbani
3. **ਗੁਰਬਾਣੀ ਗਾਉਣੀ** Singing Gurbani
4. **ਗੁਰਬਾਣੀ ਸਮਝਣੀ** Understanding Gurbani
5. **ਗੁਰਬਾਣੀ ਕਮਾਉਣੀ** Following Gurbani
6. **ਗੁਰਬਾਣੀ ਮਹਿਸੂਸ ਕਰਨੀ** Feeling Gurbani
7. **ਗੁਰਬਾਣੀ ਦਾ ਆਨੰਦ ਮਾਨਣਾ** Enjoying Gurbani
8. **ਗੁਰਬਾਣੀ ਰੂਪ ਬਣਨਾ** Being Gurbani

# ਇਤੁ ਸੰਜਮਿ ਦੁਖ ਜਾਹਿ

(Thus goes the pains...)

ਅਸੀਂ ਆਪਣੇ ਸਾਰੇ ਦੁਖ ਦੂਰ ਕਰਨਾ ਚਾਹੁੰਦੇ ਹਾਂ। ਪਰ ਇਹ ਹੋਵੇਗਾ ਕਿਤ ਸੰਜਮਿ? ਕਿਸ ਤਰੀਕੇ ਨਾਲ?

ਇਸੇ ਭਾਲ ਵਿੱਚ ਮਨੁੱਖ ਮਨੁੱਖਾਂ ਨੂੰ ਹੀ ਪੂਜੀ ਜਾ ਰਿਹਾ ਹੈ, ਆਕਾਰਾਂ ਨੂੰ ਪੂਜ ਰਿਹਾ ਹੈ, ਦਰਖਤਾਂ, ਗਾਵਾਂ, ਸੂਰਜ, ਚੰਦਰਮਾ, ਤੇ ਹੋਰ ਕਿੰਨੀਆਂ ਹੀ ਵਸਤਾਂ ਨੂੰ ਪੂਜੀ ਜਾ ਰਿਹਾ ਹੈ।

ਅਜਿਹੇ ਹਾਲਾਤਾਂ ਵਿੱਚ ਜੇ ਕੋਈ ਸਾਨੂੰ ਇਲਾਹੀ ਬੋਲ ਦਸ ਦੇਵੇ ਕਿ ਇਸ ਤਰੀਕੇ ਨਾਲ ਦੁਖ ਦੂਰ ਕੀਤੇ ਜਾ ਸਕਦੇ ਹਨ ਤਾਂ ਯਕੀਨਨ **ਮਨ** ਵਿੱਚ ਉਤਸ਼ਾਹ ਤੇ ਹੁਲਾਰਾ (thrill) ਪੈਦਾ ਹੋ ਜਾਂਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ, **ਕਿਤ ਸੰਜਮ**?

ਜੁਆਬ ਹੈ।

**ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ॥**

**ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥ (ਮ:2, ਪਉੜੀ 7)**

ਭਾਵ ਸਪੱਸ਼ਟ ਹੈ ਕਿ ਦੁਖ ਚਲੇ ਜਾਣਗੇ ਪਰ ਕਦੋ?

ਜਦੋਂ ਪ੍ਰਭੂ ਦੀ ਕਿਰਪਾ ਹੋ ਜਾਵੇਗੀ।

ਕਿਰਪਾ ਹੋਣ ਨਾਲ ਕੀ ਹੋਵੇਗਾ?

**ਕਿਰਪਾ ਹੋਣ ਨਾਲ ਮਨੁੱਖ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਲੱਗ ਪਏਗਾ।** ਜਿਵੇਂ ਕੋਈ ਮਾਇਆ ਦੀ ਕਮਾਈ ਕਰਨ ਲਈ ਦਿਨ ਰਾਤ ਆਹਰ ਕਰਦਾ ਹੈ, ਕੋਈ ਨਾਮ ਖੱਟਣ ਲਈ ਅਹਿਨਿਸਿ ਯਤਨਸ਼ੀਲ ਰਹਿੰਦਾ ਹੈ, ਪਰ ਜੇ ਕੋਈ ਵਿਰਲਾ ਮਾਇਆ ਦੀ ਕਮਾਈ ਕਰਨ ਵਾਂਗ **ਸ਼ਬਦ ਦੀ ਕਮਾਈ** ਵੀ ਕਰਨ ਲੱਗ ਪਏਗਾ ਤਾਂ **ਇਤ ਸੰਜਮਿ** (ਇਸ ਤਰੀਕੇ ਨਾਲ) ਸਾਰੇ ਦੁਖ ਦੂਰ ਹੋ ਜਾਣਗੇ।

**ਸ਼ਬਦ ਦੀ ਕਮਾਈ ਕਿਵੇਂ ਕਰੀਏ?**

ਗੁਰਬਾਣੀ ਸ਼ਬਦਾਂ ਦੇ ਅਰਥ ਵੀਚਾਰੀਏ, ਕੰਠ ਕਰੀਏ, ਦਿਨ ਰਾਤ ਗੁਣਗੁਣਾਂਦੇ ਰਹੀਏ ਤੇ ਅਨੁਭਵ ਕਰੀਏ। ਇੰਝ ਸ਼ਬਦ ਅਨੁਸਾਰ ਹੀ ਸਾਡਾ **ਮਨ** ਬਣ ਜਾਏਗਾ, ਅਵਗੁਣ ਘਟਣਗੇ, ਗੁਣ ਵਧਣਗੇ ਤੇ ਕੋਈ ਬਖਸ਼ਿਸ਼ ਭਰੀ ਘੜੀ ਆਵੇਗੀ, ਜਦ ਸ਼ਬਦ ਵਿੱਚ ਹੀ **ਮਨ** ਸਮਾਅ ਜਾਵੇਗਾ।



# ਅੰਨ ਪਾਣੀ ਥੋੜਾ ਖਾਇਆ

(Maintain moderation in taking food and water)

'ਥੋੜਾ' ਦਾ ਭਾਵ ਇਥੇ ਇਹ ਨਹੀਂ ਕਿ ਲੋੜ ਨਾਲੋਂ ਵੀ ਘੱਟ ਅੰਨ ਪਾਣੀ ਸੇਵਨ ਕੀਤਾ ਜਾਵੇ ਸਗੋਂ ਥੋੜਾ ਦਾ ਭਾਵ ਹੈ 'ਸੰਜਮ' ਨਾਲ। **ਆਪਣੀ ਖਾਣ ਦੀ ਇੱਛਾ ਤੇ ਕੰਟਰੋਲ ਕਰੀਏ।**

ਕਈ ਸੱਜਣ ਬਿਨਾਂ ਭੁੱਖ ਦੇ ਵੀ ਖਾਂਦੇ ਰਹਿੰਦੇ ਹਨ। ਜਦੋਂ ਵਾਹ ਲਗੇ ਖਾਣ ਦਾ ਮੌਕਾ ਕਦੇ ਨਹੀਂ ਖੁੰਝਾਉਂਦੇ। ਕਈ ਖਾਧੇ ਉਪਰੋਂ ਵੀ ਖਾਣ ਤੋਂ ਸੰਕੋਚ ਨਹੀਂ ਕਰਦੇ। ਖੁਧਿਆਵੰਤ (ਭੁੱਖਾ) ਤਾਂ ਖਾਵੇ, ਜੀ ਸਦਕੇ ਖਾਵੇ, ਪਰ ਜੇ ਰੱਜਿਆ ਵੀ ਹੋਰ ਖਾਣ ਲੱਗ ਪਏ ਤਾਂ ਅਨਿਕ ਰੋਗਾਂ ਨੂੰ ਸੱਦਾ ਦੇਣ ਵਾਲੀ ਗੱਲ ਹੈ।

ਇੱਕ ਪਾਸੇ ਲੋਕ ਵਰਤ ਰੱਖ ਕੇ ਅੰਨ ਦਾ ਸੰਪੂਰਨ ਤਿਆਗ ਕਰਦੇ ਹਨ ਤੇ ਦੂਜੇ ਪਾਸੇ ਖਾਧੇ ਤੇ ਹੋਰ ਖਾਂਦੇ ਹਨ, ਖਾਈ ਹੀ ਜਾਂਦੇ ਹਨ, ਭਰਣ-ਪੋਖਣ ਸੰਗਿ ਹੀ ਅਉਧ ਵਿਹਾਅ ਜਾਂਦੇ ਹਨ। ਦੋਵੇਂ ਹੀ ਗਲਤ ਹਨ।

ਗੁਰੂ ਜੀ ਉਪਦੇਸ਼ ਕਰਦੇ ਹਨ ਕਿ **ਅੰਨ ਪਾਣੀ ਥੋੜਾ ਖਾਇਆ** ਭਾਵ ਸੰਜਮ ਨਾਲ, ਸੰਕੋਚ ਕੇ ਅਤੇ ਕੇਵਲ ਲੋੜ ਅਨੁਸਾਰ ਹੀ ਖਾਓ। ਇੰਝ **ਮਨ** ਤੇ ਤਨ ਆਰੋਗ ਰਹੇਗਾ।

ਇੱਕ ਸੱਜਣ ਨੇ ਬੜੀ ਹੀ ਪਿਆਰੀ ਗੱਲ ਕਹੀ, ਕਹਿੰਦੇ - **"ਸੁਆਦ ਤਾਂ ਕੇਵਲ ਦੋ ਇੰਚ ਥਾਂ ਦਾ ਹੀ ਹੈ,** ਕੇਵਲ ਮੂੰਹ ਤੇ ਜੀਭ ਤੱਕ ਹੀ ਸੀਮਤ ਹੈ। ਇੱਕ ਵਾਰੀ ਢਿੱਡੇ ਪੈ ਗਿਆ ਤਾਂ ਫਿਰ ਕੀ ਸੁਆਦ? ਇਸ ਨਿੱਕੀ ਜਿਹੀ ਥਾਂ ਨੂੰ ਕੰਟਰੋਲ ਵਿੱਚ ਰੱਖ ਲਈਏ ਤੇ ਜੀਵਨ ਸਹਜ ਤੇ ਸੁਹੇਲਾ ਹੋ ਜਾਂਦਾ ਹੈ।

# ਏਹ ਕਿਨੇਹੀ ਆਸਕੀ

(What type of love is this?)

'ਏਹ ਕਿਨੇਹੀ ਆਸਕੀ' ਦੇ ਪਿਛੇ ਜੇ ਸਵਾਲੀਆਂ ਚਿੰਨ੍ਹ (?) ਲਗਾ ਦੇਈਏ ਤਾਂ ਅਸੀਂ ਜਵਾਬ ਖੋਜਨ ਲਈ ਤਤਪਰ ਹੋ ਜਾਵਾਂਗੇ।

ਗੁਰੂ ਜੀ ਫੁਰਮਾਂਦੇ ਹਨ – ਦਸੋ ਜੀ ਏਹ ਕਿਵੇਂ ਦੀ ਆਸ਼ਕੀ ਹੋਈ ਕਿ ਆਪਣੇ ਆਸ਼ਕ ਨੂੰ ਛੱਡ ਕੇ ਦੂਜੇ ਨਾਲ ਪ੍ਰੀਤ ਜੋੜ ਲਵੇ **(ਜਿ ਦੂਜੈ ਲਗੈ ਜਾਇ॥)**।

ਆਸ਼ਕ ਸ਼ਬਦ ਅੱਜ ਮੁੰਡਿਆਂ ਕੁੜੀਆਂ ਦੇ ਸਬੰਧ ਵਿੱਚ ਹੀ ਵਰਤਿਆ ਜਾਂਦਾ ਹੈ। ਜੇ ਕਿਸੇ ਨੂੰ ਆਸ਼ਕ ਕਹਿ ਦਿੱਤਾ ਜਾਵੇ ਤਾਂ ਸਮਾਜ ਉਸਨੂੰ ਆਮ ਤੌਰ ਤੇ ਨੀਵਾਂ ਕਰਕੇ ਜਾਣਦਾ ਹੈ। ਜਿਵੇਂ ਨਰ ਤੇ ਮਾਦਾ ਦੀ ਆਸ਼ਕੀ ਹੁੰਦੀ ਹੈ ਉਵੇਂ ਹੀ ਪ੍ਰਭੂ ਤੇ ਭਗਤ ਦੀ ਵੀ ਆਸ਼ਕੀ ਹੁੰਦੀ ਹੈ। ਭਾਈ ਗੁਰਦਾਸ ਜੀ ਲੈਲਾ ਮਜਨੂੰ ਦੀ ਆਸ਼ਕੀ ਤੋਂ ਵੀ ਪ੍ਰੇਰਣਾ ਲੈ ਕਿ ਪ੍ਰਭੂ ਨਾਲ ਪ੍ਰੀਤਿ ਕਰਨ ਦੀ ਪ੍ਰੇਰਣਾ ਕਰਦੇ ਹਨ:–

**ਲੈਲਾ ਮਜਨੂੰ ਆਸਕੀ ਚਹੁ ਚਕੀ ਜਾਤੀ॥ ...**
**ਪੀਰ ਮੁਰੀਦਾ ਪਿਰਹੜੀ ਭਲਕੇ ਪਰਭਾਤੀ॥**

ਪਰ ਅਸਲੀ ਆਸ਼ਕ ਉਹ ਹਨ ਜੋ ਸਦਾ ਆਪਣੇ ਪ੍ਰੀਤਮ ਪਿਆਰੇ ਵਿੱਚ ਸਮਾਏ ਰਹਿੰਦੇ ਹਨ – **ਸਦ ਹੀ ਰਹੈ ਸਮਾਇ**॥ ਹਰ ਵੇਲੇ ਪ੍ਰਭੂ ਵਿੱਚ ਹੀ ਲੀਨ ਰਹੀਏ।

ਜੋ ਹਾਲੀ ਆਸ਼ਕ ਨਹੀਂ ਬਣੇ ਉਹ ਤਾਂ ਰੱਬ ਦੇ ਕੀਤੇ ਚੰਗੇ ਨੂੰ ਚੰਗਾ ਕਹਿੰਦੇ ਹਨ ਪਰ ਆਪਣੇ ਤੇ ਬਣੀ ਭੀੜ ਸਮੇਂ, ਮੁਸ਼ਕਿਲ ਸਮੇਂ ਉਲਾਂਭਾ ਦਿੰਦੇ ਹਨ, ਰੋਸ ਕਰਦੇ ਹਨ, ਗਿਲਾ ਕਰਦੇ ਹਨ – ਮੈਨੂੰ ਦੁਖ ਕਿਓ ਦਿੱਤਾ ਵਾਹਿਗੁਰੂ ਨੇ? ਅਜਿਹੇ ਚੰਗੇ ਤੇ ਮੰਦੇ ਦੇ ਲੇਖੇ ਵਿੱਚ ਪਏ ਲੋਕ ਹਾਲੀ ਆਸ਼ਕ ਨਹੀਂ ਬਣੇ।

**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥**
**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥**



# ਕਰਿ ਆਸਣ ਡਿਠੋ ਚਾਉ

ਮੈਨੇਜਮੈਂਟ ਦਾ ਇੱਕ ਅਸੂਲ ਹੈ ਕਿ ਅਫਸਰ ਸਾਰੇ ਕੰਮ ਨੂੰ ਦਫਤਰ ਦੇ ਵੱਖ-ਵੱਖ ਸੈਕਸ਼ਨਾਂ ਤੇ ਕਰਮਚਾਰੀਆਂ ਨੂੰ ਵੰਡ ਦੇਵੇ ਪਰ ਲਗਾਤਾਰ ਉਹਨਾਂ ਤੇ ਨਿਗਾਹ ਰਖੇ ਕਿ ਕੰਮ ਠੀਕ ਚੱਲ ਰਿਹਾ ਹੈ ਕਿ ਨਹੀਂ। ਕਿਥੇ ਕਿਥੇ ਕਮੀ ਹੈ? ਕਿਥੇ ਕਿਥੇ ਉਸਦੀ ਆਪਣੀ ਹਾਜ਼ਰੀ ਦੀ ਲੋੜ ਹੈ? Delegate but not forget. ਕੰਮ ਵੰਡ ਕੇ ਅਫਸਰ ਆਪ ਹੀ ਨਾ ਭੁਲ ਜਾਏ।

ਇਓ ਜਾਪਦਾ ਹੈ ਕਿ ਮੈਨੇਜਮੈਂਟ ਦੀ ਇਸ ਕਾਰਜਪ੍ਰਣਾਲੀ ਦੀ ਸੋਚ ਵੀ ਪ੍ਰਭੂ ਦੇ ਕੰਮਕਾਜੀ ਢੰਗ ਤੋਂ ਹੀ ਆਈ ਹੈ। ਪ੍ਰਭੂ ਸਾਰੀ ਕੁਦਰਤਿ, ਸ੍ਰਿਸ਼ਟੀ, ਜੀਵ– ਜੰਤ ਸਾਜ ਕੇ ਫਿਰ ਆਪ ਹੀ ਆਪਣਾ ਆਸਣ ਜਮਾ ਕੇ ਭਾਵ ਆਪਣੀ ਬਣਾਈ ਹੋਈ ਕੁਦਰਤਿ ਵਿਚ ਵੱਸ ਕੇ **(ਕਰਿ ਆਸਣ)** ਆਪ ਹੀ ਸਾਰੀ ਖੇਡ, ਸਾਰਾ ਤਮਾਸ਼ਾ ਵੇਖ ਰਿਹਾ ਹੈ **(ਡਿਠੋ ਚਾਉ)**। ਉਸਨੇ ਸਿਸਟਮ ਬਣਾ ਦਿੱਤਾ ਹੈ, ਸਭ ਕੁਝ ਸਿਸਟਮ ਵਿੱਚ ਚਲ ਰਿਹਾ ਹੈ ਪਰ ਉਹ ਆਪ ਉਸ ਤੋਂ ਵੱਖ ਨਹੀਂ ਹੋ ਗਿਆ, ਕਿਤੇ ਚਲਾ ਨਹੀਂ ਗਿਆ ਸਗੋਂ ਕਰਿ ਆਸਣ ਆਪ ਹੀ ਇਹ ਤਮਾਸ਼ਾ ਵੇਖ ਰਿਹਾ ਹੈ।

# ਜੇਹਾ ਵੇਖਹਿ ਤੇਹਾ ਵੇਖੁ

(As wish as achieves)

ਕਿਸੇ ਵਿਦਵਾਨ ਨੇ ਬੜਾ ਸੁੰਦਰ ਕਿਹਾ ਹੈ ਕਿ ਅਸੀਂ ਉਹ ਹਾਂ ਜੋ ਅਸੀਂ ਸੋਚਦੇ ਹਾਂ (We are what we think.) ਜਿਵੇਂ ਦੇ ਸਾਡੇ ਵਿਚਾਰ ਓਵੇਂ ਦਾ ਆਚਾਰ। ਜਿਵੇਂ ਦਾ ਅਸੀਂ ਵੇਖਦੇ ਹਾਂ ਤਿਵੇਂ ਦਾ ਹੀ ਸਾਡਾ ਵੇਸ ਬਣਦਾ ਜਾਂਦਾ ਹੈ।

ਜਿਸ ਨੀਅਤ ਨਾਲ ਅਸੀਂ ਦੂਜੇ ਮਨੁੱਖਾਂ ਨਾਲ ਵਰਤਦੇ ਹਾਂ ਉਸੇ ਤਰ੍ਹਾਂ ਦੇ ਸੰਸਕਾਰ ਸਾਡੇ ਅੰਦਰ ਪੈਦਾ ਹੋ ਜਾਂਦੇ ਹਨ। ਫਿਰ ਉਸੇ ਤਰ੍ਹਾਂ ਦਾ ਮਾਨਸਕ ਸਰੂਪ (mental make up) ਬਣ ਜਾਂਦਾ ਹੈ। **ਭਾਈ ਕਾਨ੍ਹ ਸਿੰਘ ਜੀ ਨਾਭਾ** ਅਨੁਸਾਰ ਇਸ ਦਾ ਭਾਵ ਹੈ:–

1. ਜੇਹਾ ਆਪਣੇ ਤਾਈਂ ਤੂੰ ਦੇਖਦਾ ਹੈ, ਤੇਹਾ ਦੂਜੇ ਨੂੰ ਦੇਖ।
2. ਜਿਸ ਦ੍ਰਿਸਟਿ ਨਾਲ ਤੂੰ ਵੇਖੇਗਾ ਤੇਹੋ ਜਿਹਾ ਤੈਨੂੰ ਨਜ਼ਰ ਆਵੇਗਾ।

# ਸਚ ਨਿਆਉ

(Supreme justice)

ਦੁਨਿਆਵੀ ਨਿਆਂ ਪ੍ਰਣਾਲੀ ਦੋਸ਼ ਪੂਰਨ ਹੈ। ਝੂਠੇ ਗਵਾਹ, ਝੂਠੇ ਕਾਗਜ਼ ਤੇ ਝੂਠੀਆਂ ਫਾਈਲਾਂ ਦੇ ਬਲ ਤੇ ਇਥੇ ਨਿਰਦੋਸ਼ਾਂ ਨੂੰ ਵੀ ਸਜ਼ਾਵਾਂ ਹੋ ਜਾਂਦੀਆਂ ਹਨ। ਕਿਤੇ-ਕਿਤੇ ਤਾਂ ਨਿਆਂ ਦੀ ਮੂਰਤੀ, ਜੱਜ ਸਾਹਿਬਾਨ ਵੀ ਭ੍ਰਿਸ਼ਟ ਆਚਾਰੀ ਹੁੰਦੇ ਹਨ ਤੇ ਪੈਸਾ ਖਾ ਕੇ ਨਿਆਂ ਦੀ ਥਾਂ ਅਨਿਆਂ ਹੀ ਕਰ ਦਿੰਦੇ ਹਨ।

ਪਰ ਪਾਤਸ਼ਾਹ, ਆਸਾ ਕੀ ਵਾਰ, ਵਿੱਚ ਸਪੱਸ਼ਟ ਕਹਿੰਦੇ ਹਨ ਕਿ ਪ੍ਰਭੂ ਦਾ ਨਿਆਂ ਸੱਚਾ ਹੈ - **ਸਚ ਨਿਆਉ।** ਉਹ ਕਦੇ ਵੀ ਕਿਸੇ ਤੋਂ ਪੁਛ ਕੇ ਕੰਮ ਨਹੀਂ ਕਰਦਾ ਤੇ ਨਾ ਹੀ ਕਿਸੇ ਦੀ ਪ੍ਰਭਾਵ ਹੇਠਾਂ ਨਿਆਂ ਬਦਲਦਾ ਹੈ। ਉਸਦਾ ਨਿਆਂ ਅਟੱਲ ਹੈ - ਗਰੀਬ ਤੇ ਅਮੀਰ ਲਈ, ਨਿਤਾਣੇ ਤੇ ਬਲਕਾਰ ਲਈ, ਇਸਤਰੀ ਤੇ ਪੁਰਖ ਲਈ, ਮੁਸਲਮਾਨ ਤੇ ਈਸਾਈ ਲਈ - ਹਰ ਧਰਮ, ਹਰ ਖਿੱਤੇ ਤੇ ਹਰ ਬੋਲੀ ਬੋਲਣ ਵਾਲਿਆਂ ਲਈ ਪ੍ਰਭੂ ਦਾ ਨਿਆਂ ਅਟੱਲ ਹੈ।

ਤਾਂ ਹੀ ਤਾਂ ਕਿਹਾ ਜਾਂਦਾ ਹੈ ਜੇ ਪ੍ਰਭੂ ਅਧਰਮ ਨਾਲ ਨਹੀਂ ਮਾਰਦਾ ਫਿਰ ਕਾੜਾ, ਚਿੰਤਾ, ਅੰਦੇਸ਼ਾ ਕਿਓ ਕਰਦੇ ਹੋ?

**ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯●)

# ਏਹ ਕਿਨੇਹੀ ਚਾਕਰੀ

(What sort of service?)

ਇੱਕ ਹੈ ਨੌਕਰੀ ਤੇ ਦੂਜੀ ਹੈ ਚਾਕਰੀ।

ਕੰਮ ਕਰਨਾ ਤੇ ਤਨਖਾਹ ਲੈਣੀ ਹੈ ਨੌਕਰੀ। ਪਰ ਚਾਓ ਨਾਲ ਸੇਵਾ ਕਰਨੀ, ਆਪਾ ਵਾਰ ਦੇਣਾ ਹੈ ਚਾਕਰੀ। ਚਾ + ਕਰੀ। ਚਾਓ ਨਾਲ ਕੀਤੀ ਨੌਕਰੀ।

ਪਰ '**ਏਹ ਕਿਨੇਹੀ ਚਾਕਰੀ**' ਰਾਹੀਂ ਗੁਰੂ ਜੀ ਸਮਝਾਉਂਦੇ ਹਨ ਕਿ ਇਹ ਕਿਹੋ ਜਿਹੀ ਸੇਵਾ ਜਾ ਸੇਵਕੀ ਹੋਈ ਕਿ ਸੇਵਕ ਦੀ ਪ੍ਰਭੂ ਨਾਲ ਵਿੱਥ ਬਣੀ ਰਹੀ ਤੇ ਡਰ ਦੂਰ ਹੀ ਨਾ ਹੋਇਆ।



# ਸੇ ਜਿਣਿ ਗਏ (They won...)

ਜਿਣਿ ਗਏ ਦਾ ਭਾਵ ਹੈ - ਜਿੱਤ ਗਏ।

ਕੌਣ ਜਿਤ ਗਏ? ਕੌਣ ਜੀਵਨ ਦੀ ਬਾਜੀ ਜਿੱਤ ਜਾਂਦੇ ਹਨ? ਗੁਰੂ ਜੀ ਫੁਰਮਾਂਦੇ ਹਨ :-

**ਤੇਰੈ ਨਾਇ ਰਤੇ ਸੇ ਜਿਣਿ ਗਏ...**

ਭਾਵ ਜੋ ਤੇਰੇ ਨਾਮ ਵਿਚ ਰਤੇ ਰਹਿੰਦੇ ਹਨ, ਪਤੀਜੇ ਜਾਂਦੇ ਹਨ, ਨਾਮ ਵਿਚ ਲੀਨ ਹੋ ਜਾਂਦੇ ਹਨ, ਉਹ ਜੀਵਨ ਦੀ ਬਾਜੀ ਜਿੱਤ ਜਾਂਦੇ ਹਨ।

ਫਿਰ ਦੂਜਿਆਂ ਦਾ ਕੀ ਹਾਲ ਹੁੰਦਾ ਹੈ?

ਦੂਜੇ ਭਾਵ ਜਿਹੜੇ ਨਾਮ ਵਿਚ ਨਹੀਂ ਰਤੇ। ਦੂਜੇ ਭਾਵ ਜੋ ਅਵਗੁਣਾਂ ਵਿਚ ਗੜੂੰਦੇ ਹਨ, ਜੋ ਠਗੀਆਂ ਮਾਰਦੇ ਹਨ, ਝੂਠ ਬੋਲਦੇ ਹਨ, ਘੱਟ ਤੋਲਦੇ ਹਨ, ....ਪਾਤਸ਼ਾਹ ਫੁਰਮਾਂਦੇ ਹਨ:-

**ਹਾਰਿ ਗਏ ਸਿ ਠਗਣ ਵਾਲਿਆ॥**

ਅਜਿਹੇ ਸਾਰੇ ਠੱਗਣ ਵਾਲੇ, ਓੜਕ (ਅੰਤ ਨੂੰ) ਜੀਵਨ ਦੀ ਬਾਜੀ (game) ਹਾਰ (deceivers lose) ਜਾਂਦੇ ਹਨ।

# ਵਿਚਿ ਦੁਨੀਆ ਕਾਹੇ ਆਇਆ

(Why have they come here)

ਇਕ ਵਾਰੀ ਤਾਂ ਆਪਣੇ ਆਪ ਨੂੰ ਪੁਛੀਏ ਕਿ ਮੈਂ ਇਸ ਦੁਨੀਆਂ ਵਿਚ ਕਿਉਂ ਆਇਆ ਹਾਂ?

ਪੈਸੇ ਇਕਠੇ ਕਰਨ?**...**ਪਦਵੀਆਂ ਪ੍ਰਾਪਤ ਕਰਨ?...

ਮੌਜਾਂ ਕਰਨ? ... ਪਰਿਵਾਰ ਪਾਲਣ? .........

ਆਖਰ ਕੀ ਹੈ ਮੇਰੇ ਆਉਣ ਦਾ ਅਸਲ ਮਨੋਰਥ? ਸੱਚਮੁਚ ਜਦੋਂ ਸੁਤੇ ਸਿਧ, ਆਪ ਮੁਹਾਰੇ ਸਾਡੇ **ਮਨ** ਵਿਚ ਇਹ ਫੁਰਨਾ ਫੁਰਦਾ ਹੈ ਤਾਂ ਇਹ ਵੀ ਇਕ ਤਰ੍ਹਾਂ ਦੀ ਆਤਮ ਸ਼ੁਧੀ ਹੈ। ਆਪਣੀ ਮੈਲ ਧੋਤੀ ਜਾਂਦੀ ਹੈ। ਇਕ ਚੰਗੀ ਸ਼ੁਰੂਆਤ ਦੀ ਨਿਸ਼ਾਨੀ ਹੈ ਇਹ ਫੁਰਨਾ ਕਿ **'ਵਿਚਿ ਦੁਨੀਆ ਕਾਹੇ ਆਇਆ' ॥**

ਸਾਡੇ ਜੀਵਨ ਦਾ ਅਸਲ ਮਨੋਰਥ ਹੈ - ਗੋਬਿੰਦ ਨੂੰ ਮਿਲਣਾ, ਪ੍ਰਭੂ ਨੂੰ ਮਿਲਣ ਦਾ ਚਾਓ ਪੈਦਾ ਹੁੰਦੇ ਹੀ ਅਨੰਦ ਬਣ ਜਾਂਦਾ ਹੈ ਤੇ ਜਦ ਪ੍ਰਭੂ ਮਿਲ ਜਾਏ ਤਾਂ ਕਿੰਨਾ ਅਨੰਦ ਬਣੇਗਾ, ਇਸ ਦਾ ਅੰਦਾਜਾ (guess) ਲਗਾਉਣਾ ਵੀ ਬਿਖਮ ਹੈ।

# ਰਤਨ ਜਵਾਹਰ ਮਾਣਿਕ

ਇਥੇ **'ਆਸਾ ਕੀ ਵਾਰ'** ਵਿੱਚੋਂ ਮਨ ਨੂੰ ਟੁੰਬਦੇ (stimulate) ਅਤੇ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਦੇ ਕੁਝ **ਰਤਨ-ਜਵਾਹਰ-ਮਾਣਿਕ** ਦਰਜ ਹਨ। ਵੱਡੇ ਵਿਦਿਆਰਥੀ ਸਹਿਜੇ ਹੀ ਇਹਨਾਂ ਦੇ ਅਰਥ ਸਮਝ ਕੇ ਅਨੰਦ ਮਾਣ ਸਕਦੇ ਹਨ। ਕੁਝ ਸ਼ਬਦਾਂ ਨੂੰ ਮੋਟੇ ਅੱਖਰਾਂ ਵਿੱਚ ਵੀ ਦਰਜ ਕੀਤਾ ਜਾ ਰਿਹਾ ਹੈ - ਇੰਞ ਇਹ ਸਦਾ ਲਈ ਸਾਡੀ ਯਾਦ ਵਿੱਚ ਉਕਰੇ ਜਾਣਗੇ।

* ਕਰਤ ਨਾ ਲਾਗੀ ਵਾਰ
* ਮਨਿ ਅਪਨੈ ਸੁਚੇਤ
* ਪੁਛਿ ਨ ਦਾਤਿ

* ਪਾਕੀ ਨਾਈ ਪਾਕ
* ਰੁਤੀ ਹੂ ਰੁਤਿ
*** ਵਦੀ ਸੁ ਵਜਗਿ**

* ਸਰਬ ਸਬਦੰ ਏਕ ਸਬਦੰ
*** ਗਿਆਨ ਕਾ ਬਧਾ ਮਨਿ ਰਹੈ**
* ਜੇਹਾ ਘਾਲੇ ਘਾਲਣਾ

*** ਐਸੀ ਕਲਾ ਨ ਖੇਡੀਐ**
* ਬਗੁਲ ਸਮਾਧੰ
* ਮੁਖਿ ਝੂਠਿ ਬਿਭੂਖਨ ਸਾਰੰ

*** ਕਰਿ ਅਉਗਣਿ ਪਛੁਤਾਵਣਾ**

*** ਨਾਇ ਮੰਨਿਐ ਪਤਿ ਉਪਜੈ...**
* ਸਾਲਾਹੀ ਸਚੁ ਸੂਤ
* ਭਲਕੇ ਥੁਕ ਪਵੈ ਨਿਤ ਦਾੜੀ

* ਵੇਤਗਾ ਆਪੇ ਵਤੈ
*** ਮਨਿ ਅੰਧਾ ਨਾਉ ਸੁਜਾਣਿ**
* ਮਨਹੁ ਚਿੰਦਿਆ

*** ਕੂੜੀ ਰਾਸਿ ਕੂੜਾ ਵਾਪਾਰ**
* ਸਿਰੇ ਸਿਰ ਧੰਧੈ ਲਾਇਦਾ
* ਸੁਲਤਾਨਾ ਘਾਹੁ ਕਰਾਇਦਾ

* ਖਟੇ ਘਾਲੇ ਦੇਇ
* ਹਮਾ ਤੁਮਾ ਮੇਲ
*** ਜੋ ਜੀਇ ਹੋਇ ਸੋ ਉਗਵੈ**

* ਮੁਹ ਕਾ ਕਹਿਆ ਵਾਉ



*** ਸਿਫਤਿ ਵਿਗਾਸ**
* ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ॥
*** ਵਿਸਮਾਦੁ ਸਾਦਿ ਲਗੈ ਪਰਾਣੀ॥**

* ਵਿਸਮਾਦੁ ਉਝੜ ਵਿਸਮਾਦੁ ਰਾਹ॥
* ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥
* ਵੇਖਿ ਵਿਡਾਣ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥

* ਅਗੈ ਜਾਤਿ ਨ ਜੋਰ ਹੈ ਅਗੈ ਜੀਉ ਨਵੇਂ
*** ਏਨਾ ਜੰਤਾ ਕੈ ਵਸਿ ਕਿਛੁ ਨਾਹੀ**
* ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥

* ਸਹਜੇ ਹੀ ਸਚਿ ਸਮਾਇਆ
* ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥
*** ਮੁਹਿ ਚਲੈ ਸੁ ਅਗੈ ਮਾਰੀਐ**

*** ਭਾਉ ਭਗਤਿ ਕਰਿ ਨੀਚੁ ਸਦਾਏ॥** ਤਉ ਨਾਨਕ ਮੋਖੰਤਰੁ ਪਾਏ॥
* ਹੁਕਮ ਕੀਏ ਮਨਿ ਭਾਵਦੇ
* ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ

* ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਇ॥
* **ਤੁਧੁ ਵੇਕੀ ਜਗਤਿ ਉਪਾਇਆ॥**
* ਗਿਆਨ ਵਿਹੂਣਾ ਕਥਿ ਕਥਿ ਲੂਝੈ

**੧ੴ ਸਤਿਗੁਰ ਪ੍ਰਸਾਦਿ ॥**

**ਆਸਾ ਮਹਲਾ ੪ ਛੰਤ ਘਰੁ ੪ ॥**

(੧)

**ਹਰਿ ਅੰਮ੍ਰਿਤ ਭਿੰਨੇ* ਲੋਇਣਾ**** *ਭਿੱਜੇ ਹੋਏ **ਅੱਖਾਂ

**ਮਨੁ ਪ੍ਰੇਮਿ ਰਤੰਨਾ ਰਾਮ ਰਾਜੇ* ॥** *ਰਾਜਾ ਰੂਪ ਪ੍ਰਭੂ

**ਮਨੁ ਰਾਮਿ ਕਸਵਟੀ ਲਾਇਆ ਕੰਚਨੁ* ਸੋਵਿੰਨਾ** ॥** *ਸੋਨਾ **ਸੋਹਣੇ ਰੰਗ ਵਾਲਾ

**ਗੁਰਮੁਖਿ ਰੰਗਿ ਚਲੂਲਿਆ* ਮੇਰਾ ਮਨੁ ਤਨੋ ਭਿੰਨਾ ॥** *ਰੰਗਿਆ ਗਿਆ

**ਜਨੁ ਨਾਨਕੁ ਮੁਸਕਿ* ਝਕੋਲਿਆ**** *ਕਸਤੂਰੀ ਨਾਲ **ਸੁਗੰਧਤ ਹੋ ਗਿਆ

**ਸਭੁ ਜਨਮੁ ਧਨੁ ਧੰਨਾ ॥੧॥** (ਅੰਗ - ੪੪੮)

**(ਨੋਟ:- ਆਸਾ ਕੀ ਵਾਰ ਦਾ ਕੀਰਤਨ ਕਰਦਿਆ ਚੌਥੇ ਪਾਤਸ਼ਾਹ ਜੀ ਦੇ ਇਹ ਛੰਤ ਹਰੇਕ ਪਉੜੀ ਨਾਲ ਪੜ੍ਹਨ ਦੀ ਰਵਾਇਤ ਪ੍ਰਚਲਿਤ ਹੈ। ਸੋ ਇਹ ਛੰਤ ਅਤੇ ਇਹਨਾਂ ਦੇ ਅਰਥ ਵੀ ਦਰਜ ਹਨ।)**

ਹੇ ਭਾਈ ! ਮੇਰੀਆਂ ਅੱਖਾਂ ਆਤਮਕ ਜੀਵਨ ਦੇਣ ਵਾਲੇ ਹਰਿ-ਨਾਮ-ਜਲ (God's Nector) ਨਾਲ ਭਿੱਜ ਗਈਆਂ ਹਨ, ਸਰੂਰ ਵਿਚ ਆ ਗਈਆਂ ਹਨ ਤੇ **ਮਨ** ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਗਿਆ ਹੈ। ਪਰਮਾਤਮਾ ਨੇ ਮੇਰੇ **ਮਨ** ਨੂੰ ਨਾਮ ਦੀ ਕਸਵੱਟੀ (touch stone) ਉਤੇ ਘਸਾਇਆ ਤੇ ਇਹ ਸ਼ੁੱਧ ਸੋਨਾ ਬਣ ਗਿਆ ਹੈ। ਗੁਰੂ ਦੀ ਸ਼ਰਨ ਵਿੱਚ ਮੇਰਾ **ਮਨ** ਪ੍ਰਭੂ ਦੇ ਪ੍ਰੇਮ-ਰੰਗ ਨਾਲ ਗੂੜ੍ਹਾ ਲਾਲ ਹੋ ਗਿਆ ਹੈ, ਮੇਰਾ **ਮਨ**-ਤਨ ਸਰਸ਼ਾਰ (overflowing) ਹੋ ਗਿਆ ਹੈ। ਦਾਸ ਨਾਨਕ ਪ੍ਰਭੂ ਨਾਮ ਦੀ ਕਸਤੂਰੀ ਨਾਲ ਚੰਗੀ ਤਰ੍ਹਾਂ ਸੁਗੰਧਿਤ (perfumed with divine musk) ਹੋ ਗਿਆ ਤੇ ਸਾਰਾ ਜੀਵਨ ਹੀ ਭਾਗਾਂ ਵਾਲਾ (supremely blessed) ਬਣ ਗਿਆ ਹੈ।

**੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**



**ਆਸਾ ਮਹਲਾ ੧ ॥**

**ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ**

**ਟੁੰਡੇ ਅਸ ਰਾਜੈ ਕੀ ਧੁਨੀ॥**

ਰਾਜਕੁਮਾਰ ਅਸਰਾਜ ਦਾ ਇੱਕ ਹੱਥ ਕਟਿਆ ਹੋਇਆ ਸੀ। ਇਸ ਟੁੰਡੇ ਅਸਰਾਜ ਨੇ ਸੂਝ-ਬੂਝ ਨਾਲ ਰਾਜ ਪ੍ਰਬੰਧ ਚਲਾ ਕੇ ਆਪਣੇ ਪਿਤਾ ਨਾਲ ਪਈ ਵਿਥ ਭੀ ਦੂਰ ਕਰ ਲਈ ਸੀ। ਢਾਡੀ ਇਸਦੇ ਜੀਵਨ ਬਿਰਤਾਂਤ ਨੂੰ ਵਾਰ ਦੇ ਰੂਪ ਵਿੱਚ ਗਾਂਦੇ ਹੁੰਦੇ ਸਨ। ਪਾਤਸ਼ਾਹ ਨੇ 'ਆਸਾ ਕੀ ਵਾਰ' ਨੂੰ ਇਸੇ ਧੁਨ ਤੇ ਗਾਉਣ ਦੀ ਹਦਾਇਤ ਕੀਤੀ ਹੈ।

**ਸਲੋਕੁ ਮਃ ੧ ॥**

**ਬਲਿਹਾਰੀ ਗੁਰ ਆਪਣੇ *ਦਿਉਹਾੜੀ ਸਦ ਵਾਰ ॥** *ਦਿਹਾੜੀ ਵਿੱਚ ਸੌ ਵਾਰੀ

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥** {ਅੰਗ- ੪੬੨}

ਇਕ ਦਿਨ ਵਿਚ ਬਾਰ-ਬਾਰ, ਸੌ ਵਾਰੀ ਮੈਂ ਆਪਣੇ ਗੁਰੂ ਤੋਂ ਸਦਕੇ ਹੁੰਦਾ ਹਾਂ, ਜਿਸ ਗੁਰੂ ਨੂੰ ਮਨੁੱਖਾਂ ਤੋਂ ਦੇਵਤੇ ਬਣਾਉਂਦਿਆਂ ਕੋਈ ਦੇਰ ਨਹੀਂ ਲਗਦੀ।

**ਮਹਲਾ ੨ ॥**

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**

**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥** {ਅੰਗ- ੪੬੩}

ਜੇ ਇਕ ਸੌ ਚੰਦ੍ਰਮਾ ਅਤੇ ਹਜ਼ਾਰ ਸੂਰਜ ਚੜ੍ਹ ਪੈਣ। ਇਤਨਾਂ ਚਾਨਣ ਹੋ ਜਾਵੇ ਤਾਂ ਵੀ ਗੁਰੂ ਦੀ ਸਿੱਖਿਆ ਤੋਂ ਬਿਨਾ ਘੁੱਪ ਹਨੇਰਾ (pitch darkness of mind) ਹੀ ਹੁੰਦਾ ਹੈ । **ਮਨ** ਦਾ ਚਾਨਣ ਗੁਰੂ ਤੋਂ ਹੀ ਮਿਲ ਸਕਦਾ ਹੈ।

**ਮਃ ੧ ॥**

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥**

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**

ਹੇ ਨਾਨਕ ! ਜੋ ਆਪਣੇ ਮਨ ਵਿੱਚ ਸਾਵਧਾਨ ਹੋ ਕੇ ਗੁਰੂ ਨੂੰ ਚੇਤੇ ਨਹੀਂ ਕਰਦੇ, ਉਹ ਕਿਸੇ ਸੁੰਞੇ (vacant) ਖੇਤ ਵਿਚ ਅੰਦਰੋਂ ਸੜੇ ਹੋਏ ਤਿਲਾਂ ਵਾਂਗ ਸੁੱਟੇ (abandoned) ਹੋਏ ਹੁੰਦੇ ਹਨ ।

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ* ॥** *ਸੌ ਖਸਮ

**ਫਲੀਅਹਿ ਫੁਲੀਅਹਿ ਬਪੁੜੇ* ਭੀ ਤਨ ਵਿਚਿ ਸੁਆਹ ॥੩॥** *ਵਿਚਾਰੇ

ਹੇ ਨਾਨਕ ! ਖੇਤ ਵਿਚ ਪਏ ਹੋਏ ਉਹਨਾਂ ਬੁਆੜ ਤਿਲਾਂ (spurious sesames) ਦੇ ਸੌ ਖਸਮ ਹਨ ਭਾਵ, ਕਈ ਮਾਲਕ ਬਣ ਬੈਠਦੇ ਹਨ। ਉਹ ਵਿਚਾਰੇ ਫੱਲਦੇ-ਫੁੱਲਦੇ ਭੀ ਹਨ ਪਰ ਫੇਰ ਭੀ ਉਹਨਾਂ ਦੇ ਤਨ ਵਿਚ, ਉਹਨਾਂ ਦੀ ਫਲੀ ਵਿਚ, ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ।

**ਪਉੜੀ ॥**

**ਆਪੀਨ੍ਹੈ ਆਪੁ ਸਾਜਿਓ    ਆਪੀਨ੍ਹੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ    ਕਰਿ ਆਸਣੁ ਡਿਠੋ ਚਾਉ* ॥**    * ਤਮਾਸ਼ਾ ਵੇਖਦਾ ਹੈ

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਅਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਅਤੇ ਉਸ ਵਿਚ ਆਸਣ ਲਗਾ ਕੇ, ਕੁਦਰਤ ਵਿਚ ਵਿਆਪਕ ਹੋ ਕੇ, ਆਪ ਹੀ ਬੜੇ ਚਾਅ (delight) ਨਾਲ ਜਗਤ ਦਾ ਤਮਾਸ਼ਾ ਵੇਖਣ ਲੱਗ ਪਿਆ।

**ਦਾਤਾ ਕਰਤਾ ਆਪਿ ਤੂੰ    ਤੁਸਿ* ਦੇਵਹਿ ਕਰਹਿ ਪਸਾਉ ॥**    *ਖੁਸ਼ ਹੋ ਕੇ
**ਤੂੰ ਜਾਣੋਈ ਸਭਸੈ    ਦੇ ਲੈਸਹਿ* ਜਿੰਦੁ ਕਵਾਉ ॥**    *ਜਾਨ ਅਤੇ ਸਰੀਰ
**ਕਰਿ ਆਸਣੁ ਡਿਠੋ ਚਾਉ** ॥੧॥ {ਅੰਗ ੪੬੩}

ਹੇ ਪ੍ਰਭੂ ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ (bestower) ਹੈਂ ਅਤੇ ਆਪ ਹੀ ਇਹਨਾਂ ਦਾ ਕਰਤਾ (Creator) ਭਾਵ ਸਾਜਣ ਵਾਲਾ ਹੈਂ । ਤੂੰ ਆਪ ਹੀ ਖੁਸ਼ ਹੋ ਕੇ ਜੀਵਾਂ ਨੂੰ ਦਾਤਾਂ ਦੇਂਦਾ ਹੈਂ ਅਤੇ ਬਖ਼ਸ਼ਸ਼ਾਂ ਕਰਦਾ ਹੈਂ । ਤੂੰ ਸਭਨਾਂ ਜੀਆਂ ਦਾ ਜਾਣਨਹਾਰ ਹੈਂ, ਜਿੰਦ ਤੇ ਸਰੀਰ ਤੂੰ ਆਪ ਹੀ ਦੇਂਦਾ ਹੈਂ ਤੇ ਫਿਰ ਵਾਪਸ ਲੈ ਲੈਂਦਾ ਹੈਂ। ਤੂੰ ਕੁਦਰਤ ਵਿਚ ਆਸਣ ਜਮਾ ਕੇ ਚਾਓ (delight) ਨਾਲ ਤਮਾਸ਼ਾ ਵੇਖ ਰਿਹਾ ਹੈਂ ।

(੨)

**ਹਰਿ ਪ੍ਰੇਮ ਬਾਣੀ ਮਨੁ ਮਾਰਿਆ**
**ਅਣੀਆਲੇ* ਅਣੀਆ ਰਾਮ ਰਾਜੇ ॥**    *ਤਿਖੀ ਨੋਕ ਵਾਲੇ
**ਜਿਸੁ ਲਾਗੀ ਪੀਰ* ਪਿਰੰਮ** ਕੀ**    *ਪੀੜ **ਪ੍ਰੇਮ
**ਸੋ ਜਾਣੈ ਜਰੀਆ* ॥**    *ਸਹਾਰਿਆ



**ਜੀਵਨ ਮੁਕਤਿ ਸੋ ਆਖੀਐ    ਮਰਿ ਜੀਵੈ ਮਰੀਆ ॥**
**ਜਨ ਨਾਨਕ ਸਤਿਗੁਰੁ ਮੇਲਿ ਹਰਿ**
**ਜਗੁ ਦੁਤਰੁ* ਤਰੀਆ** ॥੨॥ {ਅੰਗ ੪੪੯}    *ਪਾਰ ਲੰਘਣਾ ਔਖਾ

ਪ੍ਰਭੂ ਪ੍ਰੇਮ ਪੈਦਾ ਕਰਨ ਵਾਲੀ ਗੁਰਬਾਣੀ ਨੇ ਮੇਰਾ **ਮਨ** (pierce) ਵਿੰਨ੍ਹ ਲਿਆ ਹੈ ਜਿਵੇਂ ਤ੍ਰਿੱਖੀ ਨੋਕ ਵਾਲੇ ਤੀਰ (pointed arrows) ਵਿੰਨ੍ਹ ਲੈਂਦੇ ਹਨ। ਜਿਸ ਦੇ ਅੰਦਰ ਪ੍ਰਭੂ ਪ੍ਰੇਮ (supreme love) ਦੀ ਪੀੜ ਉੱਠਦੀ ਹੈ ਉਹੀ ਜਾਣਦਾ ਹੈ ਕਿ ਇਸ ਨੂੰ ਕਿਵੇਂ ਸਹਾਰਿਆ ਜਾਵੇ। ਜੋ ਮਾਇਆ ਦੇ ਮੋਹ ਵਲੋਂ ਅਛੋਹ ਹੋ ਕੇ ਆਤਮਕ ਜੀਵਨ ਜੀਉਂਦਾ ਹੈ ਉਹ ਜੀਉਂਦੇ ਜੀਅ ਹੀ ਮੁਕਤ ਹੈ, ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੈ। ਦਾਸ ਨਾਨਕ ਆਖਦਾ ਹੈ, ਹੇ ਹਰੀ ! ਮੈਨੂੰ ਗੁਰੂ ਮਿਲਾ, ਤਾਂ ਕਿ ਮੈਂ ਇਸ ਸੰਸਾਰ-ਸਮੁੰਦਰ (world ocean) ਤੋਂ ਪਾਰ ਲੰਘ ਸਕਾਂ ਜਿਸ ਨੂੰ ਤਰਨਾ ਔਖਾ ਹੈ।

**ਸਲੋਕੁ ਮਃ ੧ ॥**

**ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥**
**ਸਚੇ ਤੇਰੇ ਲੋਅ ਸਚੇ ਆਕਾਰ ॥**
**ਸਚੇ ਤੇਰੇ ਕਰਣੇ ਸਰਬ ਬੀਚਾਰ ॥**
**ਸਚਾ ਤੇਰਾ ਅਮਰੁ ਸਚਾ ਦੀਬਾਣੁ ॥**
**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥**
**ਸਚਾ ਤੇਰਾ ਕਰਮੁ ਸਚਾ ਨੀਸਾਣੁ ॥**
**ਸਚੇ ਤੁਧੁ ਆਖਹਿ ਲਖ ਕਰੋੜਿ ॥**
**ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥**

ਹੇ ਪ੍ਰਭੂ ਜੀ ! ਖੰਡ ਤੇ ਬ੍ਰਹਿਮੰਡ (universe) ਸਾਜਣ ਵਾਲਾ ਤੇਰਾ ਇਹ ਸਿਲਸਿਲਾ ਸਦਾ ਲਈ ਅਟੱਲ ਹੈ ।

ਤੇਰੇ ਸਿਰਜੇ ਸਾਰੇ ਲੋਕ ਤੇ ਸਾਰੇ ਆਕਾਰ ਭੀ ਸਦਾ-ਥਿਰ ਰਹਿਣ ਵਾਲੇ ਹਨ; ਤੇਰੇ ਕੰਮ ਤੇ ਸਾਰੀਆਂ ਵਿਚਾਰਾਂ ਨਾਸ-ਰਹਿਤ ਹਨ ।

ਹੇ ਪਾਤਸ਼ਾਹ ! ਤੇਰਾ ਰਾਜ (kingdom - ਹੁਕਮ) ਤੇ ਦਰਬਾਰ (court) ਅਟੱਲ ਹਨ, ਤੇਰਾ ਹੁਕਮ ਤੇ ਤੇਰਾ ਸ਼ਾਹੀ ਫ਼ੁਰਮਾਨ ਭੀ ਅਟੱਲ ਹਨ । ਤੇਰੀ ਬਖ਼ਸ਼ਸ਼ ਸਦਾ ਲਈ ਥਿਰ ਹੈ ਤੇ ਤੇਰੀਆਂ ਬਖ਼ਸ਼ਸ਼ਾਂ ਦਾ ਨਿਸ਼ਾਨ ਭੀ ਸਦਾ ਵਾਸਤੇ ਕਾਇਮ ਹੈ ।

ਲੱਖਾਂ ਕਰੋੜਾਂ ਜੀਵ ਤੈਨੂੰ ਸਿਮਰ ਰਹੇ ਹਨ। ਸਾਰਾ ਕੁਝ ਹੀ ਸੱਚੇ ਪ੍ਰਭੂ ਦੀ ਤਾਕਤ ਤੇ ਜ਼ੋਰ ਵਿਚ ਹੈ ਭਾਵ, ਸਭਨਾਂ ਦਾ ਆਸਰਾ ਪ੍ਰਭੂ ਆਪ ਹੈ ।

**ਸਚੀ ਤੇਰੀ ਸਿਫਤਿ ਸਚੀ ਸਾਲਾਹ ॥**

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥**

**ਨਾਨਕ ਸਚੁ ਧਿਆਇਨਿ ਸਚੁ ॥**

**ਜੋ ਮਰਿ ਜੰਮੇ ਸੁ *ਕਚੁ ਨਿਕਚੁ ॥੧॥** {ਅੰਗ- ੪੬੩}

*ਨਿਰੋਲ ਕੱਚੇ, ਬਿਲਕੁਲ ਕੱਚੇ

ਤੇਰੀ ਸਿਫ਼ਤਿ-ਸਾਲਾਹ ਕਰਨੀ ਇਕ ਅਟੱਲ ਸਿਲਸਿਲਾ ਹੈ; ਹੇ ਸੱਚੇ ਪਾਤਿਸ਼ਾਹ! ਇਹ ਸਾਰੀ ਰਚਨਾ ਹੀ ਤੇਰਾ ਇਕ ਨਾ ਮੁੱਕਣ ਵਾਲਾ ਪ੍ਰਬੰਧ ਹੈ ।

ਹੇ ਨਾਨਕ! ਜੋ ਜੀਵ ਅਬਿਨਾਸ਼ੀ ਪ੍ਰਭੂ ਨੂੰ ਸਿਮਰਦੇ ਹਨ, ਉਹ ਭੀ ਉਸ ਦਾ ਰੂਪ ਹਨ; ਪਰ ਜੋ ਜੰਮਣ ਮਰਨ ਦੇ ਗੇੜ ਵਿਚ ਪਏ ਹਨ, ਉਹ ਬਿਲਕੁਲ ਕੱਚੇ (falsest of the false) ਹਨ ਹਾਲੀ ਤੱਕ ਅਸਲ ਜੋਤ ਦਾ ਰੂਪ ਨਹੀਂ ਹੋਏ ।

**ਸਮੁੱਚਾ ਭਾਵ** – ਹਸਤੀ ਵਾਲੇ ਪ੍ਰਭੂ ਦਾ ਸੱਚ-ਮੁੱਚ ਇਹ ਹਸਤੀ ਵਾਲਾ ਹੀ ਪਸਾਰਾ ਹੈ ਜੋ ਉਸ ਦੇ ਆਪਣੇ ਹੱਥ ਵਿਚ ਹੈ। ਜੀਅ ਜੰਤ ਤਾਂ ਨਾਸਵੰਤ ਹਨ ਪਰ ਪ੍ਰਭੂ ਦਾ ਇਹ ਵਰਤਾਰਾ ਸਦਾ ਕਾਇਮ ਰਹੇਗਾ।

**ਮਃ ੧ ॥**

**ਵਡੀ ਵਡਿਆਈ ਜਾ ਵਡਾ ਨਾਉ ॥**

**ਵਡੀ ਵਡਿਆਈ ਜਾ ਸਚੁ ਨਿਆਉ ॥**

**ਵਡੀ ਵਡਿਆਈ ਜਾ ਨਿਹਚਲ ਥਾਉ ॥**

ਉਸ ਪ੍ਰਭੂ ਦੀ ਸਿਫ਼ਤਿ ਨਹੀਂ ਕੀਤੀ ਜਾ ਸਕਦੀ ਜਿਸ ਦਾ ਨਾਮਣਾ (fame) ਵੱਡਾ ਹੈ । ਪ੍ਰਭੂ ਦਾ ਵੱਡਾ ਗੁਣ ਹੈ ਕਿ ਉਸ ਦਾ ਨਿਆਂ (justice) ਸਦਾ ਅਟੱਲ ਹੈ । ਉਸ ਦੀ ਵੱਡੀ ਸਿਫ਼ਤ ਹੈ ਕਿ ਉਸ ਦਾ ਆਸਣ ਅਡੋਲ ਹੈ ।

**ਵਡੀ ਵਡਿਆਈ ਜਾਣੈ ਆਲਾਉ* ॥**

* ਜੀਵਾਂ ਦੀਆਂ ਅਰਦਾਸਾਂ

**ਵਡੀ ਵਡਿਆਈ ਬੁਝੈ ਸਭਿ ਭਾਉ ॥**

**ਵਡੀ ਵਡਿਆਈ ਜਾ ਪੁਛਿ ਨ ਦਾਤਿ ॥**

**ਵਡੀ ਵਡਿਆਈ ਜਾ ਆਪੇ ਆਪਿ ॥**

ਪ੍ਰਭੂ ਦੀ ਇਹ ਬੜੀ ਵਡਿਆਈ ਹੈ ਕਿ ਉਹ ਸਾਰੇ ਜੀਵਾਂ ਦੇ ਬੋਲਾਂ, ਅਰਜ਼ੋਈਆਂ



(utterances) ਨੂੰ ਜਾਣਦਾ ਹੈ ਅਤੇ ਸਾਰਿਆਂ ਦੇ ਦਿਲਾਂ ਦੇ ਵਲਵਲਿਆਂ (feelings) ਨੂੰ ਸਮਝਦਾ ਹੈ । ਰੱਬ ਦੀ ਇਹ ਉੱਚੀ ਸਿਫ਼ਤ ਹੈ ਕਿ ਕਿਸੇ ਦੀ ਸਲਾਹ (consult) ਲੈ ਕੇ ਜੀਵਾਂ ਨੂੰ ਦਾਤਾਂ ਨਹੀਂ ਦੇ ਰਿਹਾ। ਉਹ ਆਪਣੇ ਆਪ ਵਰਗਾ ਆਪ ਹੀ ਹੈ (all in all) , ਉਸ ਵਰਗਾ ਹੋਰ ਕੋਈ ਨਹੀਂ।

**ਨਾਨਕ ਕਾਰ ਨ ਕਥਨੀ ਜਾਇ ॥**

**ਕੀਤਾ ਕਰਣਾ ਸਰਬ ਰਜਾਇ ॥੨॥** {ਅੰਗ- ੪੬੩}

ਹੇ ਨਾਨਕ! ਰੱਬ ਦੀ ਕੁਦਰਤਿ ਬਿਆਨ ਨਹੀਂ ਕੀਤੀ ਜਾ ਸਕਦੀ। ਸਾਰੀ ਰਚਨਾ ਉਸ ਨੇ ਆਪਣੇ ਹੁਕਮ ਵਿਚ ਹੀ ਰਚੀ ਹੈ।

**ਮਹਲਾ ੨ ॥**

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

**ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥**

ਇਹ ਜਗਤ ਪ੍ਰਭੂ ਦੇ ਰਹਿਣ ਦੀ ਥਾਂ ਹੈ, ਪ੍ਰਭੂ ਇਸ ਵਿਚ ਵੱਸ ਰਿਹਾ ਹੈ । ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਇਸ ਸੰਸਾਰ-ਸਾਗਰ ਵਿਚੋਂ ਬਚਾ ਕੇ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ ਅਤੇ ਕਈ ਜੀਆਂ ਨੂੰ ਹੁਕਮ ਅਨੁਸਾਰ ਹੀ ਨਾਸ ਕਰ ਦਿੰਦਾ ਹੈ।

**ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥**

**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥**

**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥**

ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਵਿਚੋਂ ਕੱਢ ਲੈਂਦਾ ਹੈ, ਕਈਆਂ ਨੂੰ ਇਸੇ ਵਿਚ ਫਸਾਈ ਰੱਖਦਾ ਹੈ। ਇਹ ਗੱਲ ਭੀ ਦੱਸੀ ਨਹੀਂ ਜਾ ਸਕਦੀ ਕਿ ਰੱਬ ਕਿਸ ਉਪਰ ਕਿਰਪਾ ਕਰੇਗਾ, ਕਿਸਦੇ ਕਾਰਜ ਸੰਪੂਰਨ ਕਰੇਗਾ। ਹੇ ਨਾਨਕ! ਜਿਸ ਵਡਭਾਗੀ ਮਨੁੱਖ ਨੂੰ ਪ੍ਰਭੂ ਚਾਨਣ ਬਖ਼ਸ਼ਦਾ ਹੈ, ਉਸ ਨੂੰ ਗੁਰੂ ਦੀ ਰਾਹੀਂ ਸਮਝ ਪੈ ਜਾਂਦੀ ਹੈ ।

**ਪਉੜੀ ॥**

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥**

**ਓਥੈ ਸਚੇ ਹੀ ਸਚਿ ਨਿਬੜੈ**

**ਚੁਣਿ ਵਖਿ ਕਢੇ ਜਜਮਾਲਿਆ* ॥**

*ਮੰਦ ਕਰਮੀ ਜੀਵ

**ਥਾਉ ਨ ਪਾਇਨਿ ਕੂੜਿਆਰ  ਮੁਹ ਕਾਲ੍ਹੈ ਦੋਜਕਿ ਚਾਲਿਆ ॥**

ਹੇ ਨਾਨਕ! ਜੀਵਾਂ ਨੂੰ ਪੈਦਾ ਕਰ ਕੇ ਪਰਮਾਤਮਾ ਨੇ ਧਰਮ-ਰਾਜ ਨੂੰ ਉਹਨਾਂ ਦੇ ਸਿਰ ਤੇ ਨਿਯੁਕਤ ਕੀਤਾ ਹੋਇਆ ਹੈ ਤਾਂ ਜੋ ਉਹ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ (record the deeds) ਲਿਖਦਾ ਰਹੇ ।

ਧਰਮ-ਰਾਜ ਦੀ ਕਚਹਿਰੀ ਵਿਚ ਨਿਰੋਲ ਸੱਚ ਦੁਆਰਾ ਹੀ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦਾ ਹੈ। ਜਿਨ੍ਹਾਂ ਦੇ ਪੱਲੇ 'ਸਚੁ' ਹੁੰਦਾ ਹੈ ਉਹਨਾਂ ਨੂੰ ਆਦਰ ਮਿਲਦਾ ਹੈ ਤੇ ਮੰਦ-ਕਰਮੀ (evil-doers) ਜੀਵ ਚੁਣ ਕੇ ਵੱਖਰੇ ਕੀਤੇ ਜਾਂਦੇ ਹਨ। ਕੂੜ ਤੇ ਠੱਗੀ ਕਰਨ ਵਾਲਿਆਂ (false ones) ਨੂੰ ਟਿਕਾਣਾ ਨਹੀਂ ਮਿਲਦਾ; ਕਾਲਾ ਮੂੰਹ (blackened faces) ਕਰ ਕੇ ਉਹਨਾਂ ਨੂੰ ਨਰਕਾਂ ਵਿਚ ਧੱਕਿਆ ਜਾਂਦਾ ਹੈ ।

**ਤੇਰੈ ਨਾਇ ਰਤੇ ਸੇ ਜਿਣਿ ਗਏ  ਹਾਰਿ ਗਏ ਸਿ ਠਗਣ ਵਾਲਿਆ ॥**
**ਲਿਖਿ ਨਾਵੈ ਧਰਮੁ ਬਹਾਲਿਆ ॥੨॥** {ਅੰਗ- ੪੬੩}

ਹੇ ਪ੍ਰਭੂ! ਜੋ ਤੇਰੇ ਨਾਮ ਵਿਚ ਰੰਗੇ ਹੋਏ ਹਨ, ਉਹ ਜਿੱਤ ਜਾਂਦੇ ਹਨ ਤੇ ਠੱਗੀ ਕਰਨ ਵਾਲੇ (deceivers) ਬੰਦੇ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ । ਪ੍ਰਭੂ ਨੇ ਹੀ ਧਰਮ-ਰਾਜ ਨੂੰ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਲਈ ਥਾਪਿਆ ਹੋਇਆ ਹੈ ।

(੩)

**ਹਮ ਮੂਰਖ ਮੁਗਧ* ਸਰਣਾਗਤੀ** *ਬੇਸਮਝ
**ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥**
**ਗੁਰਿ ਪੂਰੈ ਹਰਿ ਪਾਇਆ  ਹਰਿ ਭਗਤਿ ਇਕ ਮੰਗਾ ॥**
**ਮੇਰਾ ਮਨੁ ਤਨੁ ਸਬਦਿ ਵਿਗਾਸਿਆ*  ਜਪਿ ਅਨਤ ਤਰੰਗਾ ॥** *ਖਿੜ ਪਿਆ
**ਮਿਲਿ ਸੰਤ ਜਨਾ ਹਰਿ ਪਾਇਆ  ਨਾਨਕ ਸਤਸੰਗਾ ॥੩॥** (ਅੰਗ ੪੪੯)

ਹੇ ਬੇਅੰਤ ਕੌਤਕਾਂ ਦੇ ਮਾਲਕ ਗੋਵਿੰਦ! ਸਾਨੂੰ ਮਿਲ, ਅਸੀਂ ਮੂਰਖ ਬੇ-ਸਮਝ (ignorant) ਤੇਰੀ ਸ਼ਰਨ ਆਏ ਹਾਂ। ਮੈਂ ਪਰਮਾਤਮਾ ਦੀ ਭਗਤੀ ਦੀ ਦਾਤਿ ਮੰਗਦਾ ਹਾਂ, ਪੂਰੇ ਗੁਰੂ ਦੀ ਰਾਹੀਂ ਹੀ ਪਰਮਾਤਮਾ ਮਿਲ ਸਕਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਬੇਅੰਤ ਲਹਿਰਾਂ ਵਾਲੇ ਸਮੁੰਦਰ-ਪ੍ਰਭੂ ਨੂੰ ਸਿਮਰ ਕੇ ਮੇਰਾ **ਮਨ** ਖਿੜ ਪਿਆ ਹੈ, ਮੇਰਾ ਹਿਰਦਾ ਪ੍ਰਫੁਲਤ



(blossomed) ਹੋ ਗਿਆ ਹੈ। ਹੇ ਨਾਨਕ! ਆਖ, ਸੰਤ ਜਨਾਂ ਨੂੰ ਮਿਲ ਕੇ ਸੰਤਾਂ ਦੀ ਸੰਗਤਿ ਵਿਚ ਮੈਂ ਪਰਮਾਤਮਾ ਨੂੰ ਲੱਭ ਲਿਆ ਹੈ।

**ਸਲੋਕ ਮਃ ੧ ॥**

**ਵਿਸਮਾਦੁ ਨਾਦ ਵਿਸਮਾਦੁ ਵੇਦ ॥**
**ਵਿਸਮਾਦੁ ਜੀਅ ਵਿਸਮਾਦੁ ਭੇਦ ॥**
**ਵਿਸਮਾਦੁ ਰੂਪ ਵਿਸਮਾਦੁ ਰੰਗ ॥**
**ਵਿਸਮਾਦੁ ਨਾਗੇ ਫਿਰਹਿ ਜੰਤ ॥**

ਪ੍ਰਭੂ ਦੀ ਅਚਰਜ ਕੁਦਰਤ ਵਿੱਚ ਕਈ ਨਾਦ ਤੇ ਕਈ ਵੇਦ; ਬੇਅੰਤ ਜੀਵ ਤੇ ਜੀਵਾਂ ਦੇ ਕਈ ਭੇਦ; ਜੀਵਾਂ ਦੇ ਤੇ ਹੋਰ ਪਦਾਰਥਾਂ ਦੇ ਕਈ ਰੂਪ ਤੇ ਕਈ ਰੰਗ ਹਨ - ਕਈ ਜੰਤ ਸਦਾ ਨੰਗੇ ਹੀ ਫਿਰ ਰਹੇ ਹਨ। ਇਹ ਸਭ ਕੁਝ ਵੇਖ ਕੇ ਹੈਰਾਨੀ, ਅਸਚਰਜਤਾ ਤੇ ਵਿਸਮਾਦ (wonderful, wonderful, wondering) ਅਵਸਥਾ ਬਣ ਰਹੀ ਹੈ ।

**ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥**
**ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥**
**ਵਿਸਮਾਦੁ ਸਾਦਿ ਲਗਹਿ ਪਰਾਣੀ ॥**

ਪਉਣ ਅਤੇ ਪਾਣੀ, ਕਈ ਅਗਨੀਆਂ ਅਚਰਜ ਖੇਡਾਂ ਕਰ ਰਹੀਆਂ ਹਨ; ਧਰਤੀ ਤੇ ਜੀਵਾਂ ਦੀ ਉਤਪੱਤੀ ਦੀਆਂ ਚਾਰ ਖਾਣੀਆਂ; (sources of production) ਜੀਵ ਪਦਾਰਥਾਂ ਦੇ ਸੁਆਦ ਵਿਚ ਲੱਗ ਰਹੇ ਹਨ —ਇਹ ਵੇਖ ਕੇ **ਮਨ** ਵਿਚ ਕਮਾਲ! ਕਮਾਲ!! ਤੇ ਹੈਰਾਨੀ ਪੈਦਾ ਹੋ ਰਹੀ ਹੈ ।

**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥**
**ਵਿਸਮਾਦੁ ਭੁਖ ਵਿਸਮਾਦੁ ਭੋਗੁ ॥**
**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥**
**ਵਿਸਮਾਦੁ ਉਝੜ ਵਿਸਮਾਦੁ ਰਾਹ ॥**

ਕਿਤੇ ਜੀਵਾਂ ਦਾ ਮੇਲ (union) ਹੋ ਰਿਹਾ ਹੈ, ਕਿਤੇ ਵਿਛੋੜਾ (separation) ; ਕਿਤੇ ਭੁੱਖ ਹੈ, ਕਿਤੇ ਕਈ-ਕਈ ਪਦਾਰਥ ਛਕੇ ਜਾ ਰਹੇ ਹਨ; ਕਿਤੇ ਕੁਦਰਤ ਦੇ ਮਾਲਕ ਦੀ ਸਿਫ਼ਤਿ-ਸਾਲਾਹ ਹੋ ਰਹੀ ਹੈ; ਕਈ ਜੀਵ ਉਝੜੇ ਭਾਵ ਗਲਤ ਰਸਤੇ (astray,

wilderness) ਤੇ ਭਟਕ ਗਏ ਹਨ ਤੇ ਕਈ ਠੀਕ ਰਾਹੇ ਪੈ ਗਏ ਹਨ—ਇਹ ਅਚਰਜ ਖੇਡ ਵੇਖ ਕੇ **ਮਨ** ਵਿਚ ਹੈਰਾਨੀ ਭਰਿਆ ਅਨੰਦ ਆ ਰਿਹਾ ਹੈ।

**ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥**
**ਵਿਸਮਾਦੁ ਦੇਖੈ ਹਾਜਰਾ ਹਜੂਰਿ ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ ॥**
**ਨਾਨਕ ਬੁਝਣੁ ਪੂਰੈ ਭਾਗਿ ॥੧॥** {ਅੰਗ- ੪੬੩-੪੬੪}

ਕੋਈ ਆਖਦਾ ਹੈ ਰੱਬ ਨੇੜੇ ਹੈ ਤੇ ਕੋਈ ਆਖਦਾ ਹੈ ਦੂਰ; ਕੋਈ ਆਖਦਾ ਹੈ ਕਿ ਸਭ ਥਾਈਂ ਵਿਆਪਕ ਹੋ ਕੇ, ਜੀਵਾਂ ਦੀ ਸੰਭਾਲ ਕਰ ਰਿਹਾ ਹੈ—ਇਸ ਅਚਰਜ ਕੌਤਕ ਨੂੰ ਵੇਖ ਕੇ, ਮਹਿਸੂਸ ਕਰ ਕੇ ਝਰਨਾਹਟ ਛਿੜ ਰਹੀ ਹੈ । ਹੇ ਨਾਨਕ! ਇਸ ਇਲਾਹੀ ਤਮਾਸ਼ੇ ਨੂੰ ਵੱਡੇ ਭਾਗਾਂ (good fortune) ਨਾਲ ਸਮਝਿਆ ਜਾ ਸਕਦਾ ਹੈ।

**ਮਃ ੧ ॥**

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥**
**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**
**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥**

ਹੇ ਪ੍ਰਭੂ! ਜੋ ਕੁਝ ਦਿੱਸ ਰਿਹਾ ਹੈ ਤੇ ਜੋ ਕੁਝ ਸੁਣ ਰਹੇ ਹਾਂ, ਇਹ ਸਭ ਤੇਰੀ ਹੀ ਕਲਾ ਹੈ; ਪ੍ਰਭੂ ਦਾ ਡਰ ਜੋ ਸੁਖਾਂ ਦਾ ਮੂਲ ਹੈ, ਇਹ ਭੀ ਤੇਰੀ ਕੁਦਰਤ ਹੈ। ਪਾਤਾਲਾਂ ਤੇ ਆਕਾਸ਼ਾਂ ਵਿਚ ਤੇਰੀ ਹੀ ਕੁਦਰਤ ਹੈ, ਇਹ ਸਾਰਾ ਦਿੱਸ ਰਿਹਾ ਜਗਤ ਤੇਰੀ ਹੀ ਅਚਰਜ ਖੇਡ ਹੈ । ਵੇਦ, ਪੁਰਾਣ ਤੇ ਕਤੇਬਾਂ, ਹੋਰ ਭੀ ਸਾਰੀ ਵਿਚਾਰ-ਸੱਤਾ (expositions) ਤੇਰੀ ਹੀ ਕਲਾ ਹੈ।

**ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥**
**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**

ਜੀਵਾਂ ਦਾ ਖਾਣਾ, ਪੀਣਾ, ਪੈਨ੍ਹਣਾ ਅਤੇ ਪਿਆਰ ਦਾ ਸਾਰਾ ਜਜ਼ਬਾ ਇਹ ਸਭ ਤੇਰੀ ਕੁਦਰਤ ਹੈ । ਜਾਤਾਂ, ਜਿਨਸਾਂ (geners), ਰੰਗਾਂ ਤੇ ਜਗਤ ਦੇ ਜੀਵਾਂ ਵਿਚ ਤੇਰੀ ਹੀ ਕੁਦਰਤ ਵਰਤ ਰਹੀ ਹੈ। ਕਿਤੇ ਭਲਾਈ ਦੇ ਕੰਮ ਹੋ ਰਹੇ ਹਨ, ਕਿਤੇ ਵਿਕਾਰ ਹਨ; ਕਿਤੇ ਕਿਸੇ ਦਾ ਆਦਰ ਹੋ ਰਿਹਾ ਹੈ, ਕਿਤੇ ਅਹੰਕਾਰ ਪਰਧਾਨ ਹੈ—ਇਹ ਤੇਰਾ ਅਚਰਜ ਕੌਤਕ ਹੈ ।



**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**
**ਨਾਨਕ ਹੁਕਮੈ ਅੰਦਰਿ ਵੇਖੈ**
**ਵਰਤੈ ਤਾਕੋ ਤਾਕੁ* ॥੨॥** {ਅੰਗ- ੪੬੪} *ਇਕੱਲਾ ਆਪ ਹੀ ਆਪ

ਪਉਣ, ਪਾਣੀ, ਅੱਗ, ਧਰਤੀ ਦੀ ਖ਼ਾਕ (dust) ਆਦਿਕ, ਇਹ ਸਾਰੇ ਤੇਰਾ ਹੀ ਤਮਾਸ਼ਾ ਹਨ । ਹੇ ਪ੍ਰਭੂ! ਸਭ ਤੇਰੀ ਕਲਾ ਵਰਤ ਰਹੀ ਹੈ, ਤੂੰ ਕੁਦਰਤ ਦਾ ਮਾਲਕ ਹੈਂ, ਤੂੰ ਹੀ ਇਸ ਖੇਲ ਦਾ ਰਚਨਹਾਰ ਹੈਂ, ਤੇਰੀ ਵਡਿਆਈ ਸਭ ਤੋਂ ਸੁੱਚੀ ਹੈ, ਤੂੰ ਆਪ ਪਵਿੱਤਰ (holiest of the holy) ਹਸਤੀ ਵਾਲਾ ਹੈਂ। ਹੇ ਨਾਨਕ! ਪ੍ਰਭੂ ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿਚ ਰੱਖ ਕੇ ਸਭ ਦੀ ਸੰਭਾਲ ਕਰ ਰਿਹਾ ਹੈ, ਤੇ ਸਭ ਥਾਈਂ ਇਕੱਲਾ ਆਪ ਹੀ ਆਪ (absolute oneness) ਮੌਜੂਦ ਹੈ ।

**ਪਉੜੀ ॥**

**ਆਪੀਨੈ੍ ਭੋਗ ਭੋਗਿ ਕੈ**
**ਹੋਇ ਭਸਮੜਿ* ਭਉਰੁ** ਸਿਧਾਇਆ॥** *ਮਿੱਟੀ ਦੀ ਢੇਰੀ **ਆਤਮਾ
***ਵਡਾ ਹੋਆ ਦੁਨੀਦਾਰੁ**** *ਮਰ ਗਿਆ **ਦੁਨੀਆਂਦਾਰ
**ਗਲਿ ਸੰਗਲੁ ਘਤਿ* ਚਲਾਇਆ ॥** * ਧੱਕੇ ਮਾਰ ਕੇ

ਜੀਵ ਆਪਣੇ ਪਦਾਰਥਾਂ ਦੇ ਰੰਗ ਮਾਣਦਾ ਹੈ ਫਿਰ ਸਰੀਰ ਮਿੱਟੀ ਦੀ ਢੇਰੀ (ashes) ਹੋ ਜਾਂਦਾ ਹੈ ਤੇ ਜੀਵਾਤਮਾ-ਰੂਪ ਭਉਰ ਸਰੀਰ ਨੂੰ ਛੱਡ ਕੇ ਤੁਰ ਪੈਂਦਾ ਹੈ । ਇੰਝ ਦੁਨੀਆ ਦੇ ਧੰਧਿਆਂ ਵਿਚ ਫਸਿਆ ਜੀਵ ਜਦੋਂ ਮਰਦਾ ਹੈ ਤਾਂ ਮਾਨੋ ਉਸਦੇ ਗਲ ਵਿਚ ਸੰਗਲ (chains) ਪਾ ਕੇ ਅੱਗੇ ਲਾ ਲਿਆ (driven) ਜਾਂਦਾ ਹੈ।

**ਅਗੈ ਕਰਣੀ ਕੀਰਤਿ ਵਾਚੀਐ*** *ਵੇਖੀ ਜਾਂਦੀ ਹੈ
**ਬਹਿ ਲੇਖਾ ਕਰਿ ਸਮਝਾਇਆ ॥**
**ਥਾਉ ਨ ਹੋਵੀ ਪਉਦੀਈ*** * ਜੁੱਤੀਆਂ ਪੈਦੀਆਂ ਹਨ
**ਹੁਣਿ ਸੁਣੀਐ ਕਿਆ ਰੂਆਇਆ ॥**
**ਮਨਿ ਅੰਧੈ ਜਨਮੁ ਗਵਾਇਆ ॥੩॥** {ਅੰਗ- ੪੬੪}

ਧਰਮਰਾਜ ਦੇ ਦਰਬਾਰ ਵਿਚ ਦੋ ਹੀ ਗੱਲਾਂ ਪਰਖੀਆਂ ਜਾਂਦੀਆਂ ਹਨ - ਪਹਿਲਾ- ਜੀਵ ਨੇ ਰੱਬ ਦੀ ਸਿਫ਼ਤਿ-ਸਾਲਾਹ ਕਿੰਨੀ ਕੀਤੀ ਤੇ ਦੂਜਾ-ਕੰਮ, ਕਰਮ ਕਿਹੋ ਜਿਹੇ ਕੀਤੇ।

ਜੀਵ ਨੂੰ ਕੀਤੇ ਕਰਮਾਂ ਦਾ ਹਿਸਾਬ ਚੰਗੀ ਤਰ੍ਹਾਂ ਸਮਝਾ ਦਿੱਤਾ ਜਾਂਦਾ ਹੈ । ਮਾਇਆ ਦੇ ਭੋਗਾਂ ਵਿਚ ਹੀ ਫਸੇ ਰਹਿਣ ਦੇ ਕਾਰਨ ਓਥੇ ਮਾਰ ਪੈਂਦੇ ਨੂੰ ਕਿਤੇ ਢੋਈ (shelter) ਨਹੀਂ ਮਿਲਦੀ, ਉਸ ਵੇਲੇ ਇਸ ਦੀ ਕੋਈ ਭੀ ਕੂਕ-ਪੁਕਾਰ ਸੁਣੀ ਨਹੀਂ ਜਾਂਦੀ। ਅਗਿਆਨੀ **ਮਨ** ਵਾਲਾ ਜੀਵ ਆਪਣਾ ਜਨਮ ਅਜਾਈਂ ਗਵਾ ਲੈਂਦਾ ਹੈ।

❈ ❈

(੪)

**ਦੀਨ ਦਇਆਲ ਸੁਣਿ ਬੇਨਤੀ**
**ਹਰਿ ਪ੍ਰਭ ਹਰਿ ਰਾਇਆ* ਰਾਮ ਰਾਜੇ ॥** *ਰਾਜਾ
**ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥**
***ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥** *ਭਗਤੀ ਨਾਲ ਪਿਆਰ
**ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥** {ਅੰਗ- ੪੪੯}

ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਹਰੀ! ਹੇ ਪ੍ਰਭੂ! ਹੇ ਪ੍ਰਭੂ ਪਾਤਿਸ਼ਾਹ! ਮੇਰੀ ਬੇਨਤੀ ਸੁਣ (listen to my submission)। ਮੈਂ ਤੇਰੇ ਨਾਮ ਦਾ ਆਸਰਾ (shelter) ਮੰਗਦਾ ਹਾਂ। ਤੇਰੀ ਮਿਹਰ ਨਾਲ ਹੀ ਮੈਂ ਤੇਰਾ ਨਾਮ ਆਪਣੇ ਮੂੰਹ ਨਾਲ ਜਪ ਸਕਦਾ ਹਾਂ।

ਪਰਮਾਤਮਾ ਦਾ ਸੁਭਾਉ ਹੈ ਕਿ ਉਹ ਭਗਤੀ ਨਾਲ ਪਿਆਰ ਕਰਦਾ ਹੈ ਜਿਹੜਾ ਉਸ ਦੀ ਸਰਨ ਪਏ, ਉਸ ਦੀ ਇੱਜ਼ਤ ਰੱਖ ਲੈਂਦਾ ਹੈ। ਦਾਸ ਨਾਨਕ ਭੀ ਉਸ ਹਰੀ ਦੀ ਸਰਨ ਆ ਪਿਆ ਹੈ, ਹਰੀ ਆਪਣੇ ਨਾਮ ਵਿਚ ਜੋੜ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

**ਸਲੋਕ ਮਃ ੧ ॥**

**ਭੈ ਵਿਚਿ ਪਵਣੁ ਵਹੈ ਸਦਵਾਉ* ॥** *ਸਦਾ ਏਵ, ਸਦਾ ਹੀ
**ਭੈ ਵਿਚਿ ਚਲਹਿ ਲਖ ਦਰੀਆਉ ॥**
**ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥**

ਪ੍ਰਭੂ ਦੇ ਡਰ ਵਿੱਚ, ਹੁਕਮ ਅੰਦਰ ਹਵਾ ਸਦਾ ਹੀ ਚੱਲ ਰਹੀ ਹੈ, ਲੱਖਾਂ ਦਰੀਆ ਵਗ ਰਹੇ ਹਨ, ਅੱਗ ਵਗਾਰੀ (forced) ਸੇਵਾ ਕਰ ਰਹੀ ਹੈ, ਸਾਰੀ ਧਰਤੀ ਭਾਰ ਹੇਠ ਦੱਬੀ ਪਈ ਹੈ । ਪ੍ਰਭੂ ਦੇ ਭੈ ਵਿਚ ਇੰਦਰ ਰਾਜਾ ਸਿਰ ਦੇ ਭਾਰ ਫਿਰ ਰਿਹਾ ਹੈ ਭਾਵ ਬੱਦਲ ਉੱਡ ਰਹੇ ਹਨ, ਧਰਮ-ਰਾਜ ਦਾ ਦਰਬਾਰ ਲਗਾ ਹੈ ।



**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥**
**ਕੋਹ ਕਰੋੜੀ* ਚਲਤ ਨ ਅੰਤੁ ॥** *ਕਰੋੜਾਂ ਕੋਹ/ਮੀਲ
**ਭੈ ਵਿਚਿ ਸਿਧ ਬੁਧ ਸੁਰ ਨਾਥ ॥**
**ਭੈ ਵਿਚਿ ਆਡਾਣੇ* ਆਕਾਸ ॥** *ਤਣੇ ਹੋਏ
**ਭੈ ਵਿਚਿ ਜੋਧ ਮਹਾਬਲ ਸੂਰ ॥**
**ਭੈ ਵਿਚਿ ਆਵਹਿ ਜਾਵਹਿ ਪੂਰ* ॥** *ਸਾਰੇ ਦੇ ਸਾਰੇ ਜੀਵ

ਸੂਰਜ ਤੇ ਚੰਦ੍ਰਮਾ ਭੀ ਰੱਬ ਦੇ ਹੁਕਮ ਵਿਚ ਹਨ, ਕ੍ਰੋੜਾਂ ਕੋਹਾਂ (millions of miles) ਚਲਦਿਆਂ ਉਹਨਾਂ ਦਾ ਕੋਈ ਅੰਤ ਨਹੀਂ। ਸਿੱਧ, ਬੁਧ, ਦੇਵਤੇ ਤੇ ਨਾਥ, ਉੱਪਰ ਤਣੇ ਹੋਏ ਆਕਾਸ਼, ਬੜੇ-ਬੜੇ ਬਲ ਵਾਲੇ ਜੋਧੇ ਤੇ ਸੂਰਮੇ (fighters and mighty) , ਪੂਰਾਂ ਦੇ ਪੂਰ ਜੀਵ ਜੋ ਜਗਤ ਵਿਚ ਜੰਮਦੇ ਤੇ ਮਰਦੇ ਹਨ – ਸਭ ਭੈ ਵਿਚ ਹਨ ।

**ਸਗਲਿਆ ਭਉ ਲਿਖਿਆ ਸਿਰਿ ਲੇਖੁ ॥**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥**

ਪ੍ਰਭੂ ਦਾ ਨਿਯਮ ਹੀ ਐਸਾ ਹੈ ਕਿ ਸਾਰੇ ਉਸ ਦੇ ਭੈ ਵਿਚ ਹਨ । ਹੇ ਨਾਨਕ! ਕੇਵਲ ਇਕ ਸੱਚਾ ਨਿਰੰਕਾਰ ਹੀ ਭੈ ਤੋਂ ਰਹਿਤ ਹੈ ।

**ਮਃ ੧ ॥**

**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ* ॥** *ਤੁੱਛ, ਧੂੜ
**ਕੇਤੀਆ ਕੰਨ੍ ਕਹਾਣੀਆ* ਕੇਤੇ ਬੇਦ ਬੀਚਾਰ ॥** *ਕ੍ਰਿਸ਼ਨ ਦੀਆਂ ਕਹਾਣੀਆਂ

ਹੇ ਨਾਨਕ! ਇਕ ਨਿਰੰਕਾਰ (Formless) ਹੀ ਭੈ-ਰਹਿਤ ਹੈ (without fear), ਅਵਤਾਰੀ ਰਾਮ ਜੀ ਵਰਗੇ ਕਈ ਹੋਰ ਅਤੇ ਕ੍ਰਿਸ਼ਨ ਜੀ ਦੀਆਂ ਕਈ ਸਾਖੀਆਂ ਤੇ ਵੇਦਾਂ ਦੇ ਕਈ ਵੀਚਾਰ ਸਭ ਉਸ ਨਿਰੰਕਾਰ ਦੇ ਸਾਹਮਣੇ ਤੁੱਛ (insignificant) ਹਨ।

**ਕੇਤੇ ਨਚਹਿ ਮੰਗਤੇ ਗਿੜਿ ਮੁੜਿ* ਪੂਰਹਿ ਤਾਲ ॥** *ਭੰਉ ਭੰਉ ਕੇ, ਪਰਤ ਪਰਤ ਕੇ
**ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥**
**ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ*** *ਜੋ ਸਮਝ ਨਾ ਆਵੇ

ਨਿਰੰਕਾਰ ਦਾ ਗਿਆਨ ਪ੍ਰਾਪਤ ਕਰਨ ਲਈ ਕਈ ਮਨੁੱਖ ਮੰਗਤੇ ਬਣ ਕੇ ਨੱਚਦੇ ਹਨ ਤੇ ਕਈ ਤਰ੍ਹਾਂ ਦੇ ਤਾਲ ਪੂਰਦੇ ਹਨ। ਰਾਸਧਾਰੀਏ ਭੀ ਬਜ਼ਾਰਾਂ ਵਿਚ ਆ ਕੇ ਰਾਸਾਂ ਪਾਂਦੇ ਹਨ, ਰਾਜਿਆਂ ਤੇ ਰਾਣੀਆਂ ਦੇ ਸਰੂਪ ਬਣਾ-ਬਣਾ ਕੇ ਗਾਉਂਦੇ ਹਨ। ਮੂੰਹੋਂ ਕਈ ਢੰਗਾਂ ਦੇ ਬਚਨ ਬੋਲਦੇ ਹਨ।

**ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥**

**ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥**

ਲੱਖਾਂ ਰੁਪਇਆਂ ਦੇ ਕੀਮਤੀ ਗਹਿਣੇ, ਸੁਹਣੇ-ਸੁਹਣੇ ਵਾਲੇ (ear-rings) ਤੇ ਹਾਰ (neckless) ਪਾਂਦੇ ਹਨ; ਪਰ, ਹੇ ਨਾਨਕ! ਉਹ ਵਿਚਾਰੇ ਇਹ ਨਹੀਂ ਜਾਣਦੇ ਕਿ ਇਹ ਤਾਂ ਜਿਸ ਜਿਸ ਸਰੀਰ ਉੱਤੇ ਪਾਈਦੇ ਹਨ, ਉਹ ਸਰੀਰ ਅੰਤ ਨੂੰ ਸੁਆਹ (ashes)ਹੋ ਜਾਂਦੇ ਹਨ।

**ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥**

**ਕਰਮਿ ਮਿਲੈ ਤਾ ਪਾਈਐ**

**ਹੋਰ ਹਿਕਮਤਿ* ਹੁਕਮੁ ਖੁਆਰੁ ॥੨॥** {ਅੰਗ- ੪੬੫} *ਚਲਾਕੀ

ਗਿਆਨ ਨਿਰੀਆਂ ਗੱਲਾਂ (mere talks) ਨਾਲ ਨਹੀਂ ਭਾਲਿਆ ਜਾ ਸਕਦਾ, ਗਿਆਨ ਕਿਵੇਂ ਮਿਲ ਸਕਦਾ ਹੈ—ਇਸ ਗੱਲ ਦਾ ਬਿਆਨ ਕਰਨਾ ਲੋਹੇ ਵਾਂਗ ਕਰੜਾ ਹੈ। ਹਾਂ! ਰੱਬ ਦੀ ਮਿਹਰ ਹੋ ਜਾਏ ਤਾਂ ਮਿਲ ਪੈਂਦਾ ਹੈ, ਕਿਰਪਾ ਤੋਂ ਬਿਨਾ ਕੋਈ ਹੋਰ ਯਤਨ ਤੇ ਹੁਕਮ ਚਲਾਉਣੇ ਵਿਅਰਥ ਹਨ।

## ਪਉੜੀ ॥

**ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥**

**ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥**

ਹੇ ਪ੍ਰਭੂ! ਜੇ ਤੂੰ ਜੀਵ ਉੱਤੇ ਮਿਹਰ ਦੀ ਨਜ਼ਰ ਕਰੇਂ, ਤਾਂ ਉਸ ਨੂੰ ਤੇਰੀ ਕਿਰਪਾ-ਦ੍ਰਿਸ਼ਟੀ ਨਾਲ ਸਤਿਗੁਰੂ ਮਿਲ ਪੈਂਦਾ ਹੈ । ਇਹ ਵਿਚਾਰਾ ਜੀਵ ਬਹੁਤੇ ਜਨਮਾਂ ਵਿਚ ਭਟਕ ਚੁਕਾ ਹੈ, ਤੇਰੀ ਮਿਹਰ ਨਾਲ ਸਤਿਗੁਰੂ ਨੇ ਆਪਣਾ ਸ਼ਬਦ ਸੁਣਾਇਆ ।

**ਸਤਿਗੁਰ ਜੇਵਡੁ ਦਾਤਾ ਕੋ ਨਹੀ**

**ਸਭਿ ਸੁਣਿਅਹੁ ਲੋਕ ਸਬਾਇਆ* ॥** *ਸਾਰੇ ਲੋਕ

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥**

**ਜਿਨਿ ਸਚੋ ਸਚੁ ਬੁਝਾਇਆ ॥੪॥** {ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੬੫}

ਹੇ ਸਾਰੇ ਲੋਕੋ! ਧਿਆਨ ਨਾਲ ਸੁਣੋ, ਸਤਿਗੁਰੂ ਦੇ ਬਰਾਬਰ ਦਾ ਹੋਰ ਕੋਈ ਦਾਤਾ ਨਹੀਂ ਹੈ । ਜਿਨ੍ਹਾਂ ਨੇ ਆਪਣੇ ਅੰਦਰੋਂ ਆਪਾ-ਭਾਵ (pride) ਗਵਾ ਦਿੱਤਾ ਹੈ, ਉਹਨਾਂ ਨੂੰ ਸਤਿਗੁਰੂ ਦੇ ਮਿਲਣ ਨਾਲ ਸੱਚੇ ਪ੍ਰਭੂ ਦੀ ਪ੍ਰਾਪਤੀ ਹੋ ਗਈ। ਸਤਿਗੁਰੂ ਸਦਾ-ਥਿਰ ਰਹਿਣ



ਵਾਲੇ ਪ੍ਰਭੂ ਦੀ ਸੂਝ ਦੇਂਦਾ ਹੈ ।

(੫)

## ਆਸਾ ਮਹਲਾ ੪ ॥

**ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥**

**ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥**

**ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥**

**ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥** (ਅੰਗ ੪੪੯)

ਹੇ ਭਾਈ! ਗੁਰੂ ਦੀ ਸਰਨ ਪੈ ਕੇ ਭਾਲ ਕਰਦਿਆਂ-ਕਰਦਿਆਂ ਮੈਂ ਮਿੱਤਰ-ਪ੍ਰਭੂ ਨੂੰ ਆਪਣੇ ਅੰਦਰ ਹੀ ਲੱਭ ਲਿਆ ਹੈ । ਮੇਰਾ ਇਹ ਸਰੀਰ ਕਿਲ੍ਹਾ (fort) ਮਾਨੋ, ਸੋਨੇ ਦਾ ਬਣ ਗਿਆ ਹੈ ਕਿਉਂਕਿ ਇਸ ਵਿਚ ਪਰਮਾਤਮਾ ਪਰਗਟ ਹੋ ਗਿਆ ਹੈ। ਮੈਨੂੰ ਆਪਣੇ ਅੰਦਰ ਹੀ ਪਰਮਾਤਮਾ ਦਾ ਨਾਮ-ਰਤਨ, ਨਾਮ-ਹੀਰਾ ਮਿਲ ਪਿਆ ਹੈ ਤੇ ਮੇਰਾ ਕਠੋਰ ਹਿਰਦਾ ਵਿੰਨ੍ਹਿਆ (pierced) ਗਿਆ ਹੈ, ਨਰਮ ਹੋ ਗਿਆ ਹੈ। ਹੇ ਨਾਨਕ! ਧੁਰ (pre-determined) ਪ੍ਰਭੂ ਦੀ ਹਜ਼ੂਰੀ ਤੋਂ ਵੱਡੇ ਭਾਗਾਂ (best destiny) ਨਾਲ ਮੈਨੂੰ ਪਰਮਾਤਮਾ ਮਿਲ ਪਿਆ ਹੈ, ਮੇਰਾ ਆਪਾ ਉਸ ਦੇ ਪ੍ਰੇਮ-ਰਸ (Divine Nector) ਵਿਚ ਭਿੱਜ (imbued) ਗਿਆ ਹੈ ।

## ਸਲੋਕ ਮਃ ੧ ॥

**ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥**

**ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥**

ਸਾਰੀਆਂ ਘੜੀਆਂ ਮਾਨੋ ਗੋਪੀਆਂ ਹਨ; ਦਿਨ ਦੇ ਸਾਰੇ ਪਹਿਰ, ਮਾਨੋ ਕ੍ਰਿਸ਼ਨ ਜੀ ਹਨ; ਪਉਣ, ਪਾਣੀ ਤੇ ਅੱਗ, ਮਾਨੋ ਗਹਿਣੇ ਹਨ ਜੋ ਇਹਨਾਂ ਗੋਪੀਆਂ ਨੇ ਪਾਏ ਹੋਏ ਹਨ । ਕੁਦਰਤ ਦੀ ਰਾਸ ਵਿਚ ਚੰਦ੍ਰਮਾ ਤੇ ਸੂਰਜ, ਮਾਨੋ ਦੋ ਅਵਤਾਰ ਹਨ ਜਿਵੇਂ ਰਾਸਾਂ ਵਿਚ ਰਾਸਧਾਰੀਏ ਅਵਤਾਰਾਂ ਦਾ ਸਾਂਗ (disguise) ਬਣਾ-ਬਣਾ ਕੇ ਗਾਉਂਦੇ ਹਨ।

**ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥**

**ਨਾਨਕ ਮੁਸੈ* ਗਿਆਨ ਵਿਹੂਣੀ**** *ਠੱਗੀ **ਸੱਖਣੀ, ਖਾਲੀ

**ਖਾਇ ਗਇਆ ਜਮਕਾਲੁ ॥੧॥** {ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੬੫}

ਸਾਰੀ ਧਰਤੀ ਰਾਸ ਪਾਣ ਲਈ ਮਾਲ ਧਨ ਹੈ ਅਤੇ ਜਗਤ ਦੇ ਧੰਧੇ (entanglements) ਰਾਸ ਦਾ ਵਰਤਣ-ਵਲੇਵਾ (materials) ਹਨ । ਮਾਇਆ ਦੀ ਇਸ ਰਾਸ ਵਿਚ ਗਿਆਨ ਤੋਂ ਸੱਖਣੀ ਦੁਨੀਆ ਠੱਗੀ (deceived) ਜਾ ਰਹੀ ਹੈ, ਤੇ ਇਸ ਨੂੰ ਜਮਕਾਲ ਖਾਈ ਜਾ ਰਿਹਾ ਹੈ।

ਭਾਵ—ਇਹ ਜਗਤ ਰੱਬ ਦੀ ਨਿਰਤਕਾਰੀ (dancing) ਦੀ ਥਾਂ ਹੈ, ਇਸ ਵਿਚ ਪਉਣ, ਪਾਣੀ ਅਗਨੀ, ਧਰਤੀ ਆਦਿਕ ਤੱਤਾਂ ਤੋਂ ਬਣੇ ਹੋਏ ਸੋਹਣੇ ਪਦਾਰਥ ਵੇਖ ਕੇ ਜੀਵ ਮੋਹਿਤ ਹੋ ਰਹੇ ਹਨ, ਤੇ ਆਪਣੀ ਉਮਰ ਇਸੇ ਮਸਤੀ ਵਿਚ ਹੀ ਵਿਅਰਥ ਗਵਾ ਰਹੇ ਹਨ ।

**ਮਃ ੧ ॥**

**ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥**
**ਉਡਿ ਉਡਿ ਰਾਵਾ* ਝਾਟੈ** ਪਾਇ ॥** *ਘੱਟਾ **ਸਿਰ ਵਿੱਚ
**ਵੇਖੈ ਲੋਕੁ ਹਸੈ ਘਰਿ ਜਾਇ ॥**
**ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥**
**ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥**

ਰਾਸਾਂ ਵਿਚ ਚੇਲੇ ਸਾਜ ਵਜਾਉਂਦੇ ਹਨ ਅਤੇ ਗੁਰੂ ਨੱਚਦੇ ਹਨ। ਪੈਰਾਂ ਨੂੰ ਹਿਲਾਉਂਦੇ ਹਨ ਅਤੇ ਸਿਰ ਫੇਰਦੇ ਹਨ । ਉਹਨਾਂ ਦੇ ਪੈਰਾਂ ਨਾਲ ਉੱਡ ਉੱਡ ਕੇ ਘੱਟਾ ਸਿਰ ਵਿਚ ਪੈਂਦਾ ਹੈ। ਰਾਸ ਵੇਖਣ ਆਏ ਹੋਏ ਲੋਕ ਉਹਨਾਂ ਨੂੰ ਨੱਚਦਿਆਂ ਵੇਖਦੇ ਹਨ, ਹੱਸਦੇ ਹਨ। ਪਰ ਉਹ ਰਾਸਧਾਰੀਏ ਰੋਜ਼ੀ ਦੀ ਖ਼ਾਤਰ ਨੱਚਦੇ ਹਨ ਅਤੇ ਆਪਣੇ ਆਪ ਨੂੰ ਧਰਤੀ ਤੇ ਮਾਰਦੇ ਹਨ । ਗੋਪੀਆਂ, ਕ੍ਰਿਸ਼ਨ ਜੀ, ਸੀਤਾ, ਰਾਮ ਜੀ ਤੇ ਹੋਰ ਰਾਜਿਆਂ ਦੇ ਸਾਂਗ ਬਣਾ ਕੇ ਗਾਉਂਦੇ ਹਨ।

**ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥**
**ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥**
**ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥**

ਨਿਡਰ, ਅਕਾਰ-ਰਹਿਤ ਅਤੇ ਸੱਚੇ ਨਾਮ ਵਾਲੇ ਜਿਸ ਪ੍ਰਭੂ ਦਾ ਸਾਰਾ ਜਗਤ ਬਣਾਇਆ ਹੋਇਆ ਹੈ, ਉਸ ਨੂੰ ਕੇਵਲ ਉਹੀ ਸੇਵਕ ਸਿਮਰਦੇ ਹਨ, ਜਿਨ੍ਹਾਂ ਦੇ ਅੰਦਰ ਰੱਬ ਦੀ ਮਿਹਰ ਨਾਲ ਚੜ੍ਹਦੀ ਕਲਾ ਹੈ। ਜਿਨ੍ਹਾਂ ਦੇ **ਮਨ** ਵਿਚ ਸਿਮਰਨ ਕਰਨ ਦਾ ਉਤਸ਼ਾਹ ਹੈ, ਉਹਨਾਂ ਸੇਵਕਾਂ ਦੀ ਜ਼ਿੰਦਗੀ-ਰੂਪ ਰਾਤ ਸੁਆਦਲੀ (blissful night) ਗੁਜ਼ਰਦੀ ਹੈ—ਇਹ ਸਿੱਖਿਆ ਜਿਨ੍ਹਾਂ ਨੇ ਗੁਰੂ ਦੀ ਮੱਤ ਦੁਆਰਾ ਸਿੱਖ ਲਈ ਹੈ, ਮਿਹਰ ਦੀ ਨਜ਼ਰ ਵਾਲਾ ਪ੍ਰਭੂ ਆਪਣੀ ਬਖ਼ਸ਼ਿਸ਼ ਦੁਆਰਾ ਉਹਨਾਂ ਨੂੰ ਸੰਸਾਰ-ਸਮੁੰਦਰ (world-ocean) ਤੋਂ ਪਾਰ ਲੰਘਾ



ਦੇਂਦਾ ਹੈ।

**ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥**
**ਲਾਟੂ ਮਾਧਾਣੀਆ ਅਨਗਾਹ* ॥** *ਅੰਨ ਗਾਹੁਣ ਵਾਲੇ ਫਲੇ
**ਪੰਖੀ ਭਉਦੀਆ ਲੈਨਿ ਨ ਸਾਹ ॥**
**ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥**

ਕੇਵਲ ਨੱਚਣ ਤੇ ਫੇਰੀਆਂ ਲੈਣ ਨਾਲ ਜੀਵਨ ਦਾ ਉਧਾਰ ਨਹੀਂ ਹੋ ਸਕਦਾ। ਕੋਹਲੂ (oil presses), ਚਰਖਾ (spinning wheels), ਚੱਕੀ (hand-mills), ਚੱਕ (potter's wheel) ਥਲਾਂ ਦੇ ਬੇਅੰਤ ਵਰੋਲੇ, ਲਾਟੂ, ਮਧਾਣੀਆਂ (churning staves), ਫਲ੍ਹੇ, ਪੰਛੀ, ਭੰਭੀਰੀਆਂ ਜੋ ਇਕ-ਸਾਹੇ ਉਡਦੀਆਂ ਰਹਿੰਦੀਆਂ ਹਨ—ਇਹ ਸਭ ਭੌਂਦੇ (in circulatory) ਰਹਿੰਦੇ ਹਨ। ਸੂਲ (long thorn) ਉੱਤੇ ਚਾੜ੍ਹ ਕੇ ਕਈ ਜੰਤ ਭਵਾਈਂਦੇ ਹਨ। ਹੇ ਨਾਨਕ ! ਭੌਣ ਵਾਲੇ ਜੀਵਾਂ (tumblers) ਦਾ ਅੰਤ ਨਹੀਂ ਪੈ ਸਕਦਾ ।

**ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥**
**ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥**
**ਨਚਣੁ ਕੁਦਣੁ ਮਨ ਕਾ ਚਾਉ ॥**
**ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥** {ਅੰਗ- ੪੬੫}

ਇਸੇ ਤਰ੍ਹਾਂ ਪ੍ਰਭੂ ਜੀਵਾਂ ਨੂੰ ਮਾਇਆ ਦੀਆਂ ਜੰਜ਼ੀਰਾਂ (entanglements) ਵਿਚ ਜਕੜ ਕੇ ਭਵਾਉਂਦਾ (swinging) ਹੈ, ਹਰੇਕ ਜੀਵ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਨੱਚ ਰਿਹਾ ਹੈ । ਜੋ ਜੀਵ ਨੱਚ ਨੱਚ ਕੇ ਹੱਸਦੇ ਹਨ, ਉਹ ਅੰਤ ਨੂੰ ਰੋ ਕੇ ਏਥੋਂ ਤੁਰਦੇ (depart) ਹਨ । ਉਂਞ ਭੀ ਨੱਚਣ ਟੱਪਣ ਨਾਲ ਕਿਸੇ ਉੱਚੀ ਅਵਸਥਾ ਤੇ ਨਹੀਂ ਅੱਪੜ ਜਾਂਦੇ, ਤੇ ਨਾ ਹੀ ਉਹ ਸਿੱਧ ਬਣ ਜਾਂਦੇ ਹਨ ।

ਨੱਚਣਾ ਕੁੱਦਣਾ ਕੇਵਲ **ਮਨ** ਦਾ ਸ਼ੌਕ (recreation) ਹੈ, ਹੇ ਨਾਨਕ ! ਅਸਲ ਪ੍ਰੇਮ ਕੇਵਲ ਉਹਨਾਂ ਦੇ **ਮਨ** ਵਿਚ ਹੀ ਹੁੰਦਾ ਹੈ ਜਿਨ੍ਹਾਂ ਦੇ **ਮਨ** ਵਿਚ ਰੱਬ ਦਾ ਡਰ ਹੈ ।

**ਪਉੜੀ ॥**

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥**
**ਜੀਉ ਪਿੰਡੁ* ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥** *ਸਰੀਰ
**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥**

**ਜੇ ਜਰਵਾਣਾ* ਪਰਹਰੈ****　*ਬਲਵਾਨ　**ਛੱਡਣਾ

**ਜਰੁ* ਵੇਸ ਕਰੇਦੀ ਆਈਐ ॥**　*ਬੁਢੇਪਾ

**ਕੋ ਰਹੈ ਨ ਭਰੀਐ ਪਾਈਐ** ॥੫॥ {ਅੰਗ- ੪੬੫}

ਪ੍ਰਭੂ ਜੀ ! ਤੇਰਾ ਨਾਮ ਨਿਰੰਕਾਰ ਹੈ, ਜੇ ਤੇਰਾ ਨਾਮ ਸਿਮਰੀਏ ਤਾਂ ਨਰਕ ਵਿਚ ਨਹੀਂ ਪਈਦਾ ।

ਇਹ ਜਿੰਦ ਅਤੇ ਸਰੀਰ ਸਭ ਕੁਝ ਪ੍ਰਭੂ ਦਾ ਹੀ ਹੈ, ਉਹੀ ਜੀਵਾਂ ਨੂੰ ਖਾਣ ਵਾਸਤੇ ਭੋਜਨ ਦੇਂਦਾ ਹੈ, ਕਿਤਨਾ ਕੁ ਦੇਂਦਾ ਹੈ ਇਹ ਅੰਦਾਜ਼ਾ ਲਾਉਣਾ ਵਿਅਰਥ ਜਤਨ ਹੈ ।

ਹੇ ਜੀਵ ! ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ, ਤਾਂ ਚੰਗੇ ਕੰਮ ਕਰ ਕੇ ਵੀ ਆਪਣੇ ਆਪ ਨੂੰ ਨੀਵਾਂ (humble) ਹੀ ਅਖਵਾ ।

ਜੇ ਕੋਈ ਜ਼ੋਰ ਨਾਲ ਬੁਢੇਪੇ ਨੂੰ ਪਰੇ ਹਟਾਉਣਾ ਚਾਹੇ, ਬੁਢੇਪੇ ਤੋਂ ਬਚਣਾ ਚਾਹੇ, ਤਾਂ ਇਹ ਜਤਨ ਫ਼ਜ਼ੂਲ ਹੈ। ਬੁਢੇਪਾ ਤਾਂ ਕਈ-ਕਈ ਵੇਸ ਧਾਰ ਕੇ ਆ ਹੀ ਜਾਂਦਾ ਹੈ । ਜਦੋਂ ਸੁਆਸ ਪੂਰੇ ਹੋ ਜਾਂਦੇ ਹਨ, ਤਾਂ ਕੋਈ ਜੀਵ ਇੱਥੇ ਰਹਿ ਹੀ ਨਹੀਂ ਸਕਦਾ ।

(੬)

**ਪੰਥੁ ਦਸਾਵਾ* ਨਿਤ ਖੜੀ**　*ਪੁਛਦੀ ਹਾਂ

**ਮੁੰਧ* ਜੋਬਨਿ ਬਾਲੀ** ਰਾਮ ਰਾਜੇ ॥**　*ਜੀਵ ਇਸਤਰੀ　**ਅੰਞਾਣ

**ਹਰਿ ਹਰਿ ਨਾਮੁ ਚੇਤਾਇ ਗੁਰ　ਹਰਿ ਮਾਰਗਿ ਚਾਲੀ ॥**

**ਮੇਰੈ ਮਨਿ ਤਨਿ ਨਾਮੁ ਆਧਾਰੁ ਹੈ　ਹਉਮੈ ਬਿਖੁ* ਜਾਲੀ ॥**　*ਜ਼ਹਿਰ

**ਜਨ ਨਾਨਕ ਸਤਿਗੁਰੁ ਮੇਲਿ ਹਰਿ　ਹਰਿ ਮਿਲਿਆ ਬਨਵਾਲੀ*** ॥੨॥ *ਪ੍ਰਭੂ

ਹੇ ਸਤਿਗੁਰੂ ! ਮੈਂ ਜਵਾਨੀ ਵਿੱਚ ਮਸਤ ਅਣਜਾਣ ਜੀਵ-ਇਸਤ੍ਰੀ ਤੇਰੇ ਦਰ ਤੇ ਹਰ ਵੇਲੇ ਖਲੋਤੀ ਹੋਈ ਪਤੀ-ਪ੍ਰਭੂ ਦੇ ਦੇਸ ਦਾ ਰਾਹ ਪੁਛਦੀ ਹਾਂ। ਮੈਨੂੰ ਪ੍ਰਭੂ-ਪਤੀ ਦਾ ਨਾਮ ਚੇਤੇ ਕਰਾਂਦੇ ਰਹੋ, ਮੈਂ ਪਰਮਾਤਮਾ ਦੇ ਰਸਤੇ (divine Path) ਉਤੇ ਤੁਰਾਂ। ਮੇਰੇ ਮਨ-ਤਨ ਵਿਚ ਪ੍ਰਭੂ ਦਾ ਨਾਮ ਹੀ ਸਹਾਰਾ ਹੈ, ਮੈਂ ਹਉਮੈ-ਜ਼ਹਿਰ (poison of pride) ਨੂੰ ਸਾੜ ਦਿਆਂ । ਹੇ ਦਾਸ ਨਾਨਕ ! ਮੈਨੂੰ ਗੁਰੂ ਮਿਲਾ। ਜਿਹੜਾ ਭੀ ਪਰਮਾਤਮਾ ਨੂੰ ਮਿਲਿਆ ਹੈ ਗੁਰੂ ਦੀ ਰਾਹੀਂ ਹੀ ਮਿਲਿਆ ਹੈ ।



**ਸਲੋਕ ਮਃ ੧ ॥**

**ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥**

**ਬੰਦੇ ਸੇ* ਜਿ ਪਵਹਿ ਵਿਚਿ ਬੰਦੀ****　*ਬੰਦੇ ਉਹੀ ਹਨ　**ਬੰਦਸ਼

**ਵੇਖਣ ਕਉ ਦੀਦਾਰੁ ॥**

ਨੋਟ:- ਇਸ ਸਲੋਕ ਵਿੱਚ ਪਾਤਸ਼ਾਹ 5 ਤਰ੍ਹਾਂ ਦੇ ਮਨੁੱਖਾਂ ਬਾਰੇ ਦਸਦੇ ਹਨ।

1. **ਮੁਸਲਮਾਨਾਂ** ਨੂੰ ਸ਼ਰਹ ਦੀ ਵਡਿਆਈ ਸਭ ਤੋਂ ਵਧ ਚੰਗੀ ਲੱਗਦੀ ਹੈ, ਉਹ ਸ਼ਰਹ ਨੂੰ ਪੜ੍ਹ ਪੜ੍ਹ ਕੇ ਇਹ ਵਿਚਾਰ ਕਰਦੇ ਹਨ ਕਿ ਰੱਬ ਦਾ ਦੀਦਾਰ ਦੇਖਣ ਲਈ ਜੋ ਮਨੁੱਖ ਸ਼ਰਹ ਦੀ ਬੰਦਸ਼ ਵਿਚ ਪੈਂਦੇ ਹਨ, ਉਹੀ ਰੱਬ ਦੇ ਬੰਦੇ ਹਨ ।

**ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥**

**ਤੀਰਥਿ ਨਾਵਹਿ ਅਰਚਾ* ਪੂਜਾ**　*ਆਦਰ, ਸਤਿਕਾਰ

**ਅਗਰ ਵਾਸੁ* ਬਹਕਾਰੁ** ॥**　*ਚੰਦਨ ਦੀ ਖ਼ੁਸ਼ਬੋ　**ਮਹਿਕਾਰ, ਖ਼ੁਸ਼ਬੋ

2. **ਹਿੰਦੂ** ਸ਼ਾਸਤਰਾਂ ਦੁਆਰਾ ਸਾਲਾਹੁਣ-ਜੋਗ ਸੁੰਦਰ ਤੇ ਬੇਅੰਤ ਹਰੀ ਨੂੰ ਸਲਾਹੁੰਦੇ ਹਨ, ਤੀਰਥਾਂ ਤੇ ਨਹਾਉਂਦੇ (bathing) ਹਨ, ਮੂਰਤੀਆਂ ਅਗੇ ਭੇਟਾ (idol-worship) ਧਰਦੇ ਹਨ ਤੇ ਚੰਦਨ ਆਦਿਕ ਦੇ ਸੁਗੰਧੀ ਵਾਲੇ ਪਦਾਰਥ ਵਰਤਦੇ ਹਨ ।

**ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥**

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥**

3. **ਜੋਗੀ** ਲੋਕ ਸਮਾਧੀ ਲਾ ਕੇ ਕਰਤਾਰ ਨੂੰ ਧਿਆਉਂਦੇ ਹਨ ਅਤੇ 'ਅਲਖ-ਅਲਖ' ਉਚਾਰਦੇ ਹਨ । ਉਹਨਾਂ ਅਨੁਸਾਰ ਜਿਸ ਦਾ ਉਹ ਸਮਾਧੀ ਵਿਚ ਧਿਆਨ ਧਰਦੇ ਹਨ ਉਹ ਸੂਖਮ (subtle) ਸਰੂਪ ਵਾਲਾ ਹੈ, ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ ਅਤੇ ਇਹ ਸਾਰਾ ਜਗਤ ਰੂਪ ਆਕਾਰ ਉਸੇ ਦਾ ਹੀ ਸਰੀਰ ਹੈ ।

**ਸਤੀਆ ਮਨਿ ਸੰਤੋਖੁ ਉਪਜੈ　ਦੇਣੈ ਕੈ ਵੀਚਾਰਿ ॥**

**ਦੇ ਦੇ ਮੰਗਹਿ ਸਹਸਾ ਗੂਣਾ*　ਸੋਭ ਕਰੇ ਸੰਸਾਰੁ ॥**　*ਹਜ਼ਾਰਾਂ ਗੁਣਾਂ

4. **ਦਾਨੀਆਂ** ਦੇ **ਮਨ** ਵਿਚ ਸੰਤੋਖ (contentment) ਤੇ ਖ਼ੁਸ਼ੀ ਪੈਦਾ ਹੁੰਦੀ ਹੈ, ਜਦੋਂ ਉਹ ਕਿਸੇ ਲੋੜਵੰਦ ਨੂੰ ਕੁਝ ਦੇਣ ਦੀ ਵਿਚਾਰ ਕਰਦੇ ਹਨ; ਪਰ ਲੋੜਵੰਦਾਂ ਨੂੰ ਦੇ-ਦੇ ਕੇ ਉਹ ਅੰਦਰੋਂ-ਅੰਦਰ ਕਰਤਾਰ ਪਾਸੋਂ ਹਜ਼ਾਰਾਂ ਗੁਣਾ ਵਧ ਮੰਗਦੇ ਹਨ ਅਤੇ ਬਾਹਰ ਜਗਤ ਉਨ੍ਹਾਂ ਦੇ ਦਾਨ ਦੀ ਸੋਭਾ ਕਰਦਾ ਹੈ ।

**ਚੋਰਾ ਜਾਰਾ* ਤੈ ਕੂੜਿਆਰਾ** *ਪਰ ਇਸਤਰੀ ਗਾਮੀ

**ਖਾਰਾਬਾ ਵੇਕਾਰ* ॥** *ਮੰਦ ਕਰਮੀ

**ਇਕਿ ਹੋਦਾ ਖਾਇ ਚਲਹਿ ਐਥਾਊ**

**ਤਿਨਾ ਭਿ ਕਾਈ ਕਾਰ* ॥** *ਕੋਈ ਕੰਮ ਹੈ?

5. ਇਸੇ ਤਰ੍ਹਾਂ, ਜਗਤ ਵਿਚ ਬੇਅੰਤ **ਚੋਰ**, **ਪਰ-ਇਸਤ੍ਰੀ ਗਾਮੀ** (adulterers), **ਝੂਠੇ** (perjurers) , **ਭੈੜੇ** (evil) ਤੇ **ਵਿਕਾਰੀ** (sinful) ਭੀ ਹਨ, ਜੋ ਵਿਕਾਰ ਕਰ ਕਰ ਕੇ ਪਿਛਲੀ ਕੀਤੀ ਕਮਾਈ ਨੂੰ ਮੁਕਾ ਕੇ ਇਥੋਂ ਖ਼ਾਲੀ ਹੱਥ ਤੁਰ ਪੈਂਦੇ ਹਨ, ਪ੍ਰਭੂ ਨੇ ਉਹਨਾਂ ਨੂੰ ਭੀ ਕਿਹੋ ਜਿਹੀ ਕਾਰ ਸੌਂਪੀ ਹੋਈ ਹੈ ।

**ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥**

**ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰ ॥**

**ਨਾਨਕ ਭਗਤਾ ਭੁਖ ਸਾਲਾਹਣੁ* ਸਚੁ ਨਾਮੁ ਆਧਾਰੁ ॥** *ਸਿਫਤਿ ਸਾਲਾਹ ਰੂਪੀ ਭੁੱਖ

**ਸਦਾ ਅਨੰਦਿ ਰਹਹਿ ਦਿਨੁ ਰਾਤੀ**

**ਗੁਣਵੰਤਿਆ *ਪਾ ਛਾਰੁ॥੧॥** {ਅੰਗ- ੪੬੫-੪੬੬} *ਪੈਰਾਂ ਦੀ ਖਾਕ

ਇਥੇ ਹੁਣ ਗੁਰੂ ਜੀ ਆਪਣੀ ਵਿਚਾਰ ਦਸਦੇ ਹਨ।

ਜਲ ਵਿਚ ਤੇ ਧਰਤੀ ਉੱਤੇ ਵੱਸਣ ਵਾਲੇ, ਬੇਅੰਤ ਪੁਰੀਆਂ, ਲੋਆਂ ਅਤੇ ਬ੍ਰਹਿਮੰਡਾਂ ਦੇ ਜੀਵ ਜੋ ਕੁਝ ਆਖਦੇ ਹਨ, ਹੇ ਕਰਤਾਰ! ਸਭ ਕੁਝ ਤੂੰ ਜਾਣਦਾ ਹੈਂ, ਉਹਨਾਂ ਨੂੰ ਤੇਰਾ ਹੀ ਆਸਰਾ ਹੈ ।

ਹੇ ਨਾਨਕ! ਭਗਤ ਜਨਾਂ ਨੂੰ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ ਤਾਂਘ (hunger for meditation) ਲੱਗੀ ਰਹਿੰਦੀ ਹੈ, ਹਰੀ ਦਾ ਸਦਾ ਅਟੱਲ ਰਹਿਣ ਵਾਲਾ ਨਾਮ ਹੀ ਉਹਨਾਂ ਦਾ ਆਸਰਾ ਹੈ । ਉਹ ਸਦਾ ਦਿਨ ਰਾਤ ਅਨੰਦ (ever-lasting joy) ਵਿਚ ਰਹਿੰਦੇ ਹਨ ਅਤੇ ਆਪਣੇ ਆਪ ਨੂੰ ਗੁਣਵਾਨਾਂ (virtuous) ਦੇ ਪੈਰਾਂ ਦੀ ਧੂੜ ਸਮਝਦੇ ਹਨ ।

**ਮਃ ੧ ॥**

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥**

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥**

**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥**



**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥** (ਅੰਗ ੪੬੬)

ਜਿੱਥੇ ਮੁਸਲਮਾਨ ਮੁਰਦੇ ਦੱਬਦੇ ਹਨ ਉਸ ਥਾਂ ਦੀ ਮਿੱਟੀ ਭੀ ਕਈ ਵਾਰੀ ਘੁਮ੍ਹਿਆਰ (potter) ਦੇ ਵੱਸ ਪੈ ਜਾਂਦੀ ਹੈ। ਮਿੱਟੀ ਚੀਕਣੀ ਹੋਣ ਕਰਕੇ ਉਹ ਭਾਂਡੇ (vessels) ਤੇ ਇੱਟਾਂ (bricks) ਬਣਾਉਣ ਲਈ ਲੈ ਆਉਂਦੇ ਹਨ। ਉਸ ਨੂੰ ਘੜ ਕੇ ਭਾਂਡੇ ਤੇ ਇੱਟਾਂ ਬਣਾਉਂਦੇ ਹਨ। ਆਵੇ ਵਿਚ ਪੈ ਕੇ, ਉਹ ਮਿੱਟੀ, ਮਾਨੋ ਸੜਦੀ ਹੋਈ ਪੁਕਾਰ ਕਰਦੀ ਹੈ, ਸੜ ਕੇ ਵਿਚਾਰੀ ਰੋਂਦੀ ਹੈ ਤੇ ਉਸ ਵਿਚੋਂ ਅੰਗਿਆਰੇ (sparks) ਝੜ-ਝੜ ਕੇ ਡਿਗਦੇ ਹਨ। ਹੇ ਨਾਨਕ! ਜਿਸ ਕਰਤਾਰ ਨੇ ਜਗਤ ਦੀ ਮਾਇਆ ਰਚੀ ਹੈ, ਉਹ ਅਸਲ ਭੇਦ ਨੂੰ ਜਾਣਦਾ ਹੈ ।

ਭਾਵ ਜਦੋਂ ਜੀਵਾਤਮਾ ਆਪਣਾ ਸਰੀਰ-ਚੋਲਾ ਛੱਡ ਜਾਏ, ਤਾਂ ਉਸ ਸਰੀਰ ਨੂੰ ਦੱਬਣ ਜਾਂ ਸਾੜਨ ਆਦਿਕ ਕਿਸੇ ਕਿਰਿਆ ਦਾ ਕੋਈ ਅਸਰ ਜੀਵਾਤਮਾ ਉੱਤੇ ਨਹੀਂ ਪੈ ਸਕਦਾ। ਜਿਤਨਾ ਚਿਰ ਇਹ ਸਰੀਰ ਵਿਚ ਰਹਿੰਦਾ ਸੀ, ਤਦੋਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਹੀ ਉਸ ਦੀ ਕਿਸਮਤ ਦਾ ਫ਼ੈਸਲਾ ਹੁੰਦਾ ਹੈ ।

**ਪਉੜੀ ॥**

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

**ਸਤਿਗੁਰ ਮਿਲਿਐ ਸਦਾ ਮੁਕਤੁ ਹੈ**

**ਜਿਨਿ ਵਿਚਹੁ ਮੋਹੁ ਚੁਕਾਇਆ* ॥** *ਦੂਰ ਕਰ ਦਿੱਤਾ ਹੈ

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥**

**ਜਗ ਜੀਵਨੁ ਦਾਤਾ ਪਾਇਆ ॥੬॥** {ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੬੬}

ਕਿਸੇ ਮਨੁੱਖ ਨੂੰ ਸਤਿਗੁਰੂ ਦੀ ਸ਼ਰਨ ਪੈਣ ਤੋਂ ਬਿਨਾ 'ਜਗ ਜੀਵਨੁ ਦਾਤਾ' ਨਹੀਂ ਮਿਲਿਆ। ਇਹ ਸੱਚ ਜਾਣੋ ਕਿਉਂਕਿ ਪ੍ਰਭੂ ਨੇ ਆਪਣੇ ਆਪ ਨੂੰ ਰੱਖਿਆ ਹੀ ਸਤਿਗੁਰੂ ਦੇ ਅੰਦਰ ਹੈ। ਅਸਾਂ ਹੁਣ ਇਹ ਗੱਲ ਸਭ ਨੂੰ ਖੁਲ੍ਹਮ-ਖੁਲ੍ਹਾ ਆਖ ਕੇ ਸੁਣਾ (proclaimed) ਦਿੱਤੀ ਹੈ। ਜੇ ਇਹੋ ਜਿਹਾ ਗੁਰੂ, ਜਿਸ ਨੇ ਆਪਣੇ ਅੰਦਰੋਂ ਮਾਇਆ ਦਾ ਮੋਹ ਦੂਰ (banished) ਕਰ ਦਿੱਤਾ ਹੈ, ਮਨੁੱਖ ਨੂੰ ਮਿਲ ਪਏ ਤਾਂ ਮਨੁੱਖ ਮਾਇਕ ਬੰਧਨਾਂ ਤੋਂ ਸਦਾ ਅਜ਼ਾਦ (ever-lasting salvation) ਹੋ ਜਾਂਦਾ ਹੈ।

ਹੋਰ ਸਾਰੀਆਂ ਸਿਆਣਪਾਂ ਨਾਲੋਂ ਇਹ ਵਿਚਾਰ ਸੋਹਣੀ (best sermon) ਹੈ ਕਿ ਜਿਸ ਮਨੁੱਖ ਨੇ ਆਪਣੇ ਗੁਰੂ ਨਾਲ ਚਿੱਤ ਜੋੜਿਆ ਹੈ ਉਸ ਨੂੰ ਜਗ-ਜੀਵਨ ਦਾਤਾ ਮਿਲ ਪਿਆ ਹੈ।

(੭)

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥**
**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥**
**ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥**
**ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥** (ਅੰਗ ੪੪੯)

ਹੇ ਪਿਆਰੇ ਹਰੀ ! ਮੈਨੂੰ ਚਿਰ ਦੇ ਵਿਛੁੜੇ ਹੋਏ ਨੂੰ ਗੁਰੂ ਦੀ ਰਾਹੀਂ ਆ ਮਿਲ। ਮੇਰਾ ਮਨ ਤਨ ਬਹੁਤ ਉਦਾਸ ਹੈ, ਅੱਖਾਂ ਪ੍ਰੇਮ-ਜਲ ਨਾਲ ਭਿੱਜੀਆਂ ਹੋਈਆਂ ਹਨ। ਮੈਨੂੰ ਪਿਆਰੇ ਗੁਰੂ ਦੀ ਦੱਸ ਪਾ, ਗੁਰੂ ਨੂੰ ਮਿਲ ਕੇ ਮੇਰਾ **ਮਨ** ਤੇਰੀ ਯਾਦ ਵਿਚ ਭਿੱਜ (accustomed) ਜਾਏ। ਹੇ ਨਾਨਕ ! ਮੈਂ ਮੂਰਖ ਹਾਂ, ਮੈਨੂੰ ਆਪਣੇ ਨਾਮ ਸਿਮਰਨ ਦੇ ਕੰਮ ਵਿਚ ਜੋੜ।

**ਸਲੋਕ ਮਃ ੧ ॥**

**ਹਉ ਵਿਚਿ ਆਇਆ ਹਉ ਵਿਚਿ ਗਇਆ ॥**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥**
**ਹਉ ਵਿਚਿ ਦਿਤਾ ਹਉ ਵਿਚਿ ਲਇਆ ॥**
**ਹਉ ਵਿਚਿ ਖਟਿਆ ਹਉ ਵਿਚਿ ਗਇਆ ॥**

ਜਦ ਤੱਕ ਜੀਵ 'ਹਉ' (ego, pride) ਵਿਚ ਹੈ, ਆਪਣੀ ਵੱਖਰੀ ਹਸਤੀ ਸੋਚੀਂ ਬੈਠਾ ਹੈ, ਤਦ ਤੱਕ ਕਦੇ ਜਗਤ ਵਿਚ ਆਉਂਦਾ ਹੈ ਕਦੇ ਜਗਤ ਤੋਂ ਚਲਾ ਜਾਂਦਾ ਹੈ, ਕਦੇ ਜੰਮਦਾ ਹੈ, ਕਦੇ ਮਰਦਾ ਹੈ, ਕਦੇ ਕਿਸੇ ਲੋੜਵੰਦੇ ਨੂੰ ਦੇਂਦਾ ਹੈ, ਕਦੇ ਆਪਣੀ ਲੋੜ ਨੂੰ ਪੂਰੀ ਕਰਨ ਲਈ ਕਿਸੇ ਪਾਸੋਂ ਲੈਂਦਾ ਹੈ । ਇਸ 'ਮੈਂ-ਮੈਂ' (I-am-ness) ਦੇ ਖ਼ਿਆਲ ਵਿਚ ਇਹ ਕਦੇ ਖੱਟਦਾ ਹੈ, ਕਦੇ ਗਵਾਉਂਦਾ ਹੈ ।

**ਹਉ ਵਿਚਿ ਸਚਿਆਰੁ ਕੂੜਿਆਰੁ ॥**
**ਹਉ ਵਿਚਿ ਪਾਪ ਪੁੰਨ ਵੀਚਾਰੁ ॥**
**ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥**
**ਹਉ ਵਿਚਿ ਹਸੈ ਹਉ ਵਿਚਿ ਰੋਵੈ ॥**

ਜਦ ਤੱਕ ਜੀਵ ਮੇਰ-ਤੇਰ ਵਾਲੀ ਸੋਚ ਵਿਚ ਹੈ, ਲੋਕਾਂ ਭਾਣੇ ਉਹ ਕਦੇ ਸੱਚਾ ਹੈ, ਕਦੇ ਝੂਠਾ। ਪ੍ਰਭੂ ਨਾਲੋਂ ਵੱਖਰੀ ਹੋਂਦ ਦੇ ਭਰਮ ਵਿਚ ਮਨੁੱਖ ਕੀਤੇ ਪਾਪਾਂ ਤੇ ਪੁੰਨਾਂ ਬਾਰੇ ਸੋਚਦਾ ਰਹਿੰਦਾ ਹੈ 'ਮੈਂ' ਇਹ ਭਲੇ ਕੰਮ ਕੀਤੇ, ਇਹ ਮਾੜੇ ਕੀਤੇ। ਇੰਝ ਦੁਚਿੱਤੀ ਕਾਰਣ ਕਦੇ ਨਰਕ ਵਿਚ ਪੈਂਦਾ ਹੈ, ਕਦੇ ਸੁਰਗ ਵਿਚ । ਕਰਤਾਰ ਨਾਲੋਂ ਵੱਖਰੀ ਹੋਂਦ ਦੀ ਸੋਚ ਕਾਰਣ ਹੀ ਕਦੇ



ਹੱਸਦਾ ਹੈ, ਕਦੇ ਰੋਂਦਾ ਹੈ, ਕਦੇ ਸੁਖੀ ਹੁੰਦਾ ਹੈ ਕਦੇ ਦੁੱਖੀ।

**ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥**
**ਹਉ ਵਿਚਿ ਜਾਤੀ ਜਿਨਸੀ* ਖੋਵੈ ॥** *ਜਾਤਪਾਤ
**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥**
**ਮੋਖ ਮੁਕਤਿ ਕੀ ਸਾਰ ਨ ਜਾਣਾ ॥**

ਰੱਬ ਨਾਲੋਂ ਆਪਣੀ ਹਸਤੀ ਵੱਖਰੀ ਰੱਖਣ ਕਰ ਕੇ ਹੀ ਜੀਵ ਦਾ **ਮਨ** ਕਦੇ ਪਾਪਾਂ ਦੀ ਮੈਲ ਵਿਚ ਲਿਬੜ ਜਾਂਦਾ ਹੈ, ਕਦੇ ਉਹ ਉਸ ਮੈਲ ਨੂੰ ਧੋਂਦਾ ਹੈ। ਹਉਮੈਂ ਕਾਰਣ ਹੀ ਜੀਵ ਜਾਤਪਾਤ (caste and race) ਵਿਚ, ਉੱਚੀ ਜਾਤ ਦੇ ਹੰਕਾਰ ਵਿੱਚ ਆਪਣਾ ਆਪ ਗਵਾ ਲੈਂਦਾ ਹੈ। ਇਸੇ ਕਾਰਨ ਜੀਵ ਲੋਕਾਂ ਦੀ ਨਜ਼ਰ ਵਿਚ ਕਦੇ ਮੂਰਖ ਗਿਣਿਆ ਜਾਂਦਾ ਹੈ ਕਦੇ ਸਿਆਣਾ। ਇੰਝ ਜੀਵ ਨੂੰ ਜਨਮ ਮਰਨ ਤੋਂ ਛੁਟਕਾਰੇ (salvation) ਦੀ ਸਮਝ ਨਹੀਂ ਆ ਸਕਦੀ ।

**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥**
**ਹਉਮੈ ਕਰਿ ਕਰਿ ਜੰਤ ਉਪਾਇਆ ॥**
**ਹਉਮੈ ਬੂਝੈ ਤਾ ਦਰੁ ਸੂਝੈ ॥**
**ਗਿਆਨ ਵਿਹੂਣਾ ਕਥਿ ਕਥਿ* ਲੂਝੈ** ॥** *ਆਖ ਆਖ ਕੇ **ਲੁਝਦਾ ਹੈ, ਖਿੱਝਦਾ ਹੈ
**ਨਾਨਕ ਹੁਕਮੀ ਲਿਖੀਐ ਲੇਖੁ ॥**
**ਜੇਹਾ ਵੇਖਹਿ ਤੇਹਾ ਵੇਖੁ ॥੧॥** {ਅੰਗ- ੪੬੬}

ਮੈਂ-ਮੈਂ, ਹਉਮੈਂ ਕਾਰਣ ਹੀ ਜੀਵ 'ਮਾਇਆ-ਮਾਇਆ' ਕੂਕਦਾ ਹੈ, ਇਸ ਉਪਰ ਮਾਇਆ ਦਾ ਪ੍ਰਭਾਵ ਪਿਆ ਰਹਿੰਦਾ ਹੈ; ਰੱਬ ਤੋਂ ਵਿਛੜਿਆ ਰਹਿ ਕੇ ਜੀਵ ਮੁੜ ਮੁੜ ਪੈਦਾ ਹੁੰਦਾ ਹੈ ।

ਜਦ ਜੀਵ ਰੱਬ ਤੋਂ ਵਿਛੋੜੇ ਵਾਲੀ ਹਾਲਤ ਨੂੰ ਸਮਝ ਲੈਂਦਾ ਹੈ, ਤਦ ਇਸ ਨੂੰ ਰੱਬ ਦਾ ਦਰਵਾਜਾ ਲੱਭ ਪੈਂਦਾ ਹੈ, ਨਹੀਂ ਤਾਂ ਗਿਆਨ ਤੋਂ ਸੱਖਣਾ ਹੈ। ਜੀਵ ਬਸ ਮੂੰਹ ਜ਼ਬਾਨੀ ਗਿਆਨ ਦੀਆਂ ਗੱਲਾਂ ਆਖ-ਆਖ (arguementative) ਕੇ, ਆਪਣੇ ਆਪ ਨੂੰ ਗਿਆਨਵਾਨ ਜਾਣ ਕੇ, ਆਪਣਾ ਅੰਦਰ ਖਿੱਝਦਾ ਹੈ ।

ਹੇ ਨਾਨਕ ! ਜੀਵ ਜਿਸ ਨੀਯਤ ਨਾਲ ਦੂਜੇ ਮਨੁੱਖਾਂ ਨਾਲ ਵਰਤਦੇ ਹਨ, ਉਸੇ ਤਰ੍ਹਾਂ ਦੇ ਅੰਦਰ ਸੰਸਕਾਰ ਇਕੱਠੇ ਹੋ ਕੇ ਉਹੋ ਜਿਹਾ ਉਨ੍ਹਾਂ ਦਾ ਆਪਣਾ ਵੱਖਰਾ ਮਾਨਸਕ-ਸਰੂਪ, ਹਸਤੀ, 'ਹਉ' ਬਣ ਜਾਂਦੀ ਹੈ। ਪਰ ਇਹ ਲੇਖ ਭੀ ਰੱਬ ਦੇ ਹੁਕਮ ਵਿਚ ਹੀ ਲਿਖਿਆ ਜਾਂਦਾ

ਹੈ, ਕੀਤੇ ਕਰਮਾਂ ਅਨੁਸਾਰ ਹੀ ਅਸੀਂ ਦੁਖ-ਸੁਖ ਭੋਗਦੇ ਹਾਂ।

**ਮਹਲਾ ੨ ॥**

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**
**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ* ਇਹ ਜਾਇ ॥** *ਕਿਸ ਤਰੀਕੇ ਨਾਲ
**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**

'ਹਉਮੈ' (ego) ਦਾ ਸੁਭਾਉ (ਜਾਤਿ) ਇਹੀ ਹੈ ਕਿ ਜੀਵ ਓਹੀ ਕੰਮ ਕਰਦੇ ਹਨ, ਜਿਨ੍ਹਾਂ ਨਾਲ ਪ੍ਰਭੂ ਤੋਂ ਵਖਰੀ ਹੋਂਦ ਬਣੀ ਰਹੇ । ਇਸ ਵਖਰੀ ਹੋਂਦ ਦੇ ਬੰਧਨ ਭੀ ਇਹੀ ਹਨ ਕਿ ਕੀਤੇ ਹੋਏ ਕੰਮਾਂ ਦੇ ਸੰਸਕਾਰ ਜ਼ੰਜੀਰ ਰੂਪ ਹਨ, ਜਿਨ੍ਹਾਂ ਦੇ ਅੰਦਰ ਘੇਰੇ ਹੋਏ ਜੀਵ ਮੁੜ-ਮੁੜ ਜੂਨਾਂ (repeated transmigration) ਵਿਚ ਪੈਂਦੇ ਹਨ।

ਸਹਿਜ ਸੁਭਾਅ ਹੀ **ਮਨ** ਵਿਚ ਸੁਆਲ ਉਠਦਾ ਹੈ ਕਿ ਜੀਵ ਦਾ ਇਹ ਵੱਖਰੀ ਹਸਤੀ ਵਾਲਾ ਭਰਮ ਕਿੱਥੋਂ ਪੈਦਾ (originates) ਹੁੰਦਾ ਹੈ ਅਤੇ ਕਿਸ ਤਰੀਕੇ ਨਾਲ ਇਹ ਦੂਰ ਹੋ ਸਕਦਾ ਹੈ ?

ਜੁਆਬ ਇਹ ਹੈ ਕਿ ਇਹ ਵਖਰਾਪਨ ਵੀ ਰੱਬ ਦਾ ਹੁਕਮ ਹੀ ਹੈ ਅਤੇ ਜੀਵ ਪਿਛਲੇ ਕੀਤੇ ਹੋਏ ਕੰਮਾਂ ਦੇ ਸੰਸਕਾਰਾਂ ਅਨੁਸਾਰ ਹੀ ਫਿਰ-ਫਿਰ ਹਉਮੈਂ ਵਿੱਚ ਫਸੇ ਰਹਿੰਦੇ (wander) ਹਨ।

**ਹਉਮੈ ਦੀਰਘ* ਰੋਗੁ ਹੈ ਦਾਰੂ ਭੀ ਇਸੁ ਮਾਹਿ ॥** *ਵੱਡਾ
**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥** {ਅੰਗ ੪੬੬}

ਇਹ ਹਉਮੈ ਇਕ ਵੱਡਾ ਰੋਗ (chronic disease) ਹੈ, ਪਰ ਇਸ ਦਾ ਇਲਾਜ ਭੀ ਹੈ । ਜੇ ਪ੍ਰਭੂ ਆਪਣੀ ਮਿਹਰ ਕਰੇ, ਤਾਂ ਜੀਵ ਗੁਰੂ ਦਾ ਸ਼ਬਦ ਕਮਾਂਦੇ ਹਨ । ਨਾਨਕ ਆਖਦਾ ਹੈ, ਹੇ ਲੋਕੋ ! ਇਸ ਤਰੀਕੇ ਨਾਲ ਹਉਮੈ ਰੂਪੀ ਦੀਰਘ ਰੋਗ ਤੋਂ ਪੈਦਾ ਹੋਏ ਦੁੱਖ ਦੂਰ ਹੋ ਜਾਂਦੇ ਹਨ ।

**ਪਉੜੀ ॥**

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**



ਜਿਹੜੇ ਸੰਤੋਖੀ (contended) ਜੀਵ ਸਦਾ ਸੱਚੇ ਪ੍ਰਭੂ ਨੂੰ ਸਿਮਰਦੇ ਹਨ ਓਹੀ ਪ੍ਰਭੂ ਦੀ ਸੇਵਾ ਕਰਦੇ ਹਨ । ਉਹ ਕਦੇ ਮੰਦੇ ਕੰਮਾਂ ਦੇ ਨੇੜੇ ਨਹੀਂ ਜਾਂਦੇ, ਸੁਕ੍ਰਿਤ (virtuous acts) ਕਰਦੇ ਹਨ, ਭਲੇ ਕੰਮ ਕਰਦੇ ਹਨ ਅਤੇ ਧਰਮ ਅਨੁਸਾਰ ਜੀਵਨ ਨਿਬਾਹੁੰਦੇ ਹਨ । ਦੁਨੀਆਂ ਦੇ ਧੰਧਿਆਂ ਵਿਚ ਖੱਚਿਤ ਕਰਨ ਵਾਲੇ ਮਾਇਆ ਦੇ ਮੋਹ ਰੂਪ ਜ਼ੰਜੀਰ ਉਹਨਾਂ ਤੋੜ ਦਿੱਤੇ ਹਨ, ਥੋੜਾ ਖਾਂਦੇ ਹਨ ਅਤੇ ਥੋੜਾ ਹੀ ਪੀਂਦੇ ਹਨ ਭਾਵ, ਖਾਣ-ਪੀਣ ਚਸਕੇ ਦੀ ਖ਼ਾਤਰ ਨਹੀਂ ਸਗੋਂ ਸਰੀਰਕ ਨਿਰਬਾਹ ਵਾਸਤੇ ਹੈ ।

**ਤੂੰ ਬਖਸੀਸੀ ਅਗਲਾ*** *ਬਹੁਤ
**ਨਿਤ ਦੇਵਹਿ ਚੜਹਿ ਸਵਾਇਆ* ॥** * ਗੁਣਾ, ਵਧੀਕ
**ਵਡਿਆਈ ਵਡਾ ਪਾਇਆ ॥੭॥** {ਅੰਗ- ੪੬੬-੬੭}

ਹੇ ਪ੍ਰਭੂ ! ਤੂੰ ਬੜੀਆਂ ਬਖ਼ਸ਼ਿਸ਼ਾਂ (bestower) ਕਰਨ ਵਾਲਾ ਹੈਂ, ਸਦਾ ਜੀਵਾਂ ਨੂੰ ਵਧੇਰੇ (quarter folds, many folds) ਦਾਤਾਂ ਬਖ਼ਸ਼ਦਾ ਹੈਂ—ਇਸ ਤਰ੍ਹਾਂ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਸੰਤੋਖੀ ਮਨੁੱਖ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ।

(੮)

**ਗੁਰ ਅੰਮ੍ਰਿਤ ਭਿੰਨੀ ਦੇਹੁਰੀ*** *ਸਰੀਰ
**ਅੰਮ੍ਰਿਤੁ ਬੁਰਕੇ* ਰਾਮ ਰਾਜੇ ॥** *ਛਿੜਕਨਾ
**ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥**
**ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥**
**ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥** {ਅੰਗ ੪੪੯}

ਹੇ ਭਾਈ ! ਗੁਰੂ ਦਾ ਸੋਹਣਾ ਹਿਰਦਾ ਸਦਾ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ ਭਿੱਜਾ (moistened) ਰਹਿੰਦਾ ਹੈ, ਉਹ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਛਿੜਕਦਾ (sprinkle) ਰਹਿੰਦਾ ਹੈ । ਜਿਨ੍ਹਾਂ ਮਨੁੱਖਾਂ ਨੂੰ ਆਪਣੇ **ਮਨ** ਵਿਚ ਸਤਿਗੁਰੂ ਦੀ ਬਾਣੀ ਪਿਆਰੀ ਲੱਗਣ ਲੱਗ ਪੈਂਦੀ ਹੈ, ਬਾਣੀ ਦਾ ਰਸ ਮਾਣ-ਮਾਣ ਕੇ ਉਹਨਾਂ ਦੇ ਹਿਰਦੇ ਭੀ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ ਭਿੱਜ ਜਾਂਦੇ ਹਨ । ਨਾਨਕ ਆਖਦਾ ਹੈ ਪਰਮਾਤਮਾ ਤੇ ਪਰਮਾਤਮਾ ਦਾ ਸੇਵਕ ਇਕ-ਰੂਪ ਹੋ ਜਾਂਦੇ ਹਨ, ਸੇਵਕ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

**ਸਲੋਕ ਮਃ ੧ ॥**

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥**
**ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥**
**ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥**
**ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥**

ਮਨੁੱਖ, ਰੁੱਖ, ਤੀਰਥ, ਤਟ, ਨਦੀਆਂ, ਬੱਦਲ, ਖੇਤ, ਦੀਪ (islands), ਲੋਅ, ਮੰਡਲ, ਖੰਡ (continents), ਬ੍ਰਹਿਮੰਡ (universe), ਸਰੋਵਰ, ਮੇਰ ਆਦਿਕ ਪਰਬਤ, ਚਾਰੇ ਖਾਣੀਆਂ - ਅੰਡਜ (eggs), ਜੇਰਜ (wombs), ਉਤਭੁਜ (earth), ਸੇਤਜ (perspiration) ਦੇ ਜੀਵ ਜੰਤ — ਇਹਨਾਂ ਸਭਨਾਂ ਦੀ ਗਿਣਤੀ ਦਾ ਅੰਦਾਜ਼ਾ ਉਹੀ ਪ੍ਰਭੂ ਜਾਣਦਾ ਹੈ ਜਿਸ ਨੇ ਇਹ ਸਭ ਪੈਦਾ ਕੀਤੇ ਹਨ ।

**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**
**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥**
**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥**
**ਤਿਸੁ ਜੋਹਾਰੀ* ਸੁਅਸਤਿ** ਤਿਸੁ** *ਪ੍ਰਣਾਮ ** ਜੈ
**ਤਿਸੁ ਦੀਬਾਣੁ* ਅਭਗੁ** ॥** *ਆਸਰਾ ** ਨਾ ਨਾਸ ਹੋਣ ਵਾਲਾ
**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥**

ਹੇ ਨਾਨਕ! ਸਾਰੇ ਜੀਅ ਜੰਤ ਪੈਦਾ ਕਰ ਕੇ, ਪ੍ਰਭੂ ਉਹਨਾਂ ਸਭਨਾਂ ਦੀ ਪਾਲਨਾ ਭੀ ਕਰਦਾ ਹੈ । ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਭੀ ਉਸੇ ਨੂੰ ਹੀ ਹੈ। ਜਿਸ ਕਰਤਾਰ ਨੇ ਜਗਤ ਪੈਦਾ ਕੀਤਾ ਹੈ, ਉਹੀ ਇਹਨਾਂ ਦਾ ਖ਼ਿਆਲ ਰੱਖਦਾ ਹੈ, ਮੈਂ ਉਸੇ ਤੋਂ ਸਦਕੇ (salute) ਹਾਂ, ਉਸੇ ਦੀ ਸਿਫ਼ਤਿ-ਸਾਲਾਹ ਕਰਦਾ ਹਾਂ ਉਸ ਪ੍ਰਭੂ ਦਾ ਆਸਰਾ ਜੀਵ ਵਾਸਤੇ ਸਦਾ ਅਟੱਲ (imperishable) ਹੈ । ਹੇ ਨਾਨਕ! ਉਸ ਹਰੀ ਦਾ ਸੱਚਾ ਨਾਮ ਸਿਮਰਨ ਕਰਨ ਤੋਂ ਬਿਨਾ ਟਿੱਕਾ (sacrificial marks), ਜਨੇਊ (sacrificial thread) ਆਦਿਕ ਧਾਰਮਿਕ ਭੇਖ ਕਿਸੇ ਕੰਮ ਦੇ ਨਹੀਂ ।

**ਮਃ ੧ ॥**

**ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥**
**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥**



**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥**
**ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥**
**ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥**
**ਨਾਨਕ ਮਤੀ ਮਿਥਿਆ*** *ਵਿਅਰਥ
**ਕਰਮੁ ਸਚਾ ਨੀਸਾਣੁ ॥੨॥** {ਅੰਗ- ੪੬੭}

ਲੱਖਾਂ ਨੇਕੀਆਂ, ਚੰਗੇ ਕੰਮ, ਧਾਰਮਿਕ ਪੁੰਨ (approved charities) ਕੀਤੇ ਜਾਣ, ਜੋ ਚੰਗੇ ਪ੍ਰਤੀਤ ਹੋਣ; ਤੀਰਥਾਂ ਉੱਤੇ ਜਾ ਕੇ ਲੱਖਾਂ ਤਪ (penances) ਅਤੇ ਜੰਗਲਾਂ ਵਿਚ ਜਾ ਕੇ ਸੁੰਨ ਸਮਾਧੀ ਵਿਚ ਲਗਾ ਕੇ ਜੋਗ-ਸਾਧਨ ਕੀਤੇ ਜਾਣ; ਰਣ-ਭੂਮੀਆਂ ਵਿਚ ਜਾ ਕੇ ਸੂਰਮਿਆਂ ਵਾਲੇ ਬਹਾਦਰੀ ਦੇ ਲੱਖਾਂ ਕਾਰਨਾਮੇ ਵਿਖਾਏ ਜਾਣ ਤੇ ਵੈਰੀ ਦੇ ਸਨਮੁਖ ਹੋ ਕੇ ਜਾਨ ਦਿੱਤੀ ਜਾਏ, ਲੱਖਾਂ ਤਰੀਕਿਆਂ ਨਾਲ ਸੁਰਤ ਪਕਾਈ ਜਾਵੇ, ਗਿਆਨ-ਚਰਚਾ ਤੇ ਧਿਆਨ ਟਿਕਾਉਣ ਦੇ ਜਤਨ ਕੀਤੇ ਜਾਣ, ਬੇਅੰਤ ਵਾਰੀ ਹੀ ਪੁਰਾਣ ਆਦਿਕ ਧਰਮ ਪੁਸਤਕਾਂ ਦੇ ਪਾਠ ਪੜ੍ਹੇ ਜਾਣ; ਪਰ ਹੇ ਨਾਨਕ! ਇਹ ਸਾਰੀਆਂ ਸਿਆਣਪਾਂ ਵਿਅਰਥ ਹੀ ਹਨ। ਜਿਸ ਪ੍ਰਭੂ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ ਉਸੇ ਨੇ ਜੀਵਾਂ ਦਾ ਜੰਮਣਾ ਮਰਨਾ ਨੀਯਤ (decreed the transmigration) ਕੀਤਾ ਹੈ। ਪ੍ਰਭੂ ਦੀ ਬਖ਼ਸ਼ਸ਼ ਹੀ ਸੱਚਾ ਪਰਵਾਨਾ ਹੈ। ਹੋਰ ਸਿਆਣਪਾਂ ਸਭ ਝੂਠ ਹਨ।

**ਪਉੜੀ ॥**

**ਸਚਾ ਸਾਹਿਬੁ ਏਕੁ ਤੂੰ**
**ਜਿਨਿ ਸਚੋ ਸਚੁ* ਵਰਤਾਇਆ ॥** *ਪੂਰਨ ਅਡੋਲਤਾ, ਖਿੜਾਉ
**ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ੀ ਸਚੁ ਕਮਾਇਆ ॥**
**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ॥**
**ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ ॥**
**ਵਿਚਿ ਦੁਨੀਆ ਕਾਹੇ ਆਇਆ ॥੮॥** {ਅੰਗ- ੪੬੭}

ਹੇ ਪ੍ਰਭੂ! ਕੇਵਲ ਇੱਕ ਤੂੰ ਹੀ ਅਡੋਲ ਰਹਿਣ ਵਾਲਾ ਮਾਲਕ ਹੈਂ, ਤੂੰ ਆਪ ਹੀ ਆਪਣੀ ਅਡੋਲਤਾ ਦਾ ਗੁਣ (eternal truth) ਜਗਤ ਵਿਚ ਵਰਤਾ ਦਿੱਤਾ ਹੈ । ਪਰ ਇਹ ਖੇੜਾ, ਅਨੰਦ, ਸਹਿਜ ਕੇਵਲ ਉਸ ਜੀਵ ਨੂੰ ਹੀ ਮਿਲਦਾ ਹੈ ਜਿਸ ਨੂੰ ਤੂੰ ਆਪ ਦੇਂਦਾ ਹੈਂ। ਜਿਨ੍ਹਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ, ਉਹਨਾਂ ਨੂੰ ਇਹ ਪੂਰਨ ਖਿੜਾਉ ਵਾਲੀ ਦਾਤ ਮਿਲਦੀ ਹੈ,

ਸਤਿਗੁਰੂ ਉਹਨਾਂ ਦੇ ਹਿਰਦੇ ਵਿਚ ਇਹ ਖਿੜਾਉ ਟਿਕਾ ਦੇਂਦਾ ਹੈ ।

ਮਨਮੁਖਾਂ, ਮੂਰਖਾਂ ਨੂੰ ਇਸ ਦੀ ਸਾਰ ਨਹੀਂ ਆਉਂਦੀ, ਉਹ ਇਸ ਤੋਂ ਵਾਂਝੇ ਰਹਿ ਕੇ ਆਪਣਾ ਜਨਮ ਅਜਾਈਂ ਗਵਾਉਂਦੇ ਹਨ। ਜਗਤ ਵਿੱਚ ਫਿਰ ਉਹ ਕਿਉਂ ਆਏ? ਭਾਵ ਜਨਮ ਲੈਣ ਦਾ ਉਹਨਾਂ ਨੂੰ ਕੋਈ ਲਾਭ ਨਹੀਂ ਹੁੰਦਾ ।

❁ ❁

(੯)

**ਆਸਾ ਮਹਲਾ ੪ ॥**

**ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮਰਾਜੇ ॥**
**ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ* ॥** *ਸਰਮਾਇਆ
**ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥**
**ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ**
**ਜਿਨ ਧੁਰਿ ਲਿਖਤੁ ਲਿਲਾਟਿ* ਲਿਖਾਸੇ ॥੧॥** (ਅੰਗ ੪੪੯) *ਮੱਥੇ ਤੇ

ਹੇ ਭਾਈ! ਆਤਮਕ ਜੀਵਨ ਦੇਣ ਵਾਲੀ ਪ੍ਰਭੂ ਭਗਤੀ ਦੇ ਖ਼ਜ਼ਾਨੇ (treasures) ਗੁਰੂ ਦੇ ਕੋਲ ਹੀ ਹਨ। ਸਦਾ-ਥਿਰ ਹਰਿ-ਭਗਤੀ ਦੇ ਖ਼ਜ਼ਾਨੇ ਦਾ ਸਾਹੂਕਾਰ ਗੁਰੂ ਹੀ ਹੈ, ਉਹ ਆਪਣੇ ਸਿੱਖਾਂ ਨੂੰ ਇਹ ਭਗਤੀ-ਸਰਮਾਇਆ (divine capital) ਦੇਂਦਾ ਹੈ। ਪ੍ਰਭੂ-ਭਗਤੀ ਦਾ ਵਣਜ (business) ਸ੍ਰੇਸ਼ਟ ਹੈ, ਭਾਗਾਂ ਵਾਲਾ ਹੈ ਉਹ ਮਨੁੱਖ ਜੋ ਇਹ ਵਣਜ ਕਰਦਾ ਹੈ, ਨਾਮ-ਧਨ ਦਾ ਸ਼ਾਹ ਗੁਰੂ ਉਸ ਮਨੁੱਖ ਨੂੰ ਸ਼ਾਬਾਸ਼ ਦੇਂਦਾ ਹੈ। ਦਾਸ ਨਾਨਕ ਆਖਦਾ ਹੈ ਜਿਨ੍ਹਾਂ ਦੇ ਮੱਥੇ ਉੱਤੇ ਧੁਰੋਂ (pre-ordained destiny) ਪ੍ਰਭੂ ਦੀ ਹਜ਼ੂਰੀ ਤੋਂ ਲੇਖ ਲਿਖਿਆ ਹੈ ਇਹ ਨਾਮ-ਧਨ ਉਹਨਾਂ ਨੂੰ ਹੀ ਮਿਲਦਾ ਹੈ।

**ਸਲੋਕੁ ਮਃ ੧ ॥**

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ* ॥** *ਢੇਰ
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ* ॥** *ਟੋਏ
**ਪੜੀਅਹਿ ਜੇਤੇ ਬਰਸ ਬਰਸ* ਪੜੀਅਹਿ ਜੇਤੇ ਮਾਸ ॥** *ਸਾਲਾਂ ਦੇ ਸਾਲ
**ਪੜੀਐ ਜੇਤੀ ਆਰਜਾ* ਪੜੀਅਹਿ ਜੇਤੇ ਸਾਸ ॥** *ਉਮਰ



**ਨਾਨਕ ਲੇਖੈ* ਇਕ ਗਲ** *ਪਰਵਾਨਗੀ ਵਿੱਚ
**ਹੋਰੁ ਹਉਮੈ ਝਖਣਾ* ਝਾਖ ॥੧॥** {ਅੰਗ- ੪੬੭} *ਝੱਖ ਮਾਰਨੀ

ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰੀਆਂ (cart-loads) ਜਾ ਸਕਣ, ਢੇਰਾਂ ਦੇ ਢੇਰ ਲਗਾਏ ਜਾ ਸਕਣ। ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਇਕ ਬੇੜੀ (boat) ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਣ। ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ, ਕਈ ਮਹੀਨੇ ਬਿਤਾ ਦਿੱਤੇ ਜਾਣ। ਸਾਰੀ ਉਮਰ ਗੁਜ਼ਾਰ ਦਿੱਤੀ ਜਾਏ, ਉਮਰ ਦੇ ਸਾਰੇ ਸੁਆਸ ਬਿਤਾਏ ਜਾਣ ਤਾਂ ਭੀ ਰੱਬ ਦੀ ਦਰਗਾਹ ਵਿਚ ਇਸ ਵਿਚੋਂ ਕੁਝ ਭੀ ਪਰਵਾਨ ਨਹੀਂ ਹੁੰਦਾ ।

ਹੇ ਨਾਨਕ! ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਬੂਲ ਪੈਂਦੀ ਹੈ, ਪ੍ਰਭੂ ਦੀ ਵਡਿਆਈ ਤੋਂ ਬਿਨਾ ਕੋਈ ਹੋਰ ਉੱਦਮ ਕਰਨਾ, ਆਪਣੀ ਹਉਮੈ ਦੇ ਵਿਚ ਹੀ ਭਟਕਦੇ ਫਿਰਨਾ (senseless wastage based on ego) ਹੈ।

**ਮਃ ੧ ॥**

**ਲਿਖਿ ਲਿਖਿ ਪੜਿਆ ॥ ਤੇਤਾ* ਕੜਿਆ** ॥** *ਉਤਨਾ ਹੀ **ਹੰਕਾਰੀ
**ਬਹੁ ਤੀਰਥ ਭਵਿਆ ॥ ਤੇਤੋ ਲਵਿਆ* ॥** *(ਕਾਂ ਵਾਂਗ) ਲਉਂ ਲਉਂ ਕਰਨਾ
**ਬਹੁ ਭੇਖ* ਕੀਆ ਦੇਹੀ ਦੁਖੁ ਦੀਆ ॥** *ਵਿਖਾਵਾ
**ਸਹੁ ਵੇ ਜੀਆ ਅਪਣਾ ਕੀਆ ॥**

ਜਿਨਾਂ ਕੋਈ ਪੜ੍ਹਿਆ-ਲਿਖਿਆ, ਓਨਾ ਹੀ ਉਹ ਪਰੇਸ਼ਾਨ (tormented) ਹੈ। ਜਿਨਾਂ ਕੋਈ ਬਹੁਤੇ ਤੀਰਥਾਂ ਦੀ ਯਾਤਰਾ ਕਰਦਾ ਹੈ, ਓਨਾ ਹੀ ਥਾਂ-ਥਾਂ ਤੇ ਦੱਸਦਾ ਫਿਰਦਾ (bables) ਹੈ ਭਾਵ ਇਹ ਯਾਤਰਾ ਭੀ ਅਹੰਕਾਰ ਵਧਾ ਰਹੀ ਹੈ।

ਜੋ ਲੋਕਾਂ ਨੂੰ ਪਤਿਆਉਣ ਵਾਸਤੇ, ਧਰਮ ਦੇ ਅਨੇਕਾਂ ਚਿਹਨ (religious garbs) ਧਾਰਦੇ ਹਨ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ, ਉਹ ਭੀ ਆਪਣੇ ਕੀਤੇ ਦਾ ਦੁੱਖ ਸਹਾਰਦੇ ਹਨ।

**ਅੰਨੁ ਨ ਖਾਇਆ ਸਾਦੁ ਗਵਾਇਆ ॥**
**ਬਹੁ ਦੁਖੁ ਪਾਇਆ ਦੂਜਾ ਭਾਇਆ* ॥** *ਚੰਗਾ ਲੱਗਾ
**ਬਸਤ੍ਰ ਨ ਪਹਿਰੈ ॥**
***ਅਹਿ**ਨਿਸਿ ਕਹਰੈ*** ॥** *ਰਾਤ **ਦੁੱਖ ਸਹਾਰਨਾ

**ਮੋਨਿ ਵਿਗੂਤਾ* ॥** *ਕੁਰਾਹੇ ਪਿਆ

**ਕਿਉ ਜਾਗੈ ਗੁਰ ਬਿਨੁ ਸੂਤਾ ॥**

ਜਿਸ ਨੇ ਅੰਨ ਛੱਡਿਆ, ਉਸਨੇ ਜੀਵਨ ਦਾ ਸਵਾਦ ਹੀ ਗੁਆ ਲਿਆ (loses the relish of life)। ਪ੍ਰਭੂ ਦਾ ਸਿਮਰਨ ਤਿਆਗ ਕੇ ਦੂਜੇ ਹੋਰ-ਹੋਰ ਕੰਮਾਂ ਨਾਲ ਪ੍ਰੀਤ ਪਾਉਣ ਵਾਲਾ ਭੀ ਦੁੱਖ ਸਹਾਰ ਰਿਹਾ ਹੈ । ਜੋ ਕੱਪੜੇ ਨਹੀਂ ਪਾਂਦਾ ਉਹ ਦਿਨ ਰਾਤ ਔਖਾ (suffers terribly day and night) ਹੁੰਦਾ ਹੈ । ਚੁਪ ਧਾਰਨ ਕਰਨ ਵਾਲਾ ਭੀ ਅਸਲੀ ਰਾਹ ਤੋਂ ਖੁੰਝਿਆ ਹੋਇਆ ਹੈ। ਦੱਸੋ ਮਾਇਆ ਦੀ ਨੀਂਦਰ ਵਿਚ ਸੁੱਤਾ (sleeping in ignorance) ਹੋਇਆ ਮਨੁੱਖ ਗੁਰੂ ਤੋਂ ਬਿਨਾ ਕਿਵੇਂ ਜਾਗ ਸਕਦਾ ਹੈ?

**ਪਗ ਉਪੇਤਾਨਾ* ॥ ਅਪਣਾ ਕੀਆ ਕਮਾਨਾ ॥** *ਜੁੱਤੀ ਤੋਂ ਬਿਨਾਂ

***ਅਲੁ ਮਲੁ ਖਾਈ ਸਿਰਿ ਛਾਈ** ਪਾਈ ॥** *ਗੰਦ ਮੰਦ **ਸੁਆਹ

**ਮੂਰਖਿ ਅੰਧੈ ਪਤਿ* ਗਵਾਈ ॥** *ਇੱਜ਼ਤ

**ਵਿਣੁ ਨਾਵੈ ਕਿਛੁ ਥਾਇ ਨ ਪਾਈ ॥**

**ਰਹੈ ਬੇਬਾਣੀ* ਮੜੀ ਮਸਾਣੀ ॥** *ਜੰਗਲ

**ਅੰਧੁ ਨ ਜਾਣੈ ਫਿਰਿ ਪਛੁਤਾਣੀ ॥**

ਪੈਰਾਂ ਤੋਂ ਨੰਗਾ ਫਿਰਨ ਵਾਲਾ ਆਪਣੀ ਭੁੱਲ ਦਾ ਦੁੱਖ ਸਹਿੰਦਾ ਹੈ। ਗੰਦ-ਮੰਦ (filth) ਖਾਣ ਵਾਲੇ ਨੇ ਮਾਨੋ ਸਿਰ ਵਿਚ ਸੁਆਹ ਪਾ ਰੱਖੀ ਹੈ। ਅਗਿਆਨੀ ਮੂਰਖ ਨੇ ਇਸ ਤਰ੍ਹਾਂ ਆਪਣੀ ਪੱਤ ਗਵਾ ਲਈ ਹੈ ।

ਪ੍ਰਭੂ ਦੇ ਨਾਮ ਤੋਂ ਬਿਨਾ ਹੋਰ ਕੋਈ ਉੱਦਮ ਪਰਵਾਨ ਨਹੀਂ ਹੈ। ਉਜਾੜਾਂ (wilderness) ਵਿਚ ਤੇ, ਮੜ੍ਹੀਆਂ-ਮਸਾਣਾਂ (burial and cremation grounds) ਵਿਚ ਰਹਿਣ ਵਾਲਾ ਅੰਨਾ ਮਨੁੱਖ ਅਸਲ ਰਸਤਾ ਨਹੀਂ ਸਮਝਦਾ ਤੇ ਸਮਾਂ ਵਿਹਾਅ ਜਾਣ ਤੇ ਪਛਤਾਂਦਾ ਹੈ ।

**ਸਤਿਗੁਰੁ ਭੇਟੇ ਸੋ ਸੁਖੁ ਪਾਏ ॥**

**ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥**

**ਆਸ ਅੰਦੇਸੇ ਤੇ ਨਿਹਕੇਵਲੁ*** *ਨਿਰਲੇਪ, ਅਛੋਹ

**ਹਉਮੈ ਸਬਦਿ ਜਲਾਏ ॥੨॥** {ਅੰਗ- ੪੬੭}

ਜਿਸ ਨੂੰ ਗੁਰੂ ਮਿਲ ਪਿਆ ਹੈ ਅਸਲੀ ਸੁਖ ਉਹੀ ਮਾਣਦਾ ਹੈ। ਉਹ ਹਰੀ ਦਾ ਨਾਮ ਆਪਣੇ ਹਿਰਦੇ ਵਿਚ ਟਿਕਾਂਦਾ ਹੈ । ਪਰ ਹੇ ਨਾਨਕ! ਗੁਰੂ ਭੀ ਉਸੇ ਨੂੰ ਹੀ ਮਿਲਦਾ ਹੈ ਜਿਸ



ਉੱਤੇ ਆਪ ਦਾਤਾਰ ਮਿਹਰ ਦੀ ਨਜ਼ਰ ਕਰਦਾ ਹੈ । ਉਹ ਸੰਸਾਰ ਦੀਆਂ ਆਸਾਂ ਤੇ ਫ਼ਿਕਰਾਂ ਤੋਂ ਨਿਰਲੇਪ (free from hopes and fears) ਹੋ ਕੇ ਗੁਰੂ ਦੇ ਸ਼ਬਦ ਦੁਆਰਾ ਆਪਣੀ ਹਉਮੈ ਨੂੰ ਸਾੜ ਦੇਂਦਾ ਹੈ ।

**ਪਉੜੀ ॥**

**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ* ਗਾਵਦੇ ॥** *ਸੋਭਾ, ਵਡਿਆਈ

**ਨਾਨਕ ਕਰਮਾ ਬਾਹਰੇ*** *ਭਾਗ ਹੀਣ

**ਦਰਿ ਢੋਅ* ਨ ਲਹਨੀ ਧਾਵਦੇ ॥** *ਆਸਰਾ

**ਇਕਿ ਮੂਲੁ ਨ ਬੁਝਨਿ੍ ਆਪਣਾ**

**ਅਣਹੋਦਾ* ਆਪੁ ਗਣਾਇਦੇ** ॥** *ਹੋਣ ਤੋਂ ਬਿਨਾਂ **ਵੱਡਾ ਜਤਲਾਨਾ

**ਹਉ ਢਾਢੀ ਕਾ* ਨੀਚ ਜਾਤਿ** *ਮਾੜਾ ਜਿਹਾ ਢਾਡੀ

**ਹੋਰਿ ਉਤਮ ਜਾਤਿ ਸਦਾਇਦੇ ॥**

**ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥** {ਅੰਗ- ੪੬੮}

ਪ੍ਰਭੂ ਨੂੰ ਆਪਣੇ **ਮਨ** ਵਿਚ ਭਗਤ ਪਿਆਰੇ ਲਗਦੇ ਹਨ, ਸਿਫ਼ਤਿ-ਸਾਲਾਹ ਕਰਨ ਵਾਲੇ ਪ੍ਰਭੂ ਦਰ ਉੱਤੇ ਸਸ਼ੋਭਿਤ (adore God's gate) ਹੁੰਦੇ ਹਨ। ਹੇ ਨਾਨਕ! ਬਖਸ਼ਿਸ਼ ਵਿਹੂਣੇ ਭਟਕਦੇ ਫਿਰਦੇ (wandering) ਹਨ, ਉਨ੍ਹਾਂ ਨੂੰ ਪ੍ਰਭੂ ਦੇ ਦਰ ਤੇ ਥਾਂ ਨਹੀਂ ਮਿਲਦੀ। ਕਈ ਆਪਣੇ ਅਸਲੇ ਨੂੰ ਨਹੀਂ ਸਮਝਦੇ, ਬਿਨਾ ਰੱਬੀ ਗੁਣਾਂ ਦੇ ਹੀ ਆਪਣੇ ਆਪ ਨੂੰ ਵੱਡਾ ਜਤਲਾਂਦੇ ਫਿਰਦੇ ਹਨ ।

ਮੈਂ ਨੀਵੀਂ ਜਾਤ ਵਾਲਾ ਪ੍ਰਭੂ ਦਰ ਦਾ ਇਕ ਮਾੜਾ ਜਿਹਾ ਢਾਢੀ ਹਾਂ, ਹੋਰ ਲੋਕ ਆਪਣੇ ਆਪ ਨੂੰ ਉੱਤਮ ਜਾਤ ਵਾਲੇ ਅਖਵਾਂਦੇ ਹਨ । ਜੋ ਤੇਰਾ ਭਜਨ ਕਰਦੇ ਹਨ, ਮੈਂ ਉਹਨਾਂ ਪਾਸੋਂ ਤੇਰਾ 'ਨਾਮ' ਮੰਗਦਾ ਹਾਂ ।

(੧੦)

**ਸਚੁ ਸਾਹੁ ਹਮਾਰਾ ਤੂੰ ਧਣੀ* ਸਭੁ ਜਗਤੁ ਵਣਜਾਰਾ ਰਾਮ ਰਾਜੇ ॥** *ਮਾਲਕ

**ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ* ॥** *ਤੇਰੀ ਹੀ

**ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥**
**ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥੨॥**

ਹੇ ਪ੍ਰਭੂ ! ਤੂੰ ਸਾਡਾ ਮਾਲਕ ਤੇ ਸਦਾ ਕਾਇਮ ਰਹਿਣ ਵਾਲਾ ਸ਼ਾਹ (true banker) ਹੈਂ, ਸਾਰਾ ਜਗਤ ਇਥੇ ਤੇਰੇ ਦਿੱਤੇ ਨਾਮ-ਸਰਮਾਏ ਨਾਲ ਨਾਮ ਦਾ ਵਣਜ ਕਰਨ ਆਇਆ ਹੋਇਆ ਹੈ। ਇਹ ਸਾਰੇ ਜੀਵ-ਜੰਤ ਤੂੰ ਹੀ ਪੈਦਾ ਕੀਤੇ ਹਨ, ਇਹਨਾਂ ਦੇ ਅੰਦਰ ਤੇਰੀ ਹੀ ਦਿੱਤੀ ਹੋਈ ਜਿੰਦ ਰੂਪ ਵਸਤ ਮੌਜੂਦ ਹੈ। ਆਪਣੇ ਉੱਦਮ ਨਾਲ ਕੋਈ ਵਿਚਾਰਾ ਜੀਵ ਕੁਝ ਭੀ ਨਹੀਂ ਕਰ ਸਕਦਾ, ਜੋ ਕੋਈ ਗੁਣ ਔਗੁਣ ਪਦਾਰਥ ਤੂੰ ਇਹਨਾਂ ਸਰੀਰਾਂ ਵਿਚ ਪਾਂਦਾ ਹੈ ਉਹੀ ਉੱਘੜਦਾ ਹੈ।ਆਪਣੇ ਦਾਸ ਨਾਨਕ ਨੂੰ ਭੀ ਤੂੰ ਹੀ ਆਪਣੀ ਭਗਤੀ ਦਾ ਖ਼ਜ਼ਾਨਾ (treasure of divine service) ਬਖ਼ਸ਼ਿਆ ਹੈ।

**ਸਲੋਕੁ ਮਃ ੧ ॥**

**ਕੂੜੁ* ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥** *ਛਲ, ਭਰਮ
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥**
**ਕੂੜੁ ਸੁਇਨਾ ਕੂੜੁ ਰੁਪਾ* ਕੂੜੁ ਪੈਨ੍ਹਣਹਾਰੁ ॥** *ਚਾਂਦੀ
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

ਇਹ ਸਾਰਾ ਜਗਤ ਝੂਠ ਹੈ, ਛਲ ਰੂਪ ਹੈ, ਇਸ ਵਿਚ ਕੋਈ ਰਾਜਾ ਹੈ ਤੇ ਕਈ ਲੋਕ ਪਰਜਾ ਹਨ । ਇਹਨਾਂ ਰਾਜਿਆਂ ਦੇ ਸ਼ਾਮਿਆਨੇ (large open tents) ਤੇ ਮਹਲ ਮਾੜੀਆਂ, ਇਹਨਾਂ ਵਿਚ ਵੱਸਣ ਵਾਲਾ ਰਾਜਾ ਭੀ ਛਲ ਹੀ ਹੈ । ਸੋਨਾ, ਚਾਂਦੀ ਅਤੇ ਸੋਨੇ ਚਾਂਦੀ ਨੂੰ ਪਹਿਨਣ ਵਾਲੇ ਭੀ ਭਰਮ ਰੂਪ ਹੀ ਹਨ। ਇਹ ਸਰੀਰਕ ਅਕਾਰ, ਸੋਹਣੇ-ਸੋਹਣੇ ਕੱਪੜੇ ਅਤੇ ਸਰੀਰਾਂ ਦਾ ਬੇਅੰਤ ਸੋਹਣਾ ਰੂਪ (peerless beauty) - ਸਭ ਛਲ ਹੀ ਹਨ। ਪੁਰਖ ਅਤੇ ਇਸਤ੍ਰੀਆਂ; ਇਹ ਸਾਰੇ ਭੀ ਛਲ ਰੂਪ ਹਨ, ਜੋ ਇਸ ਇਸਤ੍ਰੀ-ਮਰਦ ਵਾਲੇ ਸੰਬੰਧ-ਰੂਪ ਛਲ ਵਿਚ ਖਚਿਤ ਹੋ ਕੇ ਖ਼ੁਆਰ ਹੋ ਰਹੇ ਹਨ ।

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**
**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**
**ਨਾਨਕੁ ਵਖਾਣੈ ਬੇਨਤੀ**



**ਤੁਧੁ ਬਾਝੁ *ਕੂੜੋ ਕੂੜੁ ॥੧॥** {ਅੰਗ- ੪੬੮} *ਕੂੜ ਹੀ ਕੂੜ

ਇਸ ਦ੍ਰਿਸ਼ਟਮਾਨ ਛਲ ਵਿਚ ਫਸੇ ਹੋਏ ਜੀਵ ਦਾ ਛਲ ਵਿਚ ਮੋਹ ਪੈ ਗਿਆ ਹੈ, ਇਸ ਕਰਕੇ ਇਸ ਨੂੰ ਆਪਣਾ ਪੈਦਾ ਕਰਨ ਵਾਲਾ ਭੁੱਲ ਗਿਆ ਹੈ । ਇਸ ਨੂੰ ਯਾਦ ਨਹੀਂ ਰਹਿ ਗਿਆ ਕਿ ਸਾਰਾ ਜਗਤ ਨਾਸਵੰਤ ਹੈ, ਸੋ ਕਿਸ ਨਾਲ ਦੋਸਤੀ ਪਾਈਏ ਭਾਵ ਕਿਸੇ ਨਾਲ ਭੀ ਮੋਹ ਨਹੀਂ ਪਾਣਾ ਚਾਹੀਦਾ ।

ਇਹ ਛਲ ਜੀਵਾਂ ਨੂੰ ਸ਼ਹਿਦ ਵਾਂਗ ਮਿੱਠਾ ਲੱਗਦਾ ਹੈ, ਇੰਝ ਇਹ ਸਾਰੇ ਜੀਵਾਂ ਨੂੰ ਡੋਬ ਰਿਹਾ ਹੈ । ਹੇ ਪ੍ਰਭੂ ! ਨਾਨਕ ਤੇਰੇ ਅੱਗੇ ਅਰਜ਼ ਕਰਦਾ ਹੈ ਕਿ ਤੈਥੋਂ ਬਿਨਾ ਇਹ ਸਭ ਜਗਤ ਛਲ ਹੀ ਛਲ ਹੈ, ਝੂਠ ਹੀ ਝੂਠ ਹੈ।

**ਮਃ ੧ ॥**

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**
**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**
**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥**
**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥**

ਜਗਤ ਦੇ ਸੱਚ ਦੀ, ਅਸਲੇ ਦੀ ਸਮਝ ਤਦੋਂ ਹੀ ਆਉਂਦੀ ਹੈ ਜਦੋਂ ਸੱਚ ਦਾ ਮਾਲਕ ਰੱਬ ਸਾਡੇ ਹਿਰਦੇ ਵਿਚ ਟਿਕ ਜਾਏ । ਤਦੋਂ ਮਾਇਆ ਛਲ ਦਾ ਅਸਰ **ਮਨ** ਤੋਂ ਦੂਰ ਹੋ ਜਾਂਦਾ ਹੈ ਫੇਰ **ਮਨ** ਦੇ ਨਾਲ ਸਰੀਰ ਭੀ ਸੁੰਦਰ ਹੋ ਜਾਂਦਾ ਹੈ ਭਾਵ ਸਰੀਰਕ ਇੰਦਰੇ ਭੀ ਗਲ਼ਤ ਪਾਸੇ ਵਲੋਂ ਹਟ ਜਾਂਦੇ ਹਨ, ਮਾਨੋ ਸਰੀਰ ਧੋਤਾ ਜਾਂਦਾ ਹੈ ।

ਜਦ ਮਨੁੱਖ ਉਸ ਅਸਲੇ ਵਿਚ **ਮਨ** ਜੋੜਦਾ ਹੈ, ਪਿਆਰ ਕਰਦਾ ਹੈ, ਤਦੋਂ ਪ੍ਰਭੂ ਨਾਮ ਸੁਣ ਕੇ ਮਨੁੱਖ ਦਾ **ਮਨ** ਖਿੜਦਾ ਹੈ ਤੇ ਉਸ ਨੂੰ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਹੋਣ ਦਾ ਰਾਹ ਮਿਲ ਜਾਂਦਾ ਹੈ ।

**ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥**
***ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥** *ਸਰੀਰ ਰੂਪੀ ਧਰਤੀ
**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥**
**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥**

ਜਦੋਂ ਮਨੁੱਖ ਰੱਬੀ ਜੀਵਨ ਗੁਜ਼ਾਰਨ ਦੀ ਜੁਗਤੀ ਜਾਣਦਾ ਹੋਵੇ, ਭਾਵ ਸਰੀਰ ਰੂਪ ਧਰਤੀ ਨੂੰ ਤਿਆਰ ਕਰਕੇ ਇਸ ਵਿਚ ਪ੍ਰਭੂ ਦਾ ਨਾਮ ਬੀਜ ਦੇਵੇ। ਜਦੋਂ ਸੱਚੀ ਸਿੱਖਿਆ ਗੁਰੂ ਪਾਸੋਂ ਲਏ ਅਤੇ ਉਸ ਸਿੱਖਿਆ ਉੱਤੇ ਚੱਲ ਕੇ ਸਭ ਜੀਵਾਂ ਉੱਤੇ ਤਰਸ ਕਰਨ ਦੀ ਜਾਚ ਸਿੱਖੇ

ਤੇ ਲੋੜਵੰਦਾਂ ਨੂੰ ਕੁਝ ਦਾਨ ਪੁੰਨ ਕਰੇ ।

**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥**

ਜਦੋਂ ਮਨੁੱਖ ਧੁਰ ਅੰਦਰਲੇ ਤੀਰਥ ਉੱਤੇ ਟਿਕੇ, ਆਪਣੇ ਗੁਰੂ ਪਾਸੋਂ ਉਪਦੇਸ਼ ਲੈ ਕੇ ਉਸ ਅੰਦਰਲੇ ਤੀਰਥ ਉੱਤੇ ਬੈਠੇ, ਸਦਾ ਨਿਵਾਸ ਰੱਖੇ ।

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥** {ਅੰਗ- ੪੬੮}

ਨਾਨਕ ਅਰਜ਼ ਕਰਦਾ ਹੈ (makes supplication) ਜਿਨ੍ਹਾਂ ਦੇ ਹਿਰਦੇ ਵਿਚ ਸੱਚਾ ਪ੍ਰਭੂ ਟਿਕਿਆ ਹੋਇਆ ਹੈ, ਉਨ੍ਹਾਂ ਦੇ ਸਾਰੇ ਦੁੱਖਾਂ ਦਾ ਇਲਾਜ ਪ੍ਰਭੂ ਆਪ ਬਣ ਜਾਂਦਾ ਹੈ, ਪ੍ਰਭੂ ਉਸ ਹਿਰਦੇ ਵਿਚੋਂ ਵਿਕਾਰਾਂ ਨੂੰ ਕੱਢ ਦੇਂਦਾ ਹੈ।

## ਪਉੜੀ ॥

**ਦਾਨੁ ਮਹਿੰਡਾ* ਤਲੀ ਖਾਕੁ**** *ਮੇਰਾ **ਪੈਰਾ ਦੀ ਮਿੱਟੀ, ਧੂੜ
**ਜੇ ਮਿਲੈ ਤ ਮਸਤਕਿ ਲਾਈਐ ॥**
**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥**
**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥**
**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ ॥**
**ਮਤਿ ਥੋੜੀ ਸੇਵ ਗਵਾਈਐ ॥੧੦॥** {ਅੰਗ- ੪੬੮}

ਜੇ ਸੰਤਾਂ ਦੇ ਪੈਰਾਂ ਦੀ ਖ਼ਾਕ ਦਾ ਦਾਨ ਮੈਨੂੰ ਮਿਲੇ ਤਾਂ ਮੱਥੇ ਉੱਤੇ ਲਗਾ ਲਵਾਂ। ਝੂਠੇ ਲਾਲਚ ਛੱਡ ਦੇਈਏ, ਅਤੇ **ਮਨ** ਨੂੰ ਕੇਵਲ ਪ੍ਰਭੂ ਵਿਚ ਜੋੜ ਕੇ ਉਸ ਦੀ ਭਗਤੀ ਕਰੀਏ। ਮਨੁੱਖ ਜਿਸ ਤਰ੍ਹਾਂ ਦੇ ਕੰਮ-ਕਾਰ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ । ਪਰ ਸੰਤ ਜਨਾਂ ਦੇ ਪੈਰਾਂ ਦੀ ਧੂੜ (ਭਾਵ ਸੰਗਤਿ, ਉਪਦੇਸ਼ ਤੇ ਪਿਆਰ) ਤਾਂ ਹੀ ਮਿਲਦੀ ਹੈ ਜੇ ਚੰਗੇ ਭਾਗ ਹੋਣ। ਗੁਰਮੁਖਾਂ ਦਾ ਆਸਰਾ-ਪਰਨਾ ਛੱਡ ਕੇ ਜੇ ਆਪਣੀ ਹੋਛੀ ਜਿਹੀ ਮਤ (evil wisdom) ਦੀ ਟੇਕ ਰੱਖੀਏ ਤਾਂ ਕੀਤੀ ਘਾਲ-ਕਮਾਈ ਵੀ ਬੇਕਾਰ ਹੋ ਜਾਂਦੀ ਹੈ ।





**ਹਮ ਕਿਆ ਗੁਣ ਤੇਰੇ ਵਿਥਰਹ* ਸੁਆਮੀ** *ਵਿਸਥਾਰ ਨਾਲ ਦੱਸਣਾ
**ਤੂੰ *ਅਪਰ ਅਪਾਰੋ ਰਾਮ ਰਾਜੇ ॥** *ਬੇਅੰਤ-ਬੇਅੰਤ
**ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥**
**ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ ॥**
**ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ ॥੩॥** (ਅੰਗ ੪੫੦)

ਹੇ ਮੇਰੇ ਮਾਲਕ! ਅਸੀਂ ਤੇਰੇ ਕਿਹੜੇ-ਕਿਹੜੇ ਗੁਣ ਗਿਣ ਕੇ ਦੱਸ ਸਕਦੇ ਹਾਂ? ਤੂੰ ਬੇਅੰਤ (limitless) ਹੈਂ, ਤੂੰ ਬੇਅੰਤ ਹੈਂ। ਅਸੀਂ ਤਾਂ ਦਿਨ-ਰਾਤ ਤੇਰੇ ਨਾਮ ਦੀ ਹੀ ਵਡਿਆਈ ਕਰਦੇ ਹਾਂ, ਸਾਡੇ ਜੀਵਨ ਦਾ ਇਹੀ ਸਹਾਰਾ ਹੈ ਇਹੀ ਆਸਰਾ ਹੈ। ਅਸੀਂ ਮੂਰਖ ਹਾਂ, ਸਾਨੂੰ ਕੋਈ ਸਮਝ ਨਹੀਂ, ਅਸੀਂ ਤੇਰਾ ਅੰਤ ਕਿਵੇਂ ਪਾ ਸਕਦੇ ਹਾਂ? ਦਾਸ ਨਾਨਕ ਤਾਂ ਪਰਮਾਤਮਾ ਦਾ ਦਾਸ ਹੈ, ਪਰਮਾਤਮਾ ਦੇ ਦਾਸਾਂ ਦਾ ਦਾਸ ਹੈ, ਉਹਨਾਂ ਦਾ ਪਾਣੀ ਭਰਦਾ ਹੈ।

## ਸਲੋਕੁ ਮਃ ੧ ॥

***ਸਚਿ ਕਾਲੁ ਕੂੜੁ ਵਰਤਿਆ** *ਸੱਚ ਹੈ ਹੀ ਨਹੀਂ
**ਕਲਿ ਕਾਲਖ ਬੇਤਾਲ* ॥** *ਭੂਤ, ਪ੍ਰੇਤ
**ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥**
**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**

ਸੰਸਾਰਕ ਜੀਵਾਂ ਦੇ ਹਿਰਦੇ ਵਿਚੋਂ ਸੱਚ ਖਤਮ ਹੀ ਹੋ ਗਿਆ ਹੈ, ਸੱਚ ਦਾ ਕਾਲ (famine) ਪੈ ਗਿਆ ਹੈ ਅਤੇ ਕੂੜ ਹੀ ਕੂੜ ਪਰਧਾਨ (falsehood prevails) ਹੈ। ਕਲਜੁਗ ਦੇ ਪਾਪਾਂ ਦੀ ਕਾਲਖ ਅਤੇ ਸਿਮਰਨ ਤੋਂ ਬਿਨਾ ਜੀਵ ਮਾਨੋ ਭੂਤਨੇ (demons) ਹਨ। ਹਰੀ ਦਾ ਨਾਮ ਬੀਜ ਆਪਣੇ ਹਿਰਦਿਆਂ ਵਿਚ ਬੀਜਣ ਵਾਲੇ ਸੋਭਾ ਖੱਟ ਗਏ । ਪਰ ਹੁਣ ਨਾਮ ਦਾ ਅੰਕੁਰ ਫੁਟਣੋਂ ਰਹਿ ਗਿਆ ਹੈ, ਕਿਉਂਕਿ **ਮਨ** ਦਾਲ ਵਾਂਗ ਦੋ-ਫਾੜ ਹੋ ਰਹੇ ਹਨ, ਭਾਵ ਦੁਚਿੱਤਾ-ਪਨ ਦੇ ਕਾਰਨ **ਮਨ** ਨਾਮ ਵਿਚ ਨਹੀਂ ਜੁੜਦਾ । ਬੀਜ ਓਹੀ ਉੱਗਦਾ ਹੈ, ਜੋ ਸਾਬਤ ਹੋਵੇ ਅਤੇ ਰੁਤ ਵੀ ਚੰਗੀ ਫਬਵੀਂ ਹੋਵੇ, ਇਸੇ ਤਰ੍ਹਾਂ ਰੱਬ ਦਾ ਨਾਮ-ਅੰਕੁਰ (germinate) ਭੀ ਤਾਂ ਹੀ ਫੁਟਦਾ ਹੈ ਜੇ **ਮਨ** ਸਾਬਤ ਹੋਵੇ, ਜੇ ਪੂਰਨ ਤੌਰ ਤੇ ਰੱਬ ਵਲ ਲੱਗਾ ਰਹੇ ਅਤੇ ਮਨੁੱਖਾਂ ਜੀਵਨ ਵਿੱਚ ਕੋਈ ਵੀ ਸਾਸਿ-ਗਿਰਾਸਿ ਖੁੰਝਾਇਆ ਨਾ ਜਾਏ ।

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥**

**ਭੈ ਵਿਚਿ ਖੁੰਬਿ ਚੜਾਈਐ    ਸਰਮੁ ਪਾਹੁ ਤਨਿ ਹੋਇ ॥**

**ਨਾਨਕ ਭਗਤੀ ਜੇ ਰਪੈ*** *ਰੰਗਿਆ ਜਾਏ

**ਕੂੜੈ ਸੋਇ* ਨ ਕੋਇ ॥੧॥** {ਅੰਗ- ੪੬੮} *ਖ਼ਬਰ, ਭਿਣਕ

ਹੇ ਨਾਨਕ ! ਜੇ ਲਾਗ ਨ ਵਰਤੀ ਜਾਏ ਤਾਂ ਕੋਰੇ ਕੱਪੜੇ (unbleached cloth) ਨੂੰ ਪੱਕਾ ਰੰਗ ਨਹੀਂ ਚੜ੍ਹਦਾ। ਇਸੇ ਤਰ੍ਹਾਂ ਇਸ ਕੋਰੇ **ਮਨ** ਨੂੰ ਪਹਿਲਾਂ ਰੱਬ ਦੇ ਡਰ ਰੂਪ ਖੁੰਬ ਤੇ ਧਰੀਏ; ਫੇਰ ਮਿਹਨਤ ਦੀ ਪਾਹ ਦੇਈਏ। ਹੇ ਨਾਨਕ ! ਜੇ ਇਸ **ਮਨ** ਨੂੰ ਰੱਬ ਦੀ ਭਗਤੀ ਵਿਚ ਰੰਗਿਆ ਜਾਏ, ਤਾਂ ਮਾਇਆ-ਛਲ ਇਸ ਦੇ ਨੇੜੇ ਭੀ (trace of falsehood) ਨਹੀਂ ਛੁਹ ਸਕਦਾ ।

**ਮਃ ੧ ॥**

**ਲਬੁ* ਪਾਪੁ ਦੁਇ ਰਾਜਾ ਮਹਤਾ**** *ਜੀਭ ਦਾ ਚਸਕਾ **ਵਜ਼ੀਰ

**ਕੂੜੁ ਹੋਆ ਸਿਕਦਾਰੁ* ॥** *ਚੌਧਰੀ

**ਕਾਮੁ ਨੇਬੁ ਸਦਿ ਪੁਛੀਐ    ਬਹਿ ਬਹਿ ਕਰੇ ਬੀਚਾਰੁ ॥**

***ਅੰਧੀ ਰਯਤਿ    ਗਿਆਨ ਵਿਹੂਣੀ** *ਵਿਕਾਰਾਂ ਵਿੱਚ ਅੰਨੀ ਪਰਜਾ

**ਭਾਹਿ* ਭਰੇ ਮੁਰਦਾਰੁ** ॥** *ਅੱਗ (ਤ੍ਰਿਸ਼ਨਾ ਦੀ) **ਹਰਾਮ, ਵੱਢੀ, ਰਿਸ਼ਵਤ

ਜੀਵਾਂ ਲਈ ਜੀਭ ਦਾ ਚਸਕਾ, ਮਾਨੋ, ਰਾਜਾ (king) ਹੈ, ਪਾਪ ਵਜ਼ੀਰ (minister) ਹੈ ਅਤੇ ਝੂਠ ਚੌਧਰੀ (head/accountant) ਹੈ, ਇਸ ਦਰਬਾਰ ਵਿਚ ਮਾਨੋ ਕਾਮ ਸਹਾਇਕ ਹੈ, ਜਿਸ ਨੂੰ ਸੱਦ ਕੇ ਸਲਾਹ ਪੁੱਛੀ ਜਾਂਦੀ ਹੈ, ਕਾਮ ਹੀ ਵੱਡਾ ਸਲਾਹਕਾਰ ਹੈ। ਪਰਜਾ (subjects, ਇੰਦ੍ਰੇ) ਗਿਆਨ ਤੋਂ ਸੱਖਣੀ ਹੋਣ ਦੇ ਕਾਰਣ, ਮਾਨੋ ਅੰਨ੍ਹੀ ਹੋਈ ਪਈ ਹੈ ਅਤੇ ਤ੍ਰਿਸ਼ਨਾ ਦੀ ਅੱਗ ਵਿੱਚ ਗਲਤਾਨ ਹਾਕਮਾਂ ਨੂੰ ਰਿਸ਼ਵਤ ਦੇ ਰਹੀ ਹੈ।

**ਗਿਆਨੀ ਨਚਹਿ ਵਾਜੇ ਵਾਵਹਿ*** *ਵਜਾਂਦੇ ਹਨ

**ਰੂਪ ਕਰਹਿ ਸੀਗਾਰੁ ॥**

**ਊਚੇ ਕੂਕਹਿ ਵਾਦਾ* ਗਾਵਹਿ    ਜੋਧਾ ਕਾ ਵੀਚਾਰੁ ॥** *ਜੁੱਧਾਂ ਦਾ ਪ੍ਰਸੰਗ

**ਮੂਰਖ ਪੰਡਿਤ    ਹਿਕਮਤਿ ਹੁਜਤਿ*** *ਦਲੀਲ

**ਸੰਜੈ* ਕਰਹਿ ਪਿਆਰੁ ॥** *ਮਾਇਆ ਦਾ ਇੱਕਠ

ਗਿਆਨ-ਵਾਨ ਉਪਦੇਸ਼ਕ ਅਖਵਾਂਣ ਵਾਲੇ ਨੱਚਦੇ ਹਨ, ਵਾਜੇ ਵਜਾਂਦੇ ਹਨ ਅਤੇ ਕਈ ਤਰ੍ਹਾਂ ਦੇ ਭੇਸ ਵਟਾਂਦੇ ਹਨ ਤੇ ਸ਼ਿੰਗਾਰ ਕਰਦੇ ਹਨ। ਉਹ ਗਿਆਨੀ ਉੱਚੀ ਉੱਚੀ ਕੂਕਦੇ ਹਨ, ਜੁੱਧਾਂ ਦੇ ਪਰਸੰਗ ਸੁਣਾਂਦੇ ਹਨ ਅਤੇ ਜੋਧਿਆਂ ਦੀਆਂ ਵਾਰਾਂ ਦੀ ਵਿਆਖਿਆ ਕਰਦੇ



ਹਨ। ਪੜ੍ਹੇ-ਲਿਖੇ ਮੂਰਖ ਨਿਰੀਆਂ ਚਲਾਕੀਆਂ ਕਰਨੀਆਂ ਤੇ ਦਲੀਲਾਂ ਦੇਣੀਆਂ ਹੀ ਜਾਣਦੇ ਹਨ, ਪਰ ਮਾਇਆ ਇੱਕਤਰ (amassing wealth) ਕਰਨ ਵਿਚ ਜੁੱਟੇ ਹੋਏ ਹਨ।

**ਧਰਮੀ ਧਰਮੁ ਕਰਹਿ ਗਾਵਾਵਹਿ    ਮੰਗਹਿ ਮੋਖ ਦੁਆਰੁ ॥**

**ਜਤੀ ਸਦਾਵਹਿ    ਜੁਗਤਿ ਨ ਜਾਣਹਿ    ਛਡਿ ਬਹਹਿ ਘਰ ਬਾਰੁ ॥**

**ਸਭੁ ਕੋ ਪੂਰਾ ਆਪੇ ਹੋਵੈ    ਘਟਿ ਨ ਕੋਈ ਆਖੈ ॥**

**ਪਤਿ ਪਰਵਾਣਾ* ਪਿਛੈ ਪਾਈਐ** *ਵੱਟਾ (ਤੱਕੜੀ ਦਾ)

**ਤਾ ਨਾਨਕ ਤੋਲਿਆ ਜਾਪੈ ॥੨॥** {ਅੰਗ- ੪੬੯}

ਆਪਣੇ ਆਪ ਨੂੰ ਧਰਮੀ ਸਮਝਣ ਵਾਲੇ ਧਰਮ ਦਾ ਕੰਮ ਤਾਂ ਕਰਦੇ ਹਨ, ਪਰ ਸਾਰੀ ਮਿਹਨਤ ਗਵਾ ਬੈਠਦੇ ਹਨ, ਕਿਉਂਕਿ ਇਸ ਦੇ ਬਦਲੇ ਵਿਚ ਮੁਕਤੀ ਦਾ ਦਰ ਮੰਗਦੇ ਹਨ ਧਰਮ-ਕਰਮ ਕਰਦੇ ਵੀ ਨਿਸ਼ਕਾਮ ਨਹੀਂ, ਅਜੇ ਭੀ ਵਾਸ਼ਨਾ ਦੇ ਬੱਧੇ ਹਨ। ਕਈ ਆਪਣੇ ਆਪ ਨੂੰ ਜਤੀ ਅਖਵਾਂਦੇ ਹਨ ਪਰ ਜਤੀ ਹੋਣ ਦੀ ਜੁਗਤੀ ਜਾਣਦੇ ਨਹੀਂ ਐਵੇਂ ਵੇਖੋ-ਵੇਖੀ ਘਰ-ਘਾਟ ਛੱਡ ਜਾਂਦੇ ਹਨ ।

ਇਸ ਲੱਬ, ਪਾਪ, ਕੂੜ ਅਤੇ ਕਾਮ ਦੇ ਕਾਰਣ ਹਰੇਕ ਜੀਵ ਆਪਣੇ ਆਪ ਨੂੰ ਪੂਰਨ ਤੌਰ ਤੇ ਸਿਆਣਾ ਸਮਝਦਾ ਹੈ । ਕੋਈ ਨਹੀਂ ਆਖਦਾ ਕਿ ਮੇਰੇ ਵਿਚ ਕੋਈ ਘਾਟ ਹੈ। ਪਰ ਹੇ ਨਾਨਕ ! ਤਾਂ ਹੀ ਮਨੁੱਖ ਪਰਖ ਵਿਚ ਪੂਰਾ ਉਤਰਦਾ ਹੈ ਜੇ ਤੱਕੜੀ ਦੇ ਦੂਜੇ ਪੱਲੇ ਵਿਚ ਰੱਬ ਦੀ ਦਰਗਾਹ ਵਿਚੋਂ ਮਿਲੀ ਹੋਈ ਇੱਜ਼ਤ ਰੂਪ ਵੱਟਾ ਪਾਇਆ ਜਾਏ; ਭਾਵ ਉਹੀ ਮਨੁੱਖ ਪੂਰਨ ਹੈ, ਜਿਸ ਨੂੰ ਪ੍ਰਭੂ ਦੀ ਦਰਗਾਹ ਵਿਚ ਆਦਰ ਮਿਲੇ ।

**ਮਃ ੧ ॥**

**ਵਦੀ* ਸੁ ਵਜਗਿ** ਨਾਨਕਾ    ਸਚਾ ਵੇਖੈ ਸੋਇ ॥** *ਮਿੱਥੀ ਹੋਈ **ਹੋਇਗੀ

**ਸਭਨੀ ਛਾਲਾ ਮਾਰੀਆ    ਕਰਤਾ ਕਰੇ ਸੁ ਹੋਇ ॥**

**ਅਗੈ ਜਾਤਿ ਨ ਜੋਰੁ ਹੈ    ਅਗੈ ਜੀਉ ਨਵੇ ॥**

**ਜਿਨ ਕੀ ਲੇਖੈ ਪਤਿ ਪਵੈ    ਚੰਗੇ ਸੇਈ ਕੇਇ ॥੩॥** {ਅੰਗ- ੪੬੯}

ਜੋ ਗੱਲ ਰੱਬ ਵਲੋਂ ਮਿੱਥੀ ਜਾ ਚੁਕੀ ਹੈ ਉਹ ਹੋ ਕੇ ਰਹੇਗੀ, ਕਿਉਂਕਿ ਉਹ ਸੱਚਾ ਪ੍ਰਭੂ ਹਰੇਕ ਜੀਵ ਦੀ ਆਪ ਸੰਭਾਲ ਕਰ ਰਿਹਾ ਹੈ । ਸਾਰੇ ਜੀਵ ਆਪੋ ਆਪਣਾ ਜ਼ੋਰ ਲਾਂਦੇ ਹਨ, ਪਰ ਹੁੰਦਾ ਉਹੀ ਹੈ ਜੋ ਕਰਤਾਰ ਕਰਦਾ ਹੈ । ਰੱਬ ਦੀ ਦਰਗਾਹ ਵਿਚ ਨਾ ਕਿਸੇ ਉੱਚੀ ਨੀਵੀਂ ਜਾਤ ਦਾ ਵਿਤਕਰਾ ਹੈ, ਨਾ ਹੀ ਕਿਸੇ ਦਾ ਧੱਕਾ ਚੱਲ ਸਕਦਾ ਹੈ, ਕਿਉਂਕਿ ਓਥੇ ਨਵੇਂ ਤੇ ਓਪਰੇ ਜੀਵਾਂ ਨਾਲ ਵਾਹ ਪੈਂਦਾ ਹੈ। ਓਥੇ ਉਹੋ ਕੋਈ ਮਨੁੱਖ ਭਲੇ ਗਿਣੇ ਜਾਂਦੇ ਹਨ, (approved as

really virtuous) ਜਿਨ੍ਹਾਂ ਨੇ ਜਗਤ ਵਿਚ ਭਲੇ ਕੰਮ ਕੀਤੇ ਹੋਣ।

**ਪਉੜੀ ॥**

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥**
**ਏਨਾ ਜੰਤਾ ਕੈ ਵਸਿ ਕਿਛੁ ਨਾਹੀ**
**ਤੁਧੁ ਵੇਕੀ* ਜਗਤੁ ਉਪਾਇਆ ॥** *ਕਈ ਤਰਾਂ ਦੇ
**ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥**
**ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥**
**ਸਹਜੇ ਹੀ ਸਚਿ ਸਮਾਇਆ ॥੧੧॥** {ਅੰਗ- ੪੬੯}

ਹੇ ਪ੍ਰਭੂ! ਜਿਨ੍ਹਾਂ ਉੱਤੇ ਤੂੰ ਧੁਰੋਂ ਬਖ਼ਸ਼ਸ਼ ਕੀਤੀ ਹੈ, ਓਹੀ ਤੈਨੂੰ ਸਿਮਰਦੇ ਹਨ। ਇਹਨਾਂ ਜੀਵਾਂ ਦੇ ਆਪਣੇ ਵਸ ਕੁਝ ਨਹੀਂ ਹੈ ਕਿ ਤੇਰਾ ਸਿਮਰਨ ਕਰ ਸਕਣ । ਤੂੰ ਅਨੇਕ ਰੰਗਾਂ ਦਾ ਜਗਤ ਪੈਦਾ ਕੀਤਾ ਹੈ; ਕਈ ਜੀਵਾਂ ਨੂੰ ਤੂੰ ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈਂ, ਪਰ ਕਈ ਜੀਆਂ ਨੂੰ ਤਾਂ ਤੂੰ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ ।

ਜਿਸ ਦੇ ਹਿਰਦੇ ਵਿਚ ਤੂੰ ਆਪਣੇ ਆਪ ਦੀ ਸੂਝ ਪਾ ਦਿੱਤੀ ਹੈ, ਉਸ ਨੇ ਗੁਰੂ ਦੀ ਮਿਹਰ ਨਾਲ ਤੈਨੂੰ ਪਛਾਣ ਲਿਆ ਅਤੇ ਸਹਿਜ ਸੁਭਾਇ ਹੀ ਆਪਣੇ ਅਸਲੇ ਵਿਚ ਇਕ-ਮਿਕ ਹੋ ਗਿਆ।

(੧੨)

**ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥**
**ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥**
**ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥**
**ਜਨੁ ਨਾਨਕੁ ਦਾਸੁ ਹਰਿ ਕਾਂਢਿਆ*** *ਕਿਹਾ ਜਾਂਦਾ ਹੈ
**ਹਰਿ ਪੈਜ ਰਖਾਏ ॥੪॥** {ਅੰਗ- ੪੫੦}

ਹੇ ਪ੍ਰਭੂ! ਅਸੀਂ ਤੇਰੀ ਸਰਨ ਆਏ ਹਾਂ, ਹੁਣ ਜਿਵੇਂ ਤੇਰੀ ਮਰਜ਼ੀ ਹੋਵੇ ਤਿਵੇਂ ਸਾਨੂੰ



ਮੰਦੇ ਕੰਮਾਂ ਤੋਂ ਬਚਾ ਲੈ। ਅਸੀਂ ਦਿਨ ਰਾਤ ਜੀਵਨ-ਰਾਹ ਤੋਂ ਖੁੰਝ ਕੇ ਆਪਣੇ ਆਤਮਕ ਜੀਵਨ ਨੂੰ ਖ਼ਰਾਬ ਕਰਦੇ ਰਹਿੰਦੇ ਹਾਂ। ਸਾਡੀ ਇੱਜ਼ਤ ਰੱਖ। ਹੇ ਪ੍ਰਭੂ! ਅਸੀਂ ਤੇਰੇ ਬੱਚੇ ਹਾਂ, ਤੂੰ ਸਾਡਾ ਗੁਰੂ ਹੈਂ, ਪਿਤਾ ਹੈਂ, ਸਾਨੂੰ ਚੰਗੀ ਸਮਝ (true wisdom and understanding) ਬਖ਼ਸ਼।

ਹੇ ਹਰੀ! ਦਾਸ ਨਾਨਕ ਤੇਰਾ ਦਾਸ ਅਖਵਾਂਦਾ ਹੈ, ਮੇਰੀ ਇੱਜ਼ਤ ਰੱਖ।

**ਸਲੋਕੁ ਮਃ ੧ ॥**

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**
**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥**
**ਬਲਿਹਾਰੀ ਕੁਦਰਤਿ ਵਸਿਆ ॥**
**ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**

ਜਦੋਂ ਸੁਖਾਂ ਦੇ ਕਾਰਨ ਰੋਗ ਹੋ ਜਾਂਦੇ ਹਨ ਤਾਂ ਦੁਖ ਅਸਲ ਵਿੱਚ ਦਵਾਈ ਬਣ ਜਾਂਦੇ ਹਨ, ਪਰ ਜੇ ਅਸਲੀ ਆਤਮਕ ਸੁਖ ਜੀਵ ਨੂੰ ਮਿਲ ਜਾਏ, ਤਾਂ ਦੁੱਖ ਨਹੀਂ ਰਹਿੰਦਾ । ਹੇ ਪ੍ਰਭੂ! ਤੂੰ ਕਰਨਹਾਰ ਕਰਤਾਰ ਹੈਂ ਤੂੰ ਆਪ ਹੀ ਇਹਨਾਂ ਭੇਤਾਂ ਨੂੰ ਸਮਝਦਾ ਹੈਂ, ਮੇਰੀ ਸਮਰਥਾ ਨਹੀਂ ਹੈ ਕਿ ਮੈਂ ਸਮਝ ਸਕਾਂ। ਜੇ ਮੈਂ ਇਹ ਖ਼ਿਆਲ ਕਰਨ ਲੱਗ ਪਵਾਂ ਕਿ ਮੈਂ ਤੇਰੇ ਭੇਤ ਨੂੰ ਸਮਝ ਸਕਦਾ ਹਾਂ ਤਾਂ ਇਹ ਗੱਲ ਸੋਭਦੀ ਨਹੀਂ ।

ਹੇ ਕੁਦਰਤ ਵਿਚ ਵੱਸ ਰਹੇ ਕਰਤਾਰ! ਮੈਂ ਤੈਥੋਂ ਸਦਕੇ ਹਾਂ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥**
**ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥**
**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥**

ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਨੂਰ ਵੱਸ ਰਿਹਾ ਹੈ, ਸਾਰੇ ਜੀਵਾਂ ਵਿਚ ਤੇਰਾ ਹੀ ਪ੍ਰਕਾਸ਼ ਹੈ, ਤੂੰ ਸਭ ਥਾਈਂ ਇਕ-ਰਸ ਵਿਆਪਕ ਹੈਂ । ਹੇ ਪ੍ਰਭੂ! ਤੂੰ ਸਦਾ-ਥਿਰ ਹੈਂ, ਤੇਰੀਆਂ ਸੋਹਣੀਆਂ ਵਡਿਆਈਆਂ ਹਨ, ਜਿਸ ਜਿਸ ਨੇ ਤੇਰੇ ਗੁਣ ਗਾਏ ਹਨ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ । ਹੇ ਨਾਨਕ! ਤੂੰ ਭੀ ਕਰਤਾਰ ਦੀ ਸਿਫ਼ਤਿ-ਸਾਲਾਹ ਕਰ, ਪ੍ਰਭੂ ਜੋ ਕੁਝ ਕਰਨਾ ਚੰਗਾ ਸਮਝਦਾ ਹੈ ਉਹ ਕਰ ਰਿਹਾ ਹੈ।

ਮਃ ੨ ॥

**ਜੋਗ ਸਬਦੰ* ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥** *ਧਰਮ

**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ* ॥** *ਪਰਾਈ ਸੇਵਾ ਕਰਨੀ

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥** {ਅੰਗ- ੪੬੯}

ਜੋਗ ਦਾ ਧਰਮ (religious duty) ਹੈ ਗਿਆਨ ਪ੍ਰਾਪਤੀ, ਬ੍ਰਾਹਮਣਾਂ ਦਾ ਵੇਦਾਂ ਦੀ ਵਿਚਾਰ, ਖਤ੍ਰੀਆਂ ਦਾ ਸੂਰਮਿਆਂ ਵਾਲੇ ਕੰਮ ਕਰਨਾ, ਅਤੇ ਸ਼ੂਦਰਾਂ ਦਾ ਦੂਜਿਆਂ ਦੀ ਸੇਵਾ ਕਰਨੀ । ਪਰ ਸਾਰਿਆਂ ਦਾ ਮੁੱਖ-ਧਰਮ ਇਹ ਹੈ ਕਿ ਇਕ ਪ੍ਰਭੂ ਦਾ ਸਿਮਰਨ ਕਰੀਏ । ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਪ੍ਰਭੂ ਦਾ ਰੂਪ ਹੈ ।

ਮਃ ੨ ॥

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥**

**ਆਤਮਾ ਬਾਸੁਦੇਵਸ੍ਹਿ ਜੇ ਕੋ ਜਾਣੈ ਭੇਉ ॥**

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥** {ਅੰਗ- ੪੬੯}

ਇਕ ਪਰਮਾਤਮਾ ਹੀ ਸਾਰੇ ਦੇਵਤਿਆਂ ਦੀ ਆਤਮਾ (supreme soul) ਹੈ, ਦੇਵਤਿਆਂ ਦੇ ਦੇਵਤਿਆਂ ਦੀ ਭੀ ਆਤਮਾ ਹੈ । ਜੋ ਪਰਮ ਆਤਮਾ ਦਾ ਭੇਦ ਜਾਣ ਲੈਂਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਪਰਮਾਤਮਾ ਦਾ ਰੂਪ ਹੈ।

ਮਃ ੧ ॥

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ* ਨ ਹੋਇ ॥** *ਘੜਾ

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥**

{ਅੰਗ- ੪੬੯}

ਜਿਵੇਂ ਪਾਣੀ ਘੜੇ ਵਿਚ ਇਕ ਥਾਂ ਟਿਕਿਆ ਰਹਿ ਸਕਦਾ ਹੈ, ਤਿਵੇਂ **ਮਨ** ਗੁਰੂ ਦੇ ਗਿਆਨ ਤੇ ਉਪਦੇਸ਼ ਦਾ ਬੱਝਾ ਹੋਇਆ ਟਿਕਿਆ ਰਹਿ ਸਕਦਾ ਹੈ, ਜਿਵੇਂ ਪਾਣੀ ਤੋਂ ਬਿਨਾ ਘੜਾ ਨਹੀਂ ਬਣ ਸਕਦਾ ਤਿਵੇਂ ਗੁਰੂ ਤੋਂ ਬਿਨਾ ਗਿਆਨ ਪੈਦਾ ਨਹੀਂ ਹੋ ਸਕਦਾ ।

ਪਉੜੀ ॥

**ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥**



**ਜੇਹਾ *ਘਾਲੇ ਘਾਲਣਾ** *ਕਮਾਈ ਕਰੇ

**ਤੇਵੇਹੋ ਨਾਉ ਪਚਾਰੀਐ* ॥** *ਪ੍ਰਚਲਤ ਹੋ ਜਾਦਾਂ ਹੈ

**ਐਸੀ ਕਲਾ* ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥** *ਖੇਡ

**ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥**

**ਮੁਹਿ ਚਲੈ ਸੁ ਅਗੈ ਮਾਰੀਐ ॥੧੨॥** {ਅੰਗ- ੪੬੯}

ਜੇ ਪੜ੍ਹਿਆ-ਲਿਖਿਆ ਮੰਦ-ਕਰਮੀ ਹੋ ਜਾਏ ਤਾਂ ਮਾਰ ਉਸੇ ਨੂੰ ਪਏਗੀ ਕਿਸੇ ਅਨਪੜ੍ਹ ਨੂੰ ਨਹੀਂ। ਨਿਬੇੜਾ ਕੀਤੇ ਕਰਮਾਂ ਤੇ ਹੁੰਦਾ ਹੈ, ਪੜ੍ਹਨ ਜਾਂ ਨਾਹ ਪੜ੍ਹਨ ਨਾਲ ਨਹੀਂ। ਮਨੁੱਖ ਜਿਹੋ ਜਿਹੀ ਕਰਤੂਤ ਕਰਦਾ ਹੈ, ਉਸ ਦਾ ਉਹੋ ਜਿਹਾ ਹੀ ਨਾਮ ਪ੍ਰਚਲਿਤ ਹੋ ਜਾਂਦਾ ਹੈ। (as a man acts, so is he be described) ਅਜਿਹੀ ਖੇਡ ਨਹੀਂ ਖੇਡਣੀ ਚਾਹੀਦੀ, ਜਿਸ ਕਰਕੇ ਦਰਗਾਹ ਵਿਚ ਜਾ ਕੇ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਈਏ ।

ਦਰਗਾਹ ਵਿਚ ਕੇਵਲ ਪ੍ਰਭੂ ਦੇ ਗੁਣਾਂ ਦੀ ਵਿਚਾਰ ਹੀ ਕਬੂਲ ਪੈਂਦੀ ਹੈ। ਪੜਿਆ ਜਾਂ ਅਣਪੜਿਆਂ ਹੋਣਾ ਨਹੀਂ। ਮਨ-ਮਰਜ਼ੀਆਂ ਕਰਨ ਵਾਲਾ (head strong or cruel) ਅੱਗੇ ਜਾ ਕੇ ਮਾਰ ਖਾਂਦਾ ਹੈ ।

(੧੩)

ਆਸਾ ਮਹਲਾ ੪ ॥

**ਜਿਨ ਮਸਤਕਿ ਧੁਰਿ ਹਰਿ ਲਿਖਿਆ**

**ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥**

**ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ* ਬਲਿਆ ॥** *ਹਿਰਦੇ ਵਿੱਚ

**ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥**

**ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥**

ਹੇ ਭਾਈ! ਜਿਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹ ਤੋਂ ਪਰਮਾਤਮਾ ਲੇਖ ਲਿਖ ਦੇਂਦਾ ਹੈ ਉਹਨਾਂ ਨੂੰ ਗੁਰੂ ਮਿਲ ਪੈਂਦਾ ਹੈ, ਉਹਨਾਂ ਦੇ **ਮਨ** ਵਿਚੋਂ ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਉਹਨਾਂ ਦੇ ਹਿਰਦੇ ਵਿਚ ਗੁਰੂ ਦੀ ਬਖ਼ਸ਼ੀ ਹੋਈ ਆਤਮਕ ਜੀਵਨ ਦੀ ਸੂਝ (Divine Knowledge) ਚਮਕ ਪੈਂਦੀ ਹੈ । ਉਹਨਾਂ ਨੂੰ ਪਰਮਾਤਮਾ ਦਾ ਨਾਮ

ਕੀਮਤੀ ਰਤਨ (jewel) ਲੱਭ ਪੈਂਦਾ ਹੈ ਜੋ ਫਿਰ ਕਦੇ ਗੁਆਚਦਾ ਨਹੀਂ । ਹੇ ਦਾਸ ਨਾਨਕ! ਗੁਰੂ ਦੀ ਸਰਨ ਪੈ ਕੇ ਜੋ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਪਰਮਾਤਮਾ ਵਿਚ ਹੀ ਲੀਨ ਹੋ ਜਾਂਦੇ ਹਨ।

**ਸਲੋਕੁ ਮਃ ੧ ॥**

**ਨਾਨਕ ਮੇਰੁ* ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥** *ਸਿਰੋਮਣੀ ਮਣਕਾ
**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**
**ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥**
**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**
**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**
**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥** {ਅੰਗ- ੪੭੦}

ਹੇ ਨਾਨਕ! ਚੁਰਾਸੀ ਲੱਖ ਜੂਨਾਂ ਵਿਚੋਂ ਸ਼ਿਰੋਮਣੀ ਮਨੁੱਖਾ ਸਰੀਰ ਦਾ ਇਕ ਰਥ (carriage) ਹੈ ਤੇ ਇਕ ਰਥਵਾਹੀ (driver) ਹੈ ਭਾਵ, ਸਮੇਂ ਸਮੇਂ ਤੇ ਜੀਵ ਕਿਸੇ ਨ ਕਿਸੇ ਦਾ ਆਸਰਾ ਲੈ ਰਹੇ ਹਨ । ਪਰ ਜਿਉਂ ਜਿਉਂ ਸਮਾ ਗੁਜ਼ਰਦਾ ਜਾ ਰਿਹਾ ਹੈ, ਜੀਵਾਂ ਦੇ ਸੁਭਾਉ ਬਦਲ ਰਹੇ ਹਨ, ਜੀਵਨ ਦਾ ਮਨੋਰਥ ਭੀ ਬਦਲ ਰਿਹਾ ਹੈ; ਇੰਞ ਹਰੇਕ ਜੁਗ ਵਿਚ ਇਹ ਰਥ ਤੇ ਰਥਵਾਹੀ ਬਦਲਦੇ ਰਹਿੰਦੇ ਹਨ, ਇਸ ਭੇਦ ਨੂੰ ਸਿਆਣੇ ਮਨੁੱਖ ਸਮਝਦੇ ਹਨ। ਜੁਗਾਂ ਦਾ ਸੰਬੰਧ ਕੇਵਲ ਸਮੇਂ ਨਾਲ ਹੀ ਨਹੀਂ ਸਗੋਂ ਸਾਡੇ ਮਨ ਦੀ ਅਵਸਥਾ ਨਾਲ ਵੀ ਹੈ।

ਸਤਜੁਗ ਵਿਚ ਮਨੁੱਖਾ-ਸਰੀਰ ਦਾ ਰਥ 'ਸੰਤੋਖ' ਹੁੰਦਾ ਹੈ ਤੇ ਰਥਵਾਹੀ 'ਧਰਮ' ਭਾਵ, ਜਦੋਂ ਜੀਵਨ ਦਾ ਨਿਸ਼ਾਨਾ 'ਧਰਮ' ਹੋਵੇ, ਤਾਂ ਸਹਿਜੇ ਹੀ 'ਸੰਤੋਖ' ਰਥ ਹੁੰਦਾ ਹੈ, 'ਸੰਤੋਖੀ' ਸੁਭਾਉ ਬਣ ਜਾਂਦਾ ਹੈ। ਇਹ ਜੀਵ ਸਤਜੁਗ ਵਿਚ ਵੱਸ ਰਹੇ ਹਨ ।

ਤ੍ਰੇਤੇ ਜੁਗ ਵਿਚ ਮਨੁੱਖਾ-ਸਰੀਰ ਦਾ ਰਥ 'ਜਤੁ' ਹੈ ਤੇ ਅੱਗੇ ਰਥਵਾਹੀ 'ਜੋਰੁ' ਹੈ ਭਾਵ, ਜਦੋਂ ਜੀਵਨ ਦਾ ਨਿਸ਼ਾਨਾ 'ਸੂਰਮਤਾ' (Chivalry) ਹੋਵੇ, ਤਦੋਂ ਸੁਤੇ ਹੀ 'ਜਤੁ' ਉਹਨਾਂ ਦੀ ਸਵਾਰੀ ਹੁੰਦਾ ਹੈ । 'ਸੂਰਮਤਾ' ਦੇ ਪਿਆਰੇ ਮਨੁੱਖਾਂ ਦੇ ਅੰਦਰ 'ਜਤੀ' ਰਹਿਣ ਦਾ ਵਲਵਲਾ ਸਭ ਤੋਂ ਵਧੀਕ ਪਰਬਲ ਹੁੰਦਾ ਹੈ ।

ਦੁਆਪਰ ਜੁਗ ਵਿਚ ਮਨੁੱਖਾ-ਸਰੀਰ ਦਾ ਰਥ 'ਤਪੁ' ਹੈ ਤੇ ਅੱਗੇ ਰਥਵਾਹੀ 'ਸਤੁ' ਹੁੰਦਾ ਹੈ ਭਾਵ, ਜਦੋਂ ਨਿਸ਼ਾਨਾ ਉੱਚਾ ਆਚਰਨ ਹੋਵੇ, ਤਦੋਂ ਸੁਤੇ ਹੀ 'ਤਪ' ਉਹਨਾਂ ਦੀ ਸਵਾਰੀ ਹੁੰਦਾ ਹੈ । 'ਉੱਚੇ ਆਚਰਨ' ਦੇ ਆਸ਼ਕ ਆਪਣੇ ਸਰੀਰਕ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਬਚਾਉਣ ਲਈ ਕਈ ਤਰ੍ਹਾਂ ਦੇ ਤਪ, ਕਸ਼ਟ ਝੱਲਦੇ ਹਨ



ਕਲਜੁਗ ਵਿਚ ਮਨੁੱਖਾ-ਸਰੀਰ ਦਾ ਰਥ ਤ੍ਰਿਸ਼ਨਾ-ਅੱਗ ਹੈ ਤੇ ਰਥਵਾਹੀ 'ਕੂੜੁ' ਹੈ ਭਾਵ, ਜਦੋਂ ਨਿਸ਼ਾਨਾ 'ਕੂੜੁ', ਠੱਗੀ ਹੋਵੇ ਤਦੋਂ ਸੁਤੇ ਹੀ 'ਤ੍ਰਿਸ਼ਨਾ' ਰੂਪ ਅੱਗ ਉਹਨਾਂ ਦੀ ਸਵਾਰੀ ਹੁੰਦੀ ਹੈ। ਕੂੜ ਠੱਗੀ ਤੋਂ ਵਿਕੇ ਹੋਏ ਮਨੁੱਖਾਂ ਦੇ ਅੰਦਰ ਤ੍ਰਿਸ਼ਨਾ ਅੱਗ ਭੜਕਦੀ ਰਹਿੰਦੀ ਹੈ। ਇੰਞ ਇਕੋ ਹੀ ਮਨੁੱਖ ਜਦ ਧਰਮ ਨੂੰ ਜੀਵਨ ਨਿਸ਼ਾਨਾ ਬਣਾਂਦਾ ਹੈ ਤਾਂ ਉਹ ਸਤਿਯੁਗੀ ਹੁੰਦਾ ਹੈ ਤੇ ਜਦ ਕੂੜ ਨੂੰ ਜੀਵਨ ਆਦਰਸ਼ ਮਿਥ ਲੈਂਦਾ ਹੈ ਤਾਂ ਕਲਿਯੁਗੀ ਹੋ ਜਾਂਦਾ ਹੈ।

**ਮਃ ੧ ॥**

**ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥**
**ਸਭੁ ਕੋ ਸਚਿ ਸਮਾਵੈ ॥**
**ਰਿਗੁ ਕਹੈ ਰਹਿਆ ਭਰਪੂਰਿ ॥**
**ਰਾਮ ਨਾਮੁ ਦੇਵਾ ਮਹਿ ਸੂਰੁ ॥**
**ਨਾਇ ਲਇਐ ਪਰਾਛਤ* ਜਾਹਿ ॥** *ਪਾਪ
**ਨਾਨਕ ਤਉ ਮੋਖੰਤਰੁ ਪਾਹਿ ॥**

ਸਾਮ ਵੇਦ ਆਖਦਾ ਹੈ ਕਿ ਸਤਜੁਗ ਵਿਚ ਜਗਤ ਦੇ ਮਾਲਕ ਦਾ ਨਾਮ 'ਸੇਤੰਬਰੁ' ਪਰਸਿੱਧ ਸੀ (ਭਾਵ, ਤਦੋਂ ਰੱਬ ਨੂੰ 'ਸੇਤੰਬਰ' ਮੰਨ ਕੇ ਪੂਜਾ ਹੋ ਰਹੀ ਸੀ), ਜੋ ਸਦਾ 'ਸੱਚ' ਵਿਚ ਟਿਕਿਆ ਰਹਿੰਦਾ ਹੈ; ਤਦੋਂ ਹਰੇਕ ਜੀਵ 'ਸੱਚ' ਵਿਚ ਲੀਨ ਹੁੰਦਾ ਹੈ **('ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ')**; ਭਾਵ ਜਦੋਂ ਆਮ ਤੌਰ ਤੇ ਹਰੇਕ ਜੀਵ 'ਸੱਚ' ਵਿਚ, 'ਧਰਮੁ' ਵਿਚ ਦ੍ਰਿੜ੍ਹ ਸੀ, ਤਦੋਂ ਸਤਜੁਗ ਵਰਤ ਰਿਹਾ ਸੀ।

ਰਿਗਵੇਦ ਆਖਦਾ ਹੈ ਕਿ (ਤ੍ਰੇਤੇ ਜੁਗ ਵਿਚ) ਸ੍ਰੀ ਰਾਮ ਜੀ ਦਾ ਨਾਮ ਹੀ ਸਾਰੇ ਦੇਵਤਿਆਂ ਵਿਚ ਸੂਰਜ ਵਾਂਗ ਚਮਕਦਾ ਸੀ; ਉਹੀ ਸਭ ਥਾਈਂ ਵਿਆਪਕ ਸੀ। ਹੇ ਨਾਨਕ! ਰਿਗਵੇਦ ਅਨੁਸਾਰ ਸ੍ਰੀ ਰਾਮ ਜੀ ਦਾ ਨਾਮ ਲਿਆਂ ਹੀ ਪਾਪ ਦੂਰ ਹੋ ਜਾਂਦੇ ਹਨ ਅਤੇ ਜੀਵ ਤਦੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ ।

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨੑ ਕ੍ਰਿਸਨੁ ਜਾਦਮੁ ਭਇਆ ॥**
**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**
**ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥**

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥**
**ਚਾਰੇ ਵੇਦ ਹੋਏ ਸਚਿਆਰ ॥**
**ਪੜਹਿ ਗੁਣਹਿ ਤਿਨ੍ ਚਾਰ* ਵੀਚਾਰ** ॥** *ਸੁੰਦਰ **ਦਲੀਲ
**ਭਾਉ ਭਗਤਿ ਕਰਿ ਨੀਚੁ ਸਦਾਏ ॥**
**ਤਉ ਨਾਨਕ ਮੋਖੰਤਰੁ ਪਾਏ ॥੨॥** {ਅੰਗ- ੪੭੦}

ਯਜੁਰ ਵੇਦ (ਦੁਆਪਰ ਵਿਚ) ਜਗਤ ਦੇ ਮਾਲਕ ਦਾ ਨਾਮ ਸਾਂਵਲ 'ਜਾਦਮੁ' ਕ੍ਰਿਸ਼ਨ ਪਰਸਿੱਧ ਹੋ ਗਿਆ, ਜਿਸ ਨੇ ਜ਼ੋਰ ਨਾਲ ਚੰਦ੍ਰਾਵਲੀ ਨੂੰ ਛਲ ਲਿਆਂਦਾ ਜਿਸ ਨੇ ਆਪਣੀ ਗੋਪੀ (ਸਤਜਭਾਮਾ) ਦੀ ਖ਼ਾਤਰ ਪਾਰਜਾਤ ਰੁੱਖ (ਇੰਦਰ ਦੇ ਬਾਗ਼ ਵਿਚੋਂ) ਲੈ ਆਂਦਾ ਅਤੇ ਜਿਸ ਨੇ ਬਿੰਦ੍ਰਾਬਨ ਵਿਚ ਕੌਤਕ ਵਰਤਾਇਆ ।

ਕਲਜੁਗ ਵਿਚ ਅਥਰਬਣ ਵੇਦ ਪਰਧਾਨ ਹੋ ਗਿਆ, ਜਗਤ ਦੇ ਮਾਲਕ ਦਾ ਨਾਮ 'ਖੁਦਾਇ' ਤੇ 'ਅਲਹੁ' ਵੱਜਣ ਲੱਗ ਪਿਆ; ਤੁਰਕਾਂ ਤੇ ਪਠਾਣਾਂ ਦਾ ਰਾਜ ਹੋ ਗਿਆ ਜਿਨ੍ਹਾਂ ਨੇ ਨੀਲੇ ਰੰਗ ਦੇ ਬਸਤਰ, ਕੱਪੜੇ ਪਾਏ ਹੋਏ ਸਨ ।

ਚਾਰੇ ਵੇਦ ਸੱਚੇ ਹੋਏ ਹਨ ਭਾਵ, ਚੌਹਾਂ ਹੀ ਜੁਗਾਂ ਵਿਚ ਜਗਤ ਦੇ ਮਾਲਕ ਦਾ ਨਾਮ ਵਖੋ-ਵਖਰਾ ਰਿਹਾ ਹੈ। ਜੋ ਜੋ ਮਨੁੱਖ ਇਹਨਾਂ ਵੇਦਾਂ ਨੂੰ ਪੜ੍ਹਦੇ ਵਿਚਾਰਦੇ ਹਨ, ਉਹ ਚੰਗੀਆਂ ਦਲੀਲਾਂ ਵਾਲੇ ਬਣੇ ਹਨ। ਪਰ, ਹੇ ਨਾਨਕ! ਜਦੋਂ ਮਨੁੱਖ ਪ੍ਰੇਮ-ਭਗਤੀ ਕਰ ਕੇ ਆਪਣੇ ਆਪ ਨੂੰ ਨੀਵਾਂ ਅਖਵਾਂਦਾ ਹੈ, ਅਹੰਕਾਰ ਤੋਂ ਬਚਿਆ ਰਹਿੰਦਾ ਹੈ, ਤਦੋਂ ਉਹ ਮੁਕਤੀ ਪ੍ਰਾਪਤ ਕਰਦਾ ਹੈ।

**ਪਉੜੀ ॥**

**ਸਤਿਗੁਰ ਵਿਟਹੁ* ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥** *ਤੋਂ
**ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ**
**ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥**
**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**
**ਸਤਿਗੁਰੂ ਹੈ ਬੋਹਿਥਾ* ਵਿਰਲੈ ਕਿਨੈ ਵੀਚਾਰਿਆ ॥** *ਜਹਾਜ
**ਕਰਿ ਕਿਰਪਾ ਪਾਰਿ ਉਤਾਰਿਆ ॥੧੩॥** {ਅੰਗ- ੪੭੦}

ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ ਨੂੰ ਮਿਲਕੇ ਮੈਂ ਮਾਲਕ ਨੂੰ ਯਾਦ ਕਰਦਾ ਹਾਂ। ਜਿਸ ਨੇ ਆਪਣੀ ਸਿੱਖਿਆ ਦੇ ਕੇ ਮਾਨੋ ਗਿਆਨ ਦਾ ਸੁਰਮਾ ਦੇ ਦਿੱਤਾ ਹੈ, ਜਿਸ ਦੀ



ਬਰਕਤਿ ਕਰਕੇ ਮੈਂ ਇਹਨਾਂ ਅੱਖਾਂ ਨਾਲ ਜਗਤ ਦੀ ਅਸਲੀਅਤ ਨੂੰ ਵੇਖ ਲਿਆ ਹੈ। ਜੋ ਮਾਲਕ ਨੂੰ ਵਿਸਾਰ ਕੇ ਕਿਸੇ ਹੋਰ ਵਿਚ ਚਿੱਤ ਜੋੜ ਰਹੇ ਹਨ, ਉਹ ਇਸ ਸੰਸਾਰ ਸਾਗਰ ਵਿਚ ਡੁੱਬ ਗਏ ਹਨ । ਕਿਸੇ ਵਿਰਲੇ ਨੇ ਇਹ ਗੱਲ ਸਮਝੀ ਹੈ ਕਿ ਸਤਿਗੁਰੂ ਇੱਕ ਜਹਾਜ ਹੈ। ਮੇਰੇ ਸਤਿਗੁਰੂ ਨੇ ਮਿਹਰ ਕਰ ਕੇ ਮੈਨੂੰ ਇਸ ਸੰਸਾਰ-ਸਮੁੰਦਰ ਤੋਂ ਪਾਰ ਕਰ ਦਿੱਤਾ ਹੈ ।

(੧੪)

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**
**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥**
**ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥**
**ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥** (ਅੰਗ ੪੫੦)

ਹੇ ਭਾਈ! ਆਤਮਕ ਜੀਵਨ ਦੀ ਸੂਝ ਦੇਣ ਵਾਲਾ ਅਜਿਹਾ ਕੀਮਤੀ ਨਾਮ ਜਿਨ੍ਹਾਂ ਨੇ ਨਹੀਂ ਸਿਮਰਿਆ, ਉਹ ਜਗਤ ਵਿਚ ਕਾਹਦੇ ਲਈ ਆਏ? ਉਹਨਾਂ ਦਾ ਜਨਮ ਕਿਸੇ ਕੰਮ ਨਾਹ ਆਇਆ। ਇਹ ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਮਿਲਦਾ ਹੈ, ਨਾਮ ਸਿਮਰਨ ਤੋਂ ਬਿਨਾ ਸਾਰੇ ਦਾ ਸਾਰਾ ਵਿਅਰਥ ਚਲਾ ਜਾਂਦਾ ਹੈ। ਜੋ ਮਨੁੱਖਾ ਜਨਮ ਵਿਚ ਢੁਕਵੇਂ ਸਮੇਂ ਆਪਣੇ ਹਿਰਦੇ ਦੀ ਖੇਤੀ ਵਿਚ ਪਰਮਾਤਮਾ ਦਾ ਨਾਮ ਨਹੀਂ ਬੀਜਦਾ, ਉਹ ਪਰਲੋਕ ਵਿਚ ਕਿਹੜੀ ਖ਼ੁਰਾਕ ਵਰਤੇਗਾ ਜਦੋਂ ਨਾਮ-ਭੋਜਨ ਦੀ ਲੋੜ ਪਏਗੀ? ਹੇ ਨਾਨਕ! ਆਪਣੇ **ਮਨ** ਦੇ ਪਿੱਛੇ ਤੁਰਨ ਵਾਲਿਆਂ ਨੂੰ ਮੁੜ-ਮੁੜ ਜਨਮਾਂ ਦਾ ਚੱਕਰ ਮਿਲਦਾ ਹੈ, ਉਹਨਾਂ ਲਈ ਪਰਮਾਤਮਾ ਨੂੰ ਇਹੀ ਚੰਗਾ ਲੱਗਦਾ ਹੈ।

**ਸਲੋਕੁ ਮਃ ੧ ॥**

**ਸਿੰਮਲ ਰੁਖੁ ਸਰਾਇਰਾ*** *ਸਿੱਧਾ
**ਅਤਿ ਦੀਰਘ ਅਤਿ ਮੁਚੁ* ॥** *ਵੱਡਾ
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

ਸਿੰਮਲ ਦਾ ਰੁੱਖ ਸਿੱਧਾ, ਬਹੁਤ ਉਚਾ ਤੇ ਬਹੁਤ ਮੋਟਾ ਹੁੰਦਾ ਹੈ । ਪਰ ਉਹ ਪੰਛੀ ਜੋ ਫਲ ਖਾਣ ਦੀ ਆਸ ਰੱਖ ਕੇ ਇਸ ਉਤੇ ਆਂਦੇ ਹਨ, ਉਹ ਨਿਰਾਸ (disappointed) ਹੋ ਕੇ ਕਿਉਂ ਜਾਂਦੇ (depart) ਹਨ? ਅਸਲ ਵਿੱਚ ਇਸ ਰੁੱਖ ਦੇ ਫਲ ਫਿੱਕੇ (insipid) ਹੁੰਦੇ ਹਨ, ਤੇ ਫੁੱਲ ਬੇਸੁਆਦੇ (tasteless), ਪੱਤੇ ਭੀ ਕਿਸੇ ਕੰਮ ਨਹੀਂ ਆਉਂਦੇ । ਹੇ ਨਾਨਕ! ਨੀਵੇਂ ਰਹਿਣ ਵਿਚ ਮਿਠਾਸ ਹੈ, ਗੁਣ ਹਨ, ਨੀਵਾਂ ਰਹਿਣਾ ਹੀ ਸਾਰੇ ਗੁਣਾਂ ਦਾ ਸਾਰ (humbleness is the essence of all virtues) ਹੈ, ਭਾਵ, ਸਭ ਤੋਂ ਚੰਗਾ ਗੁਣ ਹੈ ।

**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥**
**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ* ਹੋਇ ॥** *ਭਾਰਾ
**ਅਪਰਾਧੀ ਦੂਣਾ ਨਿਵੈ ਜੋ ਹੰਤਾ* ਮਿਰਗਾਹਿ ॥** *ਮਾਰਨ ਵਾਲਾ
**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ* ਜਾਹਿ ॥੧॥** *ਖੋਟੇ

{ਅੰਗ- ੪੭੦}

ਜਗਤ ਵਿਚ ਹਰੇਕ ਜੀਵ ਆਪਣੇ ਸੁਆਰਥ ਲਈ ਝੁਕਦਾ ਹੈ, ਕਿਸੇ ਦੂਜੇ ਦੀ ਖ਼ਾਤਰ ਨਹੀਂ। ਜੇ ਤੱਕੜੀ ਉਤੇ ਧਰ ਕੇ ਤੋਲਿਆ ਜਾਏ ਭਾਵ, ਜੇ ਚੰਗੀ ਤਰ੍ਹਾਂ ਪਰਖ ਕੀਤੀ ਜਾਏ ਤਾਂ ਭੀ ਨੀਵਾਂ ਪੱਲੜਾ ਹੀ ਭਾਰਾ ਹੁੰਦਾ ਹੈ, ਭਾਵ ਜੋ ਝੁਕਦਾ ਹੈ ਉਹੀ ਵੱਡਾ ਮੰਨਿਆਂ ਜਾਂਦਾ ਹੈ । ਪਰ ਨਿਊਣ ਦਾ ਭਾਵ, **ਮਨ** ਕਰਕੇ ਨਿਊਣਾ ਹੈ, ਨਿਰਾ ਸਰੀਰ ਨਿਵਾਉਣਾ ਨਹੀਂ ਹੈ; ਜੇ ਸਰੀਰ ਦੇ ਨਿਵਾਉਣ ਨੂੰ ਨੀਵਾਂ ਰਹਿਣਾ ਕਹੀਏ ਤਾਂ ਸ਼ਿਕਾਰੀ ਜੋ ਮਿਰਗ ਮਾਰਦਾ ਫਿਰਦਾ ਹੈ, ਲਿਫ ਕੇ ਦੋਹਰਾ ਹੋ ਜਾਂਦਾ ਹੈ। ਪਰ ਜੇ ਨਿਰਾ ਸਿਰ ਹੀ ਨਿਵਾ ਦੇਈਏ ਪਰ ਅੰਦਰੋਂ ਖੋਟੇ ਰਹੀਏ ਤਾਂ ਇਸ ਝੁਕਣ ਦਾ ਕੋਈ ਲਾਭ ਨਹੀਂ। ।

**ਮਃ ੧ ॥**

**ਪੜਿ ਪੁਸਤਕ ਸੰਧਿਆ ਬਾਦੰ* ॥** *ਚਰਚਾ
**ਸਿਲ ਪੂਜਸਿ ਬਗੁਲ ਸਮਾਧੰ ॥**
**ਮੁਖਿ ਝੂਠ ਬਿਭੂਖਣ* ਸਾਰੰ** ॥** *ਗਹਿਣੇ **ਸੋਹਣੇ
**ਤ੍ਰੈਪਾਲ ਤਿਹਾਲ* ਬਿਚਾਰੰ ॥** *ਤਿੰਨ ਵਾਰੀ
**ਗਲਿ ਮਾਲਾ ਤਿਲਕੁ ਲਿਲਾਟੰ* ॥** *ਮੱਥੇ ਉਤੇ
**ਦੁਇ ਧੋਤੀ ਬਸਤ੍ਰ ਕਪਾਟੰ* ॥** *ਸਿਰ ਉਤੇ
**ਜੇ ਜਾਣਸਿ ਬ੍ਰਹਮੰ ਕਰਮੰ ॥**
**ਸਭਿ ਫੋਕਟ* ਨਿਸਚਉ ਕਰਮੰ ॥** *ਫੋਕੇ



**ਕਹੁ ਨਾਨਕ ਨਿਹਚਉ* ਧਿਆਵੈ ॥** *ਸ਼ਰਧਾ ਧਾਰ ਕੇ
**ਵਿਣੁ ਸਤਿਗੁਰ ਵਾਟ* ਨ ਪਾਵੈ ॥੨॥** (ਅੰਗ ੪੭੦) *ਰਸਤਾ

ਪੰਡਤ ਵੇਦ ਆਦਿਕ ਧਾਰਮਿਕ ਪੁਸਤਕਾਂ ਪੜ੍ਹ ਕੇ ਸੰਧਿਆ (twilight devotion) ਕਰਦਾ ਹੈ, ਚਰਚਾ ਛੇੜਦਾ ਹੈ, ਮੂਰਤੀ ਪੂਜਦਾ ਹੈ ਅਤੇ ਬਗਲੇ (crane) ਵਾਂਗ ਸਮਾਧੀ ਲਾਂਦਾ ਹੈ। ਮੁਖੋਂ ਝੂਠ ਬੋਲਦਾ ਹੈ; ਪਰ ਇਸ ਨੂੰ ਬੜੇ ਸੋਹਣੇ ਗਹਿਣਿਆਂ ਵਾਂਗ ਸਜਾ ਕੇ ਪੇਸ਼ ਕਰਦਾ ਹੈ। ਹਰ ਰੋਜ਼ ਤਿੰਨ ਵੇਲੇ ਗਾਯਤ੍ਰੀ ਮੰਤਰ ਨੂੰ ਵਿਚਾਰਦਾ ਹੈ। ਗਲ ਵਿਚ ਮਾਲਾ ਰੱਖਦਾ ਹੈ, ਤੇ ਮੱਥੇ ਉਤੇ ਤਿਲਕ (sacrificial mark on forehead) ਲਾਂਦਾ ਹੈ। ਸਦਾ ਦੋ ਧੋਤੀਆਂ ਪਾਸ ਰੱਖਦਾ ਹੈ ਤੇ ਸੰਧਿਆ ਕਰਨ ਵੇਲੇ ਸਿਰ ਉੱਤੇ ਇਕ ਵਸਤਰ ਧਰ ਲੈਂਦਾ ਹੈ ।

ਨਿਸਚਾ ਕਰ ਕੇ ਜਾਣ ਲਵੋ ਕਿ ਜੇ ਇਹ ਪੰਡਤ ਰੱਬ ਦੀ ਸਿਫ਼ਤਿ-ਸਾਲਾਹ ਦਾ ਕੰਮ ਜਾਣ ਲਵੇ, ਤਾਂ ਬਾਕੀ ਇਹ ਸਭ ਕੰਮ ਫੋਕੇ ਹਨ । ਆਖ, ਹੇ ਨਾਨਕ! ਸਰਧਾ ਧਾਰ (since devotion) ਕੇ ਰੱਬ ਨੂੰ ਸਿਮਰੋ। ਪਰ ਇਹ ਰਸਤਾ ਸਤਿਗੁਰੂ ਤੋਂ ਬਿਨਾ ਨਹੀਂ ਪਾ ਸਕਦੇ।

**ਪਉੜੀ ॥**

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥**
**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**
**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥**
**ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ* ਡਰਾਵਣਾ ॥** *ਬਹੁਤ
**ਕਰਿ ਅਉਗਣ ਪਛੋਤਾਵਣਾ ॥੧੪॥** {ਅੰਗ- ੪੭੦-੪੭੧}

ਇਹ ਸੋਹਣਾ ਸਰੀਰ ਤੇ ਰੂਪ (pleasing beauty) ਜੀਵਾਂ ਨੇ ਇਥੇ ਹੀ ਛੱਡ ਕੇ ਤੁਰ ਜਾਣਾ ਹੈ । ਹਰੇਕ ਨੇ ਕੀਤੇ ਹੋਏ ਚੰਗੇ ਤੇ ਮੰਦੇ ਕਰਮਾਂ ਦਾ ਫਲ ਆਪ ਭੋਗਣਾ ਹੈ। ਜਿਸ ਨੇ **ਮਨ**-ਮੰਨੇ ਹੁਕਮ ਚਲਾਏ, ਉਸ ਨੂੰ ਅੱਗੇ ਔਖੀਆਂ ਘਾਟੀਆਂ ਵਿਚੋਂ ਦੀ ਲੰਘਣਾ ਪਵੇਗਾ, ਕੀਤੀਆਂ ਵਧੀਕੀਆਂ ਦੇ ਬਦਲੇ ਕਸ਼ਟ ਸਹਿਣੇ ਪੈਣਗੇ । ਅਜਿਹੇ ਮਨੁੱਖ ਨੂੰ ਨੰਗਾ ਕਰਕੇ ਭਾਵ, ਉਸ ਦੇ ਕੀਤੇ ਹੋਏ ਪਾਪ ਕਰਮਾਂ ਦਾ ਵੇਰਵਾ ਸਭ ਦੇ ਸਾਮ੍ਹਣੇ ਰੱਖਿਆ ਜਾਂਦਾ ਹੈ ਤੇ ਨਰਕ ਵਿਚ ਧਕਿਆ ਜਾਂਦਾ ਹੈ, ਜਦੋਂ ਸਭ ਨੂੰ ਉਸਦੇ ਕੀਤੇ ਪਾਪਾਂ ਦਾ ਪਤਾ ਲੱਗਦਾ ਹੈ ਤਾਂ ਉਹ ਬੜਾ ਡਰਾਉਣਾ ਦਿਸਦਾ ਹੈ । ਭੈੜੇ ਕੰਮ ਕਰਕੇ ਅੰਤ ਪਛਤਾਉਣਾ ਹੀ ਪੈਂਦਾ ਹੈ (commit sins and repent) ।

(੧੫)

**ਤੂੰ ਹਰਿ ਤੇਰਾ ਸਭੁ ਕੋ    ਸਭਿ ਤੁਧੁ ਉਪਾਏ ਰਾਮ ਰਾਜੇ ॥**

**ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ    ਸਭਿ ਚਲਹਿ ਚਲਾਏ ॥**

**ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ    ਜੋ ਹਰਿ ਮਨਿ ਭਾਏ ॥**

**ਜਨ ਨਾਨਕ ਸਤਿਗੁਰੁ ਭੇਟਿਆ    ਹਰਿ ਨਾਮਿ ਤਰਾਏ ॥੩॥** (ਅੰਗ ੪੫●)

ਹੇ ਹਰੀ! ਤੂੰ ਸਭ ਜੀਵਾਂ ਦਾ ਮਾਲਕ ਹੈਂ, ਹਰੇਕ ਜੀਵ ਤੇਰਾ ਪੈਦਾ ਕੀਤਾ ਹੋਇਆ ਹੈ, ਸਾਰੇ ਜੀਵ ਤੂੰ ਹੀ ਪੈਦਾ ਕੀਤੇ ਹੋਏ ਹਨ। ਕਿਸੇ ਜੀਵ ਦੇ ਆਪਣੇ ਵੱਸ ਵਿਚ ਕੁਝ ਨਹੀਂ, ਜਿਵੇਂ ਤੂੰ ਤੋਰਦਾ ਹੈਂ ਤਿਵੇਂ ਸਾਰੇ ਜੀਵ ਤੁਰਦੇ ਹਨ । ਹੇ ਪਿਆਰੇ! ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮਿਲਾਂਦਾ ਹੈਂ, ਜੋ ਤੈਨੂੰ ਆਪਣੇ **ਮਨ** ਵਿਚ ਚੰਗੇ ਲੱਗਦੇ ਉਹ ਤੇਰੇ ਚਰਨਾਂ ਵਿਚ ਜੁੜੇ ਰਹਿੰਦੇ ਹਨ।

ਹੇ ਦਾਸ ਨਾਨਕ! ਜਿਨ੍ਹਾਂ ਨੂੰ ਗੁਰੂ ਮਿਲ ਪੈਂਦਾ ਹੈ, ਉਹਨਾਂ ਨੂੰ ਗੁਰੂ ਪਰਮਾਤਮਾ ਦੇ ਨਾਮ ਵਿਚ ਜੋੜ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

**ਸਲੋਕੁ ਮਃ ੧ ॥**

**ਦਇਆ ਕਪਾਹ    ਸੰਤੋਖੁ ਸੂਤੁ    ਜਤੁ ਗੰਢੀ    ਸਤੁ ਵਟੁ ॥**

**ਏਹੁ ਜਨੇਊ ਜੀਅ ਕਾ    ਹਈ ਤ ਪਾਡੇ ਘਤੁ ॥**

**ਨਾ ਏਹੁ ਤੁਟੈ    ਨ ਮਲੁ ਲਗੈ    ਨਾ ਏਹੁ ਜਲੈ    ਨ ਜਾਇ ॥**

**ਧੰਨੁ ਸੁ ਮਾਣਸ ਨਾਨਕਾ    ਜੋ ਗਲਿ ਚਲੇ ਪਾਇ ॥**

ਹੇ ਪੰਡਤ! ਜੇ ਤੇਰੇ ਪਾਸ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ ਮੇਰੇ ਗਲ ਪਾ ਦੇਹ—ਇਹ ਜਨੇਊ ਦੀ ਕਪਾਹ ਦਇਆ ਹੋਵੇ, ਸੂਤ ਸੰਤੋਖ (contentment) ਹੋਵੇ, ਗੰਢਾਂ ਜਤ ਹੋਣ ਅਤੇ ਇਸ ਦਾ ਵੱਟ ਉੱਚਾ ਆਚਰਨ ਹੋਵੇ । ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਹੀ ਇਸ ਨੂੰ ਮੈਲ (soiled) ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗੁਆਚਦਾ ਹੈ । ਹੇ ਨਾਨਕ! ਉਹ ਮਨੁੱਖ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲੇ ਵਿਚ ਪਾ ਲਿਆ ਹੈ ।

**ਚਉਕੜਿ ਮੁਲਿ ਅਣਾਇਆ*** *ਮੰਗਵਾਇਆ

**ਬਹਿ ਚਉਕੈ* ਪਾਇਆ ॥** *ਚਾਰ ਕੌਡੀਆਂ ਤੋਂ



**ਸਿਖਾ ਕੰਨਿ ਚੜਾਈਆ    ਗੁਰੁ ਬ੍ਰਾਹਮਣੁ ਥਿਆ ॥**

**ਓਹੁ ਮੁਆ    ਓਹੁ ਝੜਿ ਪਇਆ    ਵੇਤਗਾ ਗਇਆ ॥੧॥** {ਅੰਗ- ੪੭੧}

ਹੇ ਪੰਡਤ! ਇਹ ਜਨੇਊ ਜੋ ਤੂੰ ਪਾਂਦਾ ਫਿਰਦਾ ਹੈਂ, ਇਹ ਤਾਂ ਤੂੰ ਚਾਰ ਟਕੇ ਮੁੱਲ ਦੇ ਕੇ ਭਾਵ ਥੋੜੇ ਜਿਹੇ ਪੈਸਿਆਂ ਨਾਲ ਮੰਗਵਾ ਲਿਆ, ਆਪਣੇ ਜਜਮਾਨ ਦੇ ਚੌਂਕੇ ਵਿਚ ਬੈਠ ਕੇ ਉਸ ਦੇ ਗਲ ਪਾ ਦਿੱਤਾ। ਉਸ ਦੇ ਕੰਨ ਵਿਚ ਉਪਦੇਸ਼ ਦਿੱਤਾ ਕਿ ਅੱਜ ਤੋਂ ਤੇਰਾ ਗੁਰੂ ਬ੍ਰਾਹਮਣ ਹੋ ਗਿਆ । ਸਮਾਂ ਪੁੱਗਣ ਤੇ ਜਦੋਂ ਉਹ ਜਜਮਾਨ ਮਰ ਗਿਆ ਤਾਂ ਉਹ ਜਨੇਊ ਉਸ ਦੇ ਸਰੀਰ ਨਾਲ ਸੜ ਗਿਆ ਜਾਂ ਡਿੱਗ ਪਿਆ, ਪਰ ਆਤਮਾ ਦੇ ਨਾਲ ਨਾ ਨਿਭਿਆ, ਇਸ ਵਾਸਤੇ ਉਹ ਜਜਮਾਨ ਵਿਚਾਰਾ ਜਨੇਊ ਤੋਂ ਬਿਨਾ ਹੀ ਸੰਸਾਰ ਤੋਂ ਚਲਾ ਗਿਆ ।

**ਮਃ ੧ ॥**

**ਲਖ ਚੋਰੀਆ    ਲਖ ਜਾਰੀਆ    ਲਖ ਕੂੜੀਆ    ਲਖ ਗਾਲਿ ॥**

**ਲਖ ਠਗੀਆ ਪਹਿਨਾਮੀਆ*** *ਲੁਕ-ਛੁਪ ਕੇ ਕੀਤੇ ਪਾਪ

**ਰਾਤਿ ਦਿਨਸੁ ਜੀਅ ਨਾਲਿ ॥**

**ਤਗੁ ਕਪਾਹਹੁ ਕਤੀਐ    ਬਾਮ੍ਣੁ ਵਟੇ ਆਇ ॥**

**ਕੁਹਿ ਬਕਰਾ ਰਿੰਨਿ੍ ਖਾਇਆ    ਸਭੁ ਕੋ ਆਖੈ ਪਾਇ ॥**

**ਹੋਇ ਪੁਰਾਣਾ ਸੁਟੀਐ    ਭੀ ਫਿਰਿ ਪਾਈਐ ਹੋਰੁ ॥**

**ਨਾਨਕ ਤਗੁ ਨ ਤੁਟਈ    ਜੇ ਤਗਿ ਹੋਵੈ ਜੋਰੁ ॥੨॥** {ਅੰਗ- ੪੭੧}

ਜੀਵ ਲੱਖਾਂ ਚੋਰੀਆਂ ਤੇ ਯਾਰੀਆਂ, ਪਰ-ਇਸਤ੍ਰੀ ਗਮਨ (adulteries) ਕਰਦਾ ਹੈ; ਲੱਖਾਂ ਝੂਠ (falsehoods) ਬੋਲਦਾ ਹੈ ਤੇ ਗਾਲ੍ਹਾਂ ਕੱਢਦਾ ਹੈ । ਦਿਨ ਰਾਤ ਲੋਕਾਂ ਤੋਂ ਚੋਰੀ-ਚੋਰੀ ਲੱਖਾਂ ਠੱਗੀਆਂ ਤੇ ਲੁਕ ਛੁਪ ਕੇ ਪਾਪ ਕਰਦਾ ਹੈ ।

ਜੀਵ ਦੀ ਅਸਲੀਅਤ ਤਾਂ ਇਹ ਹੈ ਪਰ ਬਾਹਰੋਂ ਵਿਖਾਵੇ ਖਾਤਰ ਕਪਾਹ ਲਿਆ ਕੇ ਧਾਗਾ ਕੱਤਿਆ ਜਾਂਦਾ ਹੈ, ਬ੍ਰਾਹਮਣ ਜਜਮਾਨ ਦੇ ਘਰ ਆ ਕੇ ਧਾਗੇ ਨੂੰ ਵੱਟ ਦੇਂਦਾ ਹੈ । ਘਰ ਆਏ ਹੋਏ ਸਾਰੇ ਮਿਹਮਾਨਾਂ ਨੂੰ ਬੱਕਰਾ ਮਾਰ ਕੇ, ਰਿੰਨ੍ਹ ਕੇ ਖੁਆਇਆ ਜਾਂਦਾ ਹੈ; ਘਰ ਦਾ ਹਰੇਕ ਪ੍ਰਾਣੀ ਆਖਦਾ ਹੈ 'ਜਨੇਊ ਪੈ ਗਿਆ ... ਜਨੇਊ ਪੈ ਗਿਆ...। ਜਦੋਂ ਇਹ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਸੁੱਟ ਦਿੱਤਾ ਜਾਂਦਾ ਹੈ ਅਤੇ ਇਸ ਦੇ ਥਾਂ ਹੋਰ ਜਨੇਊ ਪਾ ਲਿਆ ਜਾਂਦਾ ਹੈ । ਹੇ ਨਾਨਕ! ਜੇ ਧਾਗੇ ਵਿਚ ਜੋਰ ਹੋਵੇ ਭਾਵ, ਜੇ ਆਤਮਾ ਨੂੰ ਬਲ ਦੇਣ ਵਾਲਾ ਕੋਈ ਜਨੇਊ ਹੋਵੇ ਤਾਂ ਅਜਿਹਾ ਧਾਗਾ ਨਹੀਂ ਟੁੱਟਦਾ ।

**ਮ: ੧ ॥**

**ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥**

**ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥** {ਅੰਗ- ੪੭੧}

ਕਪਾਹ ਦੇ ਜਨੇਊ ਨਾਲ ਨਹੀਂ ਸਗੋਂ ਰੱਬ ਦੀ ਦਰਗਾਹ ਵਿਚ ਤਦੋਂ ਹੀ ਆਦਰ ਮਿਲਦਾ ਹੈ ਜੇ ਰੱਬ ਦਾ ਨਾਮ ਹਿਰਦੇ ਵਿਚ ਦ੍ਰਿੜ (adore) ਕਰ ਲਈਏ, ਕਿਉਂਕਿ ਸਿਫ਼ਤਿ-ਸਾਲਾਹ ਹੀ ਸੱਚਾ ਜਨੇਊ ਹੈ। ਇਹ ਸੱਚਾ ਜਨੇਊ ਧਾਰਨ ਕੀਤਿਆਂ ਦਰਗਾਹ ਵਿਚ ਮਾਣ ਮਿਲਦਾ ਹੈ ਅਤੇ ਇਹ ਕਦੇ ਟੁੱਟਦਾ ਭੀ ਨਹੀਂ ।

**ਮ: ੧ ॥**

**ਤਗੁ ਨ ਇੰਦ੍ਰੀ ਤਗੁ ਨ ਨਾਰੀ ॥**

**ਭਲਕੇ ਥੁਕ ਪਵੈ ਨਿਤ ਦਾੜੀ ॥**

**ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥**

**ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥**

**ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥**

**ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥**

**ਮਨਿ ਅੰਧਾ ਨਾਉ ਸੁਜਾਣੁ ॥੪॥**

ਇੰਦਰੀਆਂ ਤੇ ਨਾੜੀਆਂ ਨੂੰ ਵਿਕਾਰਾਂ ਵਲੋਂ ਰੋਕਣ ਲਈ ਕੋਈ ਜਨੇਊ ਨਹੀਂ ਪਾਇਆ। ਇਸ ਵਾਸਤੇ ਨਿਤ ਹਰ ਰੋਜ਼ ਉਸ ਦੀ ਬੇਇੱਜ਼ਤੀ (beard is spat upon) ਹੁੰਦੀ ਹੈ। ਪੈਰਾਂ ਨੂੰ ਅਜਿਹਾ ਜਨੇਊ ਨਹੀਂ ਪਾਇਆ ਕਿ ਭੈੜੇ ਪਾਸੇ ਨਾ ਲੈ ਜਾਣ, ਹੱਥਾਂ ਨੂੰ ਜਨੇਊ ਨਹੀਂ ਪਾਇਆ ਕਿ ਉਹ ਮੰਦੇ ਕੰਮ ਨ ਕਰਨ। ਜੀਭ ਨੂੰ ਕੋਈ ਜਨੇਊ ਨਹੀਂ ਪਾਇਆ ਕਿ ਪਰਾਈ ਨਿੰਦਾ ਕਰਨ ਤੋਂ ਹਟੀ ਰਹੇ, ਅੱਖਾਂ ਨੂੰ ਐਸਾ ਜਨੇਊ ਨਹੀਂ ਪਾਇਆ ਕਿ ਪਰਾਈ ਇਸਤ੍ਰੀ ਵਲ ਨਾ ਤੱਕਣ । ਆਪ ਤਾਂ ਪੰਡਤ ਅਜਿਹੇ ਜਨੇਊ ਤੋਂ ਵਾਂਝਿਆ ਹੋਇਆ ਭਟਕਦਾ ਫਿਰਦਾ (wanders astray) ਹੈ, ਪਰ ਕਪਾਹ ਦੇ ਸੂਤ ਦੇ ਧਾਗੇ ਵੱਟ-ਵੱਟ ਕੇ ਹੋਰਨਾਂ ਨੂੰ ਪਾਂਦਾ ਹੈ। ਆਪਣੇ ਹੀ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਦੱਛਣਾ ਲੈ ਲੈ ਕੇ ਕਰਦਾ ਹੈ ਤੇ ਪੱਤ੍ਰੀ ਸੋਧ-ਸੋਧ ਕੇ ਉਹਨਾਂ ਨੂੰ ਰਸਤਾ ਦੱਸਦਾ ਹੈ । ਹੇ ਲੋਕੋ! ਸੁਣੋ, ਵੇਖੋ, ਇਹ ਅਚਰਜ ਤਮਾਸ਼ਾ! ਅਜਿਹਾ ਪੰਡਿਤ ਆਪ ਤਾਂ ਅੰਨ੍ਹਾ ਹੈ, ਅਗਿਆਨੀ ਹੈ, ਪਰ ਆਪਣਾ ਨਾਮ



'ਸਿਆਣਾ' (mentally blind is calling himself 'learned') ਰਖਵਾਇਆ ਹੋਇਆ ਹੈ।

**ਪਉੜੀ ॥**

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**

**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**

**ਤਾ ਦਰਗਹ ਪੈਧਾ* ਜਾਇਸੀ ॥੧੫॥** {ਅੰਗ- ੪੭੧}

*ਇਜ਼ਤ ਨਾਲ

ਜਿਸ ਸੇਵਕ ਉੱਤੇ ਮਾਲਕ ਦਇਆਲ (compassionate and merciful) ਹੋ ਜਾਏ, ਮਿਹਰ ਕਰੇ, ਤਾਂ ਉਸ ਪਾਸੋਂ ਓਹੀ ਕੰਮ ਕਰਾਂਦਾ ਹੈ ਜੋ ਉਸ ਨੂੰ ਭਾਉਂਦਾ ਹੈ। ਜਿਸ ਨੂੰ ਆਪਣੀ ਰਜ਼ਾ ਵਿਚ ਤੋਰਦਾ ਹੈ, ਉਹ ਸੇਵਕ ਪ੍ਰਭੂ-ਪਤੀ ਦੀ ਸੇਵਾ ਕਰਦਾ ਹੈ। ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਕਰਕੇ ਸੇਵਕ ਪ੍ਰਭੂ ਦੇ ਦਰ ਤੇ ਕਬੂਲ ਹੋ ਜਾਂਦਾ ਹੈ ਅਤੇ ਮਾਲਕ ਦਾ ਘਰ ਲੱਭ ਲੈਂਦਾ ਹੈ । ਜਦੋਂ ਸੇਵਕ ਓਹੀ ਕੰਮ ਕਰਦਾ ਹੈ ਜੋ ਖਸਮ ਨੂੰ ਚੰਗਾ ਲੱਗਦਾ ਹੈ ਤਾਂ ਉਸ ਨੂੰ **ਮਨ**-ਭਾਉਂਦਾ ਫਲ ਮਿਲਦਾ ਹੈ। ਉਹ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ (robe of honour) ਨਾਲ ਜਾਂਦਾ ਹੈ।

(੧੬)

**ਕੋਈ ਗਾਵੈ ਰਾਗੀ ਨਾਦੀ* ਬੇਦੀ ਬਹੁ ਭਾਤਿ ਕਰਿ**

**ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥**

**ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥**

**ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥**

**ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ**

**ਹਰਿ ਭਗਤਿ ਹਰਿ ਲੀਜੈ ॥੪॥** {ਅੰਗ- ੪੫੦}

*ਸਾਜ ਵਜਾ ਕੇ

ਹੇ ਭਾਈ! ਕੋਈ ਰਾਗ ਗਾ ਕੇ, ਕੋਈ ਸਾਜ ਵਜਾ ਕੇ, ਕੋਈ ਧਰਮ ਪੁਸਤਕਾਂ ਪੜ੍ਹ ਕੇ ਬੜੇ ਤਰੀਕਿਆਂ ਨਾਲ ਪਰਮਾਤਮਾ ਦੇ ਗੁਣ ਗਾਂਦਾ ਹੈ ਪਰ ਪਰਮਾਤਮਾ ਇਸ ਤਰ੍ਹਾਂ ਪ੍ਰਸੰਨ ਨਹੀਂ

ਹੁੰਦਾ। ਜਿਹਨਾਂ ਦੇ ਅੰਦਰ ਧੋਖਾ (fraud) ਹੈ, ਵਿਕਾਰ (evils) ਹਨ ਉਹ ਵਿਖਾਵੇ ਦਾ ਗਾ (false bewailings) ਕੇ, ਰੋ ਕੇ ਕੀ ਕਰ ਸਕਦੇ ਹਨ? ਪ੍ਰਭੂ ਕਰਨਹਾਰ ਸਭ ਗੱਲਾਂ ਜਾਣਦਾ ਹੈ, ਵਿਕਾਰਾਂ ਵਾਲੇ ਸਿਰ ਤੇ ਹੱਥ ਰੱਖ ਕੇ ਭਾਵ ਅੰਦਰਲੇ ਵਿਕਾਰਾਂ ਨੂੰ ਲੁਕਾਉਣ ਦਾ ਜਤਨ ਕੀਤਾ ਜਾਏ, ਤਾਂ ਭੀ ਪਰਮਾਤਮਾ ਪਾਸੋਂ ਲੁਕੇ ਨਹੀਂ ਰਹਿ ਸਕਦੇ। ਹੇ ਨਾਨਕ! ਗੁਰੂ ਦੀ ਸਰਨ ਪੈ ਕੇ ਜਿਨ੍ਹਾਂ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ, ਓਹੀ ਪਰਮਾਤਮਾ ਦੀ ਭਗਤੀ ਕਰਦੇ ਹਨ, ਓਹੀ ਹਰੀ ਦਾ ਨਾਮ ਲੈਂਦੇ ਹਨ।

**ਸਲੋਕੁ ਮਃ ੧ ॥**

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥**
**ਧੋਤੀ ਟਿਕਾ ਤੈ ਜਪਮਾਲੀ*** *ਮਾਲਾ
**ਧਾਨੁ* ਮਲੇਛਾਂ ਖਾਈ ॥** *ਪਦਾਰਥ, ਭੋਜਨ
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥**
**ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥** {ਅੰਗ- ੪੭੧}

ਹੇ ਭਾਈ! ਦਰਿਆ ਦੇ ਪੱਤਣ ਤੇ ਬੈਠ ਕੇ ਗਊ ਅਤੇ ਬ੍ਰਾਹਮਣ ਨੂੰ ਪਾਰ ਲੰਘਾਣ ਦਾ ਤੂੰ ਮਸੂਲ ਲੈਂਦਾ ਹੈਂ, ਤੂੰ ਕਦੇ ਇਹ ਨਹੀਂ ਸੋਚਦਾ ਕਿ ਉਸ ਗਊ ਦੇ ਗੋਹੇ ਨਾਲ ਪੋਚਾ ਫੇਰਿਆਂ, ਸੰਸਾਰ-ਸਮੁੰਦਰ ਤੋਂ ਤਰਿਆ ਨਹੀਂ ਜਾ ਸਕਦਾ । ਧੋਤੀ ਪਹਿਨਦਾ ਹੈਂ, ਮੱਥੇ ਉਤੇ ਟਿੱਕਾ ਲਾਂਦਾ ਹੈਂ ਅਤੇ ਮਾਲਾ ਫੇਰਦਾ ਹੈਂ, ਪਰ ਪਦਾਰਥ ਉਹਨਾਂ ਤੋਂ ਲੈ ਕੇ ਛਕਦਾ ਹੈਂ, ਜਿਨ੍ਹਾਂ ਨੂੰ ਤੂੰ ਮਲੇਛ ਆਖਦਾ ਹੈਂ । ਅੰਦਰ ਬੈਠ ਕੇ ਭਾਵ, ਤੁਰਕ ਹਾਕਮਾਂ ਤੋਂ ਚੋਰੀ-ਚੋਰੀ ਪੂਜਾ ਕਰਦਾ ਹੈਂ, ਬਾਹਰ ਮੁਸਲਮਾਨਾਂ ਨੂੰ ਵਿਖਾਉਣ ਵਾਸਤੇ ਕੁਰਾਨ ਆਦਿ ਪੜ੍ਹਦਾ ਹੈਂ, ਤੇ ਮੁਸਲਮਾਨਾਂ ਵਾਲੀ ਹੀ ਰਹਿਤ ਤੂੰ ਰੱਖੀ ਹੋਈ ਹੈ। ਇਹ ਪਾਖੰਡ ਤੂੰ ਛੱਡ ਦੇਹ । ਜੇ ਪ੍ਰਭੂ ਦਾ ਨਾਮ ਸਿਮਰੇਂਗਾ, ਤਾਂ ਹੀ ਸੰਸਾਰ-ਸਮੁੰਦਰ ਤੋਂ ਤਰੇਂਗਾ ।

**ਮਃ ੧ ॥**

**ਮਾਣਸ ਖਾਣੇ* ਕਰਹਿ ਨਿਵਾਜ ॥** *ਮਨੁੱਖਾਂ ਨੂੰ ਖਾਣ ਵਾਲੇ
**ਛੁਰੀ ਵਗਾਇਨਿ ਤਿਨ ਗਲਿ ਤਾਗ ॥**
**ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥**
**ਉਨ੍ਹਾ ਭਿ ਆਵਹਿ ਓਈ ਸਾਦ ॥**
**ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥**



**ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥**

ਹੈਨ ਤਾਂ ਰਿਸ਼ਵਤੀ ਤੇ ਭ੍ਰਿਸ਼ਟਾਚਾਰੀ ਪਰ ਪੜ੍ਹਦੇ ਹਨ ਨਮਾਜ਼ਾਂ । ਛੁਰੀ ਚਲਾਂਦੇ ਹਨ (commit atrocities), ਗ਼ਰੀਬਾਂ ਉੱਤੇ ਜ਼ੁਲਮ ਕਰਦੇ ਹਨ, ਪਰ ਗਲ ਵਿਚ ਜਨੇਊ ਹਨ । ਇਹਨਾਂ ਜ਼ਾਲਮਾਂ ਦੇ ਘਰ ਵਿਚ ਬ੍ਰਾਹਮਣ ਜਾ ਕੇ ਸੰਖ ਵਜਾਂਦੇ ਹਨ। ਤਾਂ ਤੇ ਉਨ੍ਹਾਂ ਬ੍ਰਾਹਮਣਾਂ ਨੂੰ ਭੀ ਉਹਨਾਂ ਹੀ ਪਦਾਰਥਾਂ ਦੇ ਸੁਆਦ ਆਉਂਦੇ ਹਨ ਭਾਵ, ਉਹ ਬ੍ਰਾਹਮਣ ਭੀ ਜ਼ੁਲਮ ਦੇ ਕਮਾਏ ਹੋਏ ਪਦਾਰਥ ਖਾਂਦੇ ਹਨ । ਇਹਨਾਂ ਲੋਕਾਂ ਦੀ ਇਹ ਝੂਠੀ ਪੂੰਜੀ (false capital) ਹੈ ਤੇ ਝੂਠਾ ਹੀ ਇਹਨਾਂ ਦਾ ਇਹ ਵਪਾਰ (trade dealing are false) ਹੈ । ਝੂਠ ਬੋਲ ਬੋਲ ਕੇ ਹੀ ਇਹ ਰੋਜ਼ੀ ਕਮਾਂਦੇ ਹਨ । ਹੁਣ ਸ਼ਰਮ ਤੇ ਧਰਮ ਦੀ ਸਭਾ ਉਠ ਗਈ ਹੈ ਭਾਵ, ਇਹ ਲੋਕ ਨਾ ਆਪਣੀ ਸ਼ਰਮ ਹਯਾ ਦਾ ਖ਼ਿਆਲ ਕਰਦੇ ਹਨ ਅਤੇ ਨਾ ਹੀ ਧਰਮ ਦੇ ਕੰਮ ਕਰਦੇ ਹਨ । ਹੇ ਨਾਨਕ! ਸਭ ਥਾਈਂ ਝੂਠ ਹੀ ਪਰਧਾਨ (falsehood prevails) ਹੋ ਰਿਹਾ ਹੈ ।

**ਮਥੈ ਟਿਕਾ ਤੇੜਿ ਧੋਤੀ ਕਖਾਈ* ॥** *ਗੇਰੂ ਰੰਗ ਵਾਲੀ
**ਹਥਿ ਛੁਰੀ ਜਗਤ ਕਾਸਾਈ ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥**
**ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥**
**ਅਭਾਖਿਆ* ਕਾ ਕੁਠਾ ਬਕਰਾ ਖਾਣਾ ॥** *ਓਪਰੀ ਬੋਲੀ
**ਚਉਕੇ ਉਪਰਿ ਕਿਸੈ ਨ ਜਾਣਾ ॥**
**ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥**
**ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥**
**ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥**
**ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ, ਸਚੁ ਪਾਈਐ ॥੨॥**

ਕਈ ਮੱਥੇ ਉੱਤੇ ਟਿੱਕਾ ਲਾਂਦੇ ਹਨ, ਲੱਕ ਦੁਆਲੇ ਗੇਰੂਏ ਰੰਗ ਦੀ ਧੋਤੀ ਬੰਨ੍ਹਦੇ ਹਨ ਪਰ ਹੱਥ ਵਿਚ, ਮਾਨੋ ਛੁਰੀ ਫੜੀ ਹੋਈ ਹੈ ਤੇ ਕਸਾਈ ਬਣੇ ਹੋਏ ਹਨ, ਜ਼ੁਲਮ ਕਰਦੇ ਹਨ। ਨੀਲੇ ਰੰਗ ਦੇ ਕੱਪੜੇ ਪਾ ਕੇ ਤੁਰਕ ਹਾਕਮਾਂ ਪਾਸ ਜਾਂਦੇ ਹਨ, ਉਹਨਾਂ ਪਾਸ ਪਰਵਾਣ ਹੋਣ ਦਾ ਜਤਨ ਕਰਦੇ ਹਨ। ਜਿਨ੍ਹਾਂ ਨੂੰ ਮਲੇਛ ਆਖਦੇ ਹਨ, ਉਹਨਾਂ ਹੀ ਪਾਸੋਂ ਰੋਜ਼ੀ ਲੈਂਦੇ ਹਨ, ਤੇ ਫੇਰ ਭੀ ਪੁਰਾਣ ਨੂੰ ਪੂਜਦੇ ਹਨ ਭਾਵ, ਫੇਰ ਭੀ ਇਹੀ ਸਮਝਦੇ ਹਨ ਕਿ ਅਸੀਂ ਪੁਰਾਣ ਦੇ ਅਨੁਸਾਰ ਤੁਰ ਰਹੇ ਹਾਂ । ਇੱਥੇ ਹੀ ਬੱਸ ਨਹੀਂ, ਖ਼ੁਰਾਕ ਇਹਨਾਂ ਦੀ ਉਹ ਬੱਕਰਾ ਹੈ, ਜੋ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਹੈ, ਭਾਵ ਜੋ ਮੁਸਲਮਾਨ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ ਹੈ, ਪਰ

ਆਖਦੇ ਹਨ ਕਿ ਸਾਡੇ ਚੌਂਕੇ ਉੱਤੇ ਕੋਈ ਹੋਰ ਮਨੁੱਖ ਨਾ ਆ ਚੜ੍ਹੇ । ਚੌਂਕਾ ਬਣਾ ਕੇ ਦੁਆਲੇ ਲਕੀਰਾਂ ਕੱਢਦੇ ਹਨ, ਪਰ ਇਸ ਚੌਂਕੇ ਵਿਚ ਉਹ ਮਨੁੱਖ ਆ ਬੈਠਦੇ ਹਨ ਜੋ ਆਪ ਝੂਠੇ ਹਨ । ਹੋਰਨਾਂ ਨੂੰ ਆਖਦੇ ਹਨ—ਸਾਡੇ ਚੌਂਕੇ ਦੇ ਨੇੜੇ ਨਾ ਆਉਣਾ, ਕਿਤੇ ਚੌਂਕਾ ਭਿੱਟਿਆ ਨਾ ਜਾਏ ਅਤੇ ਸਾਡਾ ਅੰਨ ਖ਼ਰਾਬ ਨਾ ਹੋ ਜਾਏ; ਪਰ ਆਪ ਇਹ ਲੋਕ ਅਪਵਿੱਤਰ ਸਰੀਰ ਨਾਲ ਮੰਦੇ ਕੰਮ ਕਰਦੇ ਹਨ। ਮਨ ਤਾਂ ਅੰਦਰੋਂ ਮਲੀਨ (unclean) ਹੈ ਪਰ ਚੁਲੀਆਂ (ablutions) ਕਰਦੇ ਹਨ।

ਹੇ ਨਾਨਕ! ਆਖ, ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ । ਤਾਂ ਹੀ ਸੁੱਚਤਾ ਜਾਂ ਪਵਿੱਤਰਤਾ ਹੋ ਸਕਦੀ ਹੈ ਜੇ ਸੱਚਾ ਪ੍ਰਭੂ ਮਿਲ ਪਏ ।

## ਪਉੜੀ ॥

**ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥**
**ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥**
**ਵਡਹੁ ਵਡਾ ਵਡ ਮੇਦਨੀ*** *ਸ੍ਰਿਸ਼ਟੀ
***ਸਿਰੇ ਸਿਰਿ ਧੰਧੈ ਲਾਇਦਾ ॥** *ਹਰੇਕ ਸਿਰ ਤੇ
**ਨਦਰਿ ਉਪਠੀ* ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥** *ਉਲਟੀ
**ਦਰਿ ਮੰਗਨਿ ਭਿਖ ਨ ਪਾਇਦਾ ॥੧੬॥** {ਅੰਗ- ੪੭੨}

ਪ੍ਰਭੂ ਹਰੇਕ ਜੀਵ ਨੂੰ ਆਪਣੇ ਧਿਆਨ ਵਿਚ ਰੱਖਦਾ ਹੈ, ਤੇ ਹਰੇਕ ਨੂੰ ਆਪਣੀ ਨਜ਼ਰ ਵਿਚ (under HIS glance) ਰੱਖ ਕੇ ਕਾਰੇ ਲਾਈ ਰੱਖਦਾ ਹੈ । ਆਪ ਹੀ ਜੀਆਂ ਨੂੰ ਵਡਿਆਈਆਂ ਬਖ਼ਸ਼ਦਾ ਹੈ ਤੇ ਆਪ ਹੀ ਉਹਨਾਂ ਨੂੰ ਕੰਮ ਵਿਚ ਲਾਂਦਾ ਹੈ । ਪ੍ਰਭੂ ਵੱਡਿਆਂ ਤੋਂ ਵੱਡਾ, ਸਭ ਤੋਂ ਵੱਡਾ ਹੈ, ਉਸ ਦੀ ਰਚੀ ਹੋਈ ਸ੍ਰਿਸ਼ਟੀ ਭੀ ਬੇਅੰਤ ਹੈ, ਹਰੇਕ ਜੀਵ ਨੂੰ ਪ੍ਰਭੂ ਥਾਉਂ ਥਾਈਂ ਧੰਧਿਆਂ ਵਿਚ ਜੋੜੀ ਰੱਖਦਾ ਹੈ । ਜੇ ਕਦੇ ਦੁਨੀਆਂ ਦੇ ਪਾਤਸ਼ਾਹਾਂ ਉੱਤੇ ਭੀ ਪੁੱਠੀ ਨਜ਼ਰ (a reverse glance) ਕਰੇ, ਤਾਂ ਬਾਦਸ਼ਾਹਾਂ ਨੂੰ ਘਾਹੀ (grass-cutter) ਬਣਾ ਦਿੰਦਾ ਹੈ, ਨਿਰਬਲ ਕਰ ਦਿੰਦਾ ਹੈ। ਜੇ ਉਹ ਲੋਕਾਂ ਦੇ ਦਰ ਤੇ ਜਾ ਕੇ ਮੰਗਦੇ ਹਨ, ਤਾਂ ਅਗੋਂ ਕੋਈ ਖ਼ੈਰ ਭੀ ਨਹੀਂ ਪਾਂਦਾ।



(੧੭)

## ਆਸਾ ਮਹਲਾ ੪ ॥

**ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ**
**ਤੇ ਜਨ ਸੁਘੜ* ਸਿਆਣੇ ਰਾਮ ਰਾਜੇ ॥** *ਸੁਚੱਜੇ
**ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ* ਹਰਿ ਭਾਣੇ ॥** *ਚੰਗੇ
**ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥**
**ਜਨ ਨਾਨਕ ਨਾਮੁ ਦੀਬਾਣੁ* ਹੈ ਹਰਿ ਤਾਣੁ ਸਤਾਣੇ ॥੧॥** (ਅੰਗ ੪੫●) *ਸਹਾਰਾ

ਹੇ ਭਾਈ ! ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਹੈ ਉਹ ਸੁਚੱਜੇ (well-bred) ਹਨ, ਸਿਆਣੇ (truly wise) ਹਨ । ਜੇ ਉਹ ਕਦੇ ਗ਼ਲਤੀ ਨਾਲ ਬਾਹਰ ਲੋਕਾਂ ਵਿਚ ਬੁਰਾ ਬੋਲ ਬੈਠਦੇ ਹਨ ਤਾਂ ਭੀ ਪਰਮਾਤਮਾ ਨੂੰ ਉਹ ਪਿਆਰੇ ਲੱਗਦੇ ਹਨ। ਪਰਮਾਤਮਾ ਦੇ ਸੰਤਾਂ ਨੂੰ ਹੋਰ ਕੋਈ ਆਸਰਾ ਨਹੀਂ ਹੁੰਦਾ, ਪਰਮਾਤਮਾ ਹੀ ਨਿਮਾਣਿਆਂ ਦਾ ਮਾਣ ਹੈ। ਹੇ ਨਾਨਕ ! ਸੇਵਕਾਂ ਵਾਸਤੇ ਪਰਮਾਤਮਾ ਦਾ ਨਾਮ ਹੀ ਸਹਾਰਾ ਹੈ, ਪਰਮਾਤਮਾ ਹੀ ਉਹਨਾਂ ਦਾ ਬਾਹੂ-ਬਲ ਹੈ ਜਿਸ ਦੇ ਆਸਰੇ ਉਹ ਵਿਕਾਰਾਂ ਦੇ ਟਾਕਰੇ ਤੇ ਤਕੜੇ ਰਹਿੰਦੇ ਹਨ ।

## ਸਲੋਕੁ ਮਃ ੧ ॥

**ਜੇ ਮੋਹਾਕਾ* ਘਰੁ ਮੁਹੈ** ਘਰੁ ਮੁਹਿ ਪਿਤਰੀ ਦੇਇ ॥** *ਠੱਗ, ਚੋਰ **ਘਰ ਠਗੇ
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**
**ਵਢੀਅਹਿ ਹਥ ਦਲਾਲ ਕੇ ਮੁਸਫੀ* ਏਹ ਕਰੇਇ ॥** *ਨਿਆਉਂ
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥** (ਅੰਗ ੪੭੨)

ਜੇ ਕੋਈ ਠੱਗ ਪਰਾਇਆ ਘਰ ਠੱਗੇ, ਪਰਾਏ ਘਰ ਨੂੰ ਠੱਗ ਕੇ ਉਹ ਪਦਾਰਥ ਆਪਣੇ ਪਿਤਰਾਂ (ancestors) ਦੇ ਨਮਿਤ ਦੇਵੇ। ਤਾਂ ਪਰਲੋਕ ਵਿਚ ਉਹ ਪਦਾਰਥ ਪਛਾਣਿਆ ਜਾਵੇਗਾ ਤੇ ਪਿਤਰਾਂ ਨੂੰ ਭੀ ਚੋਰ ਕਿਹਾ ਜਾਵੇਗਾ। ਪ੍ਰਭੂ ਇਹ ਨਿਆਂ ਕਰਦਾ ਹੈ ਕਿ ਇਹ ਚੋਰੀ ਦਾ ਮਾਲ ਭਿਜਵਾਉਣ ਵਾਲੇ ਬ੍ਰਾਹਮਣ ਦਲਾਲ (agent) ਦੇ ਹੱਥ ਵੱਢੇ ਜਾਂਦੇ ਹਨ ਭਾਵ ਸਜ਼ਾ ਮਿਲਦੀ ਹੈ। ਹੇ ਨਾਨਕ ! ਅੱਗੇ ਤਾਂ ਜੀਵ ਨੂੰ ਉਹੀ ਕੁਝ ਮਿਲਦਾ ਹੈ ਜੋ ਉਹ ਸੰਸਾਰ ਵਿੱਚ ਖੱਟਦਾ ਹੈ, ਕਮਾਂਦਾ ਹੈ ਤੇ ਹੱਥੀਂ ਦੇਂਦਾ ਹੈ।

ਮਃ ੧ ॥

**ਜਿਉ ਜੋਰੂ* ਸਿਰਨਾਵਣੀ**** *ਇਸਤ੍ਰੀ ** ਮਾਹਵਾਰੀ

**ਆਵੈ ਵਾਰੋ ਵਾਰ ॥**

**ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥**

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥**

**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥** {ਅੰਗ- ੪੭੨}

ਜਿਵੇਂ ਇਸਤ੍ਰੀ ਨੂੰ ਬਾਰ-ਬਾਰ ਹਰ ਮਹੀਨੇ ਨ੍ਹਾਉਣੀ (periods) ਆਉਂਦੀ ਹੈ। ਇਹ ਅਪਵਿੱਤ੍ਰਤਾ ਸਦਾ ਉਸ ਦੇ ਅੰਦਰੋਂ ਹੀ ਪੈਦਾ ਹੁੰਦੀ ਹੈ, ਤਿਵੇਂ ਝੂਠੇ ਮਨੁੱਖ ਦੇ ਮੂੰਹ ਵਿਚ ਸਦਾ ਝੂਠ ਹੀ ਰਹਿੰਦਾ ਹੈ ਤੇ ਇਸ ਕਰਕੇ ਉਹ ਸਦਾ ਦੁੱਖੀ (suffers misery) ਹੀ ਰਹਿੰਦਾ ਹੈ । ਅਜਿਹੇ ਮਨੁੱਖ ਸੁੱਚੇ ਨਹੀਂ ਆਖੇ ਜਾਣੇ ਚਾਹੀਦੇ ਜੋ ਕੇਵਲ ਸਰੀਰ ਨੂੰ ਹੀ ਧੋ ਕੇ ਆਪਣੇ ਵਲੋਂ ਪਵਿੱਤਰ ਬਣ ਜਾਣ। ਹੇ ਨਾਨਕ! ਕੇਵਲ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵੱਸਦਾ ਹੈ ।

ਪਉੜੀ ॥

***ਤੁਰੇ **ਪਲਾਣੇ ***ਪਉਣ ਵੇਗ** *ਘੋੜੇ **ਕਾਠੀਆਂ ***ਹਵਾ ਵਰਗੀ ਚਾਲ

**ਹਰ ਰੰਗੀ ਹਰਮ* ਸਵਾਰਿਆ ॥** *ਸੋਹਣੇ ਮਹਲ

**ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥**

**ਚੀਜ* ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥** *ਚੋਜ, ਤਮਾਸ਼ੇ

**ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥**

**ਜਰੁ* ਆਈ ਜੋਬਨਿ ਹਾਰਿਆ ॥੧੨॥** *ਬੁਢੇਪਾ

ਜਿਨ੍ਹਾਂ ਪਾਸ ਘੋੜੇ ਹੋਣ ਜੋ ਕਾਠੀਆਂ ਸਮੇਤ, ਤਿਆਰ-ਬਰ ਤਿਆਰ ਤੇ ਹਵਾ ਵਰਗੀ ਤਿੱਖੀ ਚਾਲ ਵਾਲੇ ਹੋਣ, ਜੋ ਆਪਣੇ ਸੋਹਣੇ ਮਹਲਾਂ ਨੂੰ ਕਈ ਰੰਗਾਂ ਨਾਲ ਸਜਾਂਦੇ ਹਨ; ਜੋ ਕੋਠੇ (mansions), ਮਹਲ (pavilions), ਹਵੇਲੀਆਂ (palaces) ਆਦਿਕ ਪਸਾਰੇ ਦੇ ਅਹੰਕਾਰੀ ਹੋਇ ਬੈਠੇ ਹਨ; ਜੋ **ਮਨ**-ਮੰਨੀਆਂ ਰੰਗ-ਰਲੀਆਂ ਮਾਣਦੇ ਹਨ, ਪਰ ਪ੍ਰਭੂ ਨੂੰ ਨਹੀਂ ਪਛਾਣਦੇ, ਉਹ ਆਪਣਾ ਜਨਮ ਹਾਰ ਬੈਠਦੇ ਹਨ । ਜੋ ਗ਼ਰੀਬਾਂ ਉੱਤੇ ਹੁਕਮ ਕਰ ਕੇ ਮੌਜਾਂ ਮਾਣਦੇ ਹਨ ਅਤੇ ਆਪਣੇ ਮਹਲਾਂ ਨੂੰ ਵੇਖ ਕੇ ਮੌਤ ਨੂੰ ਭੁਲਾ ਬੈਠਦੇ ਹਨ, ਉਹਨਾਂ ਮਸਤੇ ਹੋਏ ਮਨੁੱਖਾਂ ਨੂੰ ਬੇਖਬਰੀ ਵਿਚ ਹੀ ਬੁਢੇਪਾ ਆ ਦਬਾਂਦਾ ਹੈ ਅਤੇ ਜਵਾਨੀ ਹਾਰ ਜਾਂਦੀ ਹੈ, ਅਜਾਂਈ ਖੁਸ ਜਾਂਦੀ ਹੈ।



(੧੮)

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥**

**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥**

**ਗੁਰਸਿਖਾ ਕੀ ਘਾਲ ਥਾਇ* ਪਈ ਜਿਨ ਹਰਿ ਨਾਮੁ ਧਿਆਵਾ ॥** *ਮਿਹਨਤ

**ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥**

ਹੇ ਭਾਈ! ਜਿਸ ਥਾਂ ਤੇ ਪਿਆਰਾ ਗੁਰੂ ਜਾ ਬੈਠਦਾ ਹੈ, ਉਹ ਥਾਂ ਸੋਹਣਾ (holy) ਬਣ ਜਾਂਦਾ ਹੈ। ਗੁਰਸਿੱਖ ਉਸ ਥਾਂ (abode) ਨੂੰ ਲੱਭ ਲੈਂਦੇ ਹਨ, ਤੇ ਉਸ ਦੀ ਧੂੜ ਲੈ ਕੇ ਆਪਣੇ ਮੱਥੇ ਉਤੇ ਲਾ ਲੈਂਦੇ ਹਨ । ਜਿਹੜੇ ਗੁਰਸਿੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹਨਾਂ ਦੀ ਮਿਹਨਤ ਪਰਮਾਤਮਾ ਦੇ ਦਰ ਤੇ ਕਬੂਲ ਹੋ ਜਾਂਦੀ ਹੈ। ਨਾਨਕ ਆਖਦਾ ਹੈ, ਜੋ ਆਪਣੇ ਹਿਰਦੇ ਵਿਚ ਗੁਰੂ ਦਾ ਆਦਰ-ਸਤਿਕਾਰ ਕਰਦੇ ਹਨ, ਪਰਮਾਤਮਾ ਜਗਤ ਵਿਚ ਉਹਨਾਂ ਦਾ ਆਦਰ ਕਰਾਂਦਾ ਹੈ।

ਸਲੋਕੁ ਮਃ ੧ ॥

**ਜੇ ਕਰਿ ਸੂਤਕੁ* ਮੰਨੀਐ ਸਭ ਤੈ ਸੂਤਕੁ ਹੋਇ ॥** *ਅਪਵਿੱਤਰਤਾ

**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥**

**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥**{ਅੰਗ- ੪੭੨}

ਜੇ ਮੰਨ ਵੀ ਲਈਏ ਕਿ ਅਪਵਿੱਤਰਤਾ (impurity) ਦਾ ਭਰਮ ਰੱਖਣਾ ਚਾਹੀਦਾ ਹੈ, ਤਾਂ ਯਾਦ ਰਖੀਏ ਇੰਝ ਤਾਂ ਸੂਤਕ ਸਭ ਥਾਈਂ ਹੈ; ਗੋਹੇ (cow-dung) ਤੇ ਲਕੜੀ ਦੇ ਅੰਦਰ ਭੀ ਕੀੜੇ ਜੰਮਦੇ ਰਹਿੰਦੇ ਹਨ; ਅੰਨ ਦੇ ਜਿਤਨੇ ਭੀ ਦਾਣੇ ਹਨ, ਇਹਨਾਂ ਵਿਚੋਂ ਕੋਈ ਦਾਣਾ ਭੀ ਜੀਵ ਤੋਂ ਬਿਨਾ ਨਹੀਂ ਹੈ । ਪਾਣੀ ਆਪ ਭੀ ਜੀਵ ਹੈ, ਇਸ ਨਾਲ ਹੀ ਹਰੇਕ ਜੀਵ ਹਰਾ ਰਹਿੰਦਾ ਹੈ, ਜੀਉਂਦਾ ਰਹਿ ਸਕਦਾ ਹੈ। ਸੂਤਕ ਕਿਵੇਂ ਰੱਖਿਆ ਜਾ ਸਕਦਾ ਹੈ? ਕਿਉਂਕਿ ਇੰਝ ਤਾਂ ਹਰ ਵੇਲੇ ਹੀ ਰਸੋਈ ਵਿਚ ਸੂਤਕ ਪਿਆ ਰਹਿੰਦਾ ਹੈ । ਹੇ ਨਾਨਕ! ਇਸ ਤਰ੍ਹਾਂ ਭਰਮਾਂ ਵਿਚ ਪਿਆਂ ਸੂਤਕ **ਮਨ** ਤੋਂ ਨਹੀਂ ਉਤਰਦਾ, ਇਸ ਨੂੰ ਪ੍ਰਭੂ ਦਾ ਗਿਆਨ ਹੀ ਧੋ ਕੇ

ਲਾਹ ਸਕਦਾ ਹੈ ।

ਮਃ ੧ ॥

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥**
**ਅਖੀ ਸੂਤਕੁ ਵੇਖਣਾ ਪਰ ਤ੍ਰਿਅ* ਪਰ ਧਨ ਰੂਪੁ ॥** *ਪਰਾਈ ਇਸਤਰੀ
**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ* ਖਾਹਿ ॥** *ਚੁਗਲੀ
**ਨਾਨਕ *ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥** *ਹੰਸਾ ਵਰਗੇ ਆਦਮੀ

ਜੇ ਮੰਨ ਵੀ ਲਈਏ ਕਿ ਸੂਤਕ ਹੁੰਦਾ ਹੈ ਤਾਂ ਅਸਲ ਵਿੱਚ ਮਨ ਦਾ ਸੂਤਕ ਲੋਭ (greed) ਹੈ, ਜੀਭ ਦਾ ਸੂਤਕ ਝੂਠ ਬੋਲਣਾ (falsehood) ਹੈ, ਅੱਖਾਂ ਨੂੰ ਪਰਾਇਆ ਧਨ ਅਤੇ ਪਰਾਈਆਂ ਇਸਤਰੀਆਂ ਦਾ ਰੂਪ ਤੱਕਣ (gaze on another's women and her beauty) ਦਾ ਸੂਤਕ ਚੰਬੜਿਆ ਹੋਇਆ ਹੈ; ਕੰਨਾਂ ਵਿਚ ਭੀ ਸੂਤਕ ਹੈ ਕਿ ਇਹ ਬੇਫ਼ਿਕਰ ਹੋ ਕੇ ਚੁਗ਼ਲੀ (slander) ਸੁਣਦੇ ਹਨ। ਹੇ ਨਾਨਕ! ਇਹੋ ਜਿਹੇ ਮਨੁੱਖ ਵੇਖਣ ਨੂੰ ਭਾਵੇਂ ਹੰਸਾਂ (swans) ਵਰਗੇ ਸੋਹਣੇ ਹੋਣ ਤਾਂ ਭੀ ਉਹ ਬੱਧੇ ਹੋਏ (bound in chains) ਨਰਕ ਵਿਚ ਜਾਂਦੇ ਹਨ ।

ਮਃ ੧ ॥

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥**
**ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥**

ਸੱਚ ਤਾਂ ਇਹ ਹੈ ਕਿ ਸਭ ਤਰ੍ਹਾਂ ਦੇ ਸੂਤਕ ਨਿਰਾ ਭਰਮ (supersition) ਹੀ ਹਨ, ਇਹ ਮਾਇਆ ਵਿਚ ਫਸੇ ਜੀਵਾਂ ਨੂੰ ਹੀ ਲੱਗਦੇ ਹਨ। ਜੀਵਾਂ ਦਾ ਜੰਮਣਾ ਮਰਨਾ ਤਾਂ ਪ੍ਰਭੂ ਦਾ ਹੁਕਮ ਹੈ, ਪ੍ਰਭੂ ਦੀ ਰਜ਼ਾ ਵਿਚ ਹੀ ਜੀਵ ਜੰਮਦਾ ਤੇ ਮਰਦਾ ਹੈ । ਪਦਾਰਥਾਂ ਦਾ ਖਾਣਾ ਪੀਣਾ ਪਵਿੱਤਰ ਹੈ ਕਿਉਂਕਿ ਪ੍ਰਭੂ ਨੇ ਆਪ ਇਕੱਠਾ ਕਰ ਕੇ ਰਿਜ਼ਕ ਜੀਵਾਂ ਨੂੰ ਦਿੱਤਾ ਹੈ । ਹੇ ਨਾਨਕ! ਜਿਨ੍ਹਾਂ ਗੁਰਮੁਖਾਂ ਨੇ ਇਹ ਗੱਲ ਸਮਝ ਲਈ, ਉਹਨਾਂ ਨੂੰ ਸੂਤਕ ਦਾ ਕੋਈ ਭਰਮ ਨਹੀਂ।

**ਪਉੜੀ ॥**

**ਸਤਿਗੁਰੁ ਵਡਾ ਕਰਿ ਸਾਲਾਹੀਐ**
**ਜਿਸੁ ਵਿਚਿ ਵਡੀਆ ਵਡਿਆਈਆ ॥**



**ਸਹਿ ਮੇਲੇ ਤਾ ਨਦਰੀ ਆਈਆ ॥**
**ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥**
**ਕਰਿ ਹੁਕਮੁ ਮਸਤਕਿ ਹਥੁ ਧਰਿ**
**ਵਿਚਹੁ ਮਾਰਿ ਕਢੀਆ ਬੁਰਿਆਈਆ ॥**
**ਸਹਿ ਤੁਠੈ* ਨਉ ਨਿਧਿ ਪਾਈਆ ॥੧੮॥** {ਅੰਗ- ੪੭੩} *ਖੁਸ਼ ਹੋ ਜਾਵੇ

ਇਓਂ ਗੁਣ ਗਾਈਏ ਕਿ ਸਤਿਗੁਰੂ ਬਹੁਤ ਵੱਡਾ (magnify) ਹੈ, ਕਿਉਂਕਿ ਉਸ ਵਿਚ ਬਹੁਤ ਵੱਡੇ-ਵੱਡੇ ਗੁਣ ਹਨ। ਜਿਨ੍ਹਾਂ ਨੂੰ ਪ੍ਰਭੂ-ਪਤੀ ਨੇ ਗੁਰੂ ਨਾਲ ਮਿਲਾਇਆ ਹੈ, ਉਹਨਾਂ ਨੂੰ ਪ੍ਰਭੂ ਦੇ ਗੁਣ ਅੱਖੀਂ ਦਿੱਸਦੇ ਹਨ। ਜੇ ਪ੍ਰਭੂ ਨੂੰ ਭਾਵੇ ਤਾਂ ਉਹਨਾਂ ਦੇ **ਮਨ** ਵਿਚ ਭੀ ਇਹ ਗੁਣ (virtues) ਵੱਸ ਜਾਂਦੇ ਹਨ । ਪ੍ਰਭੂ ਆਪਣੇ ਹੁਕਮ ਅਨੁਸਾਰ ਉਹਨਾਂ ਮਨੁੱਖਾਂ ਦੇ ਮੱਥੇ ਤੇ ਹੱਥ ਰੱਖ ਕੇ ਉਹਨਾਂ ਦੇ **ਮਨ** ਵਿਚੋਂ ਬੁਰਿਆਈਆਂ (evil) ਮਾਰ ਕੇ ਕੱਢ ਦੇਂਦਾ ਹੈ । ਜੇ ਪਤੀ-ਪ੍ਰਭੂ ਪਰਸੰਨ ਹੋ ਪਏ, ਤਾਂ ਸਾਰੇ ਖ਼ਜ਼ਾਨੇ ਮਿਲ ਪੈਂਦੇ ਹਨ ।

(੧੯)

**ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥**
**ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥**
**ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥**
**ਜਨ ਨਾਨਕ ਹਰਿ ਪੁੰਨੁ ਬੀਜਿਆ**
**ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥** (ਅੰਗ ੪੫●-੫੧)

ਹੇ ਹਰੀ! ਗੁਰੂ ਦੇ ਸਿੱਖਾਂ ਦੇ **ਮਨ** ਵਿਚ ਤੇਰੀ ਪ੍ਰੀਤ ਬਣੀ ਰਹਿੰਦੀ ਹੈ, ਤੇਰੇ ਨਾਮ ਦਾ ਪਿਆਰ (cherish) ਟਿਕਿਆ ਰਹਿੰਦਾ ਹੈ, ਉਹ ਆਪਣੇ ਗੁਰੂ ਨੂੰ ਅਭੁੱਲ ਜਾਣ ਕੇ ਉਸ ਦੀ ਦੱਸੀ ਹੋਈ ਸੇਵਾ ਕਰਦੇ ਰਹਿੰਦੇ ਹਨ। ਉਹਨਾਂ ਦੇ **ਮਨ** ਵਿਚੋਂ ਮਾਇਆ ਦੀ ਭੁੱਖ ਦੂਰ ਹੋ ਜਾਂਦੀ ਹੈ, ਉਹਨਾਂ ਦੀ ਸੰਗਤਿ ਕਰ ਕੇ ਹੋਰ ਬਹੁਤ ਲੋਕ ਨਾਮ ਸਿਮਰਨ ਦੀ ਆਤਿਮਕ ਖ਼ੁਰਾਕ ਖਾਂਦੇ ਹਨ। ਹੇ ਦਾਸ ਨਾਨਕ! ਜੋ ਆਪਣੇ ਹਿਰਦੇ-ਖੇਤ ਵਿਚ ਹਰਿ-ਨਾਮ ਸਿਮਰਨ ਦਾ ਭਲਾ ਬੀਜ ਬੀਜਦੇ ਹਨ, ਉਹਨਾਂ ਦੇ ਅੰਦਰ ਇਸ ਭਲੇ ਕਰਮ ਦੀ ਕਦੇ ਕਮੀ (exhaust) ਨਹੀਂ ਹੁੰਦੀ।

### ਸਲੋਕੁ ਮਃ ੧ ॥

**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥**
**ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**
**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥**
**ਕੁਹਥੀ ਜਾਈ* ਸਟਿਆ ਕਿਸੁ ਏਹੁ ਲਗਾ ਦੋਖੁ ॥** *ਗੰਦੇ ਥਾਂ ਤੇ

ਬ੍ਰਾਹਮਣ ਸਭ ਤੋਂ ਪਹਿਲਾਂ ਨਹਾ ਧੋ ਕੇ, ਸੁੱਚਾ (purified) ਹੋ ਕੇ ਸੁੱਚੇ ਚੌਂਕੇ ਉੱਤੇ ਆ ਬੈਠਦਾ ਹੈ। ਉਸ ਦੇ ਅੱਗੇ ਜਜਮਾਨ ਭੋਜਨ ਲਿਆ ਰੱਖਦਾ ਹੈ ਜਿਸ ਨੂੰ ਅਜੇ ਕਿਸੇ ਨੇ ਭਿੱਟਿਆ ਨਹੀਂ ਸੀ । ਬ੍ਰਾਹਮਣ ਸੁੱਚਾ ਹੋ ਕੇ ਉਸ ਸੁੱਚੇ ਭੋਜਨ ਨੂੰ ਖਾਂਦਾ ਹੈ, ਤੇ ਖਾ ਕੇ ਸਲੋਕ ਪੜ੍ਹਨ ਲੱਗ (recite verses) ਪੈਂਦਾ ਹੈ। ਪਰ ਇਸ ਪਵਿੱਤਰ ਭੋਜਨ ਨੂੰ ਗੰਦੇ ਥਾਂ ਭਾਵ ਪੇਟ ਵਿਚ ਪਾ ਲੈਂਦਾ ਹੈ । ਇਸ ਦਾ ਦੋਸ਼ ਕਿਸ ਤੇ ਆਇਆ?

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ**
**ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥**
**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥**
**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**
**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥** {ਅੰਗ- ੪੭੩}

ਅੰਨ, ਪਾਣੀ, ਅੱਗ ਤੇ ਲੂਣ—ਚਾਰੇ ਹੀ ਦੇਵਤਾ ਹਨ, ਪਵਿੱਤਰ ਪਦਾਰਥ ਹਨ, ਪੰਜਵਾਂ ਘਿਉ ਭੀ ਪਵਿੱਤਰ ਹੈ, ਜੋ ਇਹਨਾਂ ਚੌਹਾਂ ਵਿਚ ਪਾਈਦਾ ਹੈ। ਇਹਨਾਂ ਪੰਜਾਂ ਨੂੰ ਰਲਾਇਆਂ ਬੜਾ ਪਵਿੱਤਰ ਭੋਜਨ ਤਿਆਰ ਹੁੰਦਾ ਹੈ । ਪਰ ਦੇਵਤਿਆਂ ਦੇ ਇਸ ਸਰੀਰ ਨੂੰ ਭਾਵ, ਇਸ ਪਵਿੱਤਰ ਭੋਜਨ ਨੂੰ ਪਾਪੀ ਮਨੁੱਖ (sinful) ਨਾਲ ਸੰਗਤ ਹੁੰਦੀ ਹੈ, ਜਿਸ ਕਰਕੇ ਉਸ ਉੱਤੇ ਥੁੱਕਾਂ ਪੈਂਦੀਆਂ ਹਨ ।

ਹੇ ਨਾਨਕ! ਇਸੇ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਮੂੰਹ ਨਾਲ ਮਨੁੱਖ ਨਾਮ ਨਹੀਂ ਸਿਮਰਦੇ, ਤੇ ਨਾਮ ਸਿਮਰਨ ਤੋਂ ਬਿਨਾ ਸੁਆਦਲੇ ਪਦਾਰਥ (delicacies) ਖਾਂਦੇ ਹਨ, ਉਸ ਮੂੰਹ ਉਤੇ ਭੀ ਫਿਟਕਾਰਾਂ ਪੈਂਦੀਆਂ ਹਨ ।

### ਮਃ ੧ ॥

**ਭੰਡਿ* ਜੰਮੀਐ ਭੰਡਿ ਨਿੰਮੀਐ**** *ਇਸਤ੍ਰੀ **ਪ੍ਰਾਣੀ ਦਾ ਸਰੀਰ ਬਣਦਾ ਹੈ



**ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ* ॥** *ਰਿਸ਼ਤੇਦਾਰੀ
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

ਜੀਵ ਇਸਤ੍ਰੀ ਤੋਂ ਜਨਮ ਲੈਂਦਾ ਹੈ, ਇਸਤ੍ਰੀ ਦੇ ਪੇਟ (womb) ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ, ਇਸਤ੍ਰੀ ਦੀ ਹੀ ਰਾਹੀਂ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤ੍ਰੀ ਦੀ ਰਾਹੀਂ ਹੋਰ ਲੋਕਾਂ ਨਾਲ ਸੰਬੰਧ ਬਣਦਾ ਹੈ, ਤੇ ਇਸਤ੍ਰੀ ਤੋਂ ਹੀ ਜਗਤ ਦੀ ਉਤਪੱਤੀ ਦਾ ਰਸਤਾ ਚੱਲਦਾ ਹੈ । ਜੇ ਇਸਤ੍ਰੀ ਮਰ ਜਾਏ ਤਾਂ ਹੋਰ ਇਸਤ੍ਰੀ ਦੀ ਭਾਲ ਕਰੀਦੀ ਹੈ, ਇਸਤ੍ਰੀ ਤੋਂ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ । ਜਿਸ ਇਸਤ੍ਰੀ ਜਾਤੀ ਤੋਂ ਰਾਜੇ ਭੀ ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ ।

**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**
**ਜਿਤੁ ਮੁਖਿ ਸਦਾ ਸਾਲਾਹੀਐ *ਭਾਗਾ ਰਤੀ ਚਾਰਿ ॥** *ਚੰਗੇ ਭਾਗਾਂ ਦੇ ਕਾਰਣ
**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥** {ਅੰਗ- ੪੭੩}

ਇਸਤ੍ਰੀ ਤੋਂ ਹੀ ਇਸਤ੍ਰੀ ਪੈਦਾ ਹੁੰਦੀ ਹੈ, ਜਗਤ ਵਿਚ ਕੋਈ ਜੀਵ ਇਸਤ੍ਰੀ ਤੋਂ ਬਿਨਾ ਪੈਦਾ ਨਹੀਂ ਹੋ ਸਕਦਾ । ਹੇ ਨਾਨਕ! ਕੇਵਲ ਇਕ ਸੱਚਾ ਪ੍ਰਭੂ ਹੀ ਹੈ, ਜੋ ਇਸਤ੍ਰੀ ਤੋਂ ਨਹੀਂ ਜੰਮਿਆ । ਪੁਰਖ ਜਾਂ ਇਸਤ੍ਰੀ, ਜੋ ਭੀ ਆਪਣੇ ਮੂੰਹ ਨਾਲ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹਦਾ ਮੱਥਾ ਭਾਗਾਂ ਵਾਲਾ (fortunate) ਹੈ । ਹੇ ਨਾਨਕ! ਉਹੀ ਮੁਖ ਉਸੇ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਹਣੇ ਲੱਗਦੇ ਹਨ ।

### ਪਉੜੀ ॥

**ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥**
**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ* ॥** *ਭੁਗਤਣਾ, ਸਹਿਣਾ
**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ* ਗਾਰਬਿ ਹੰਢੀਐ ॥** *ਕਿਉ
**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥**
**ਮੂਰਖੈ ਨਾਲਿ ਨ ਲੁਝੀਐ* ॥੧੯॥** {ਅੰਗ- ੪੭੩} *ਝਗੜੀਏ

ਹਰੇਕ ਜੀਵ ਨੂੰ ਮਮਤਾ ਲੱਗੀ ਹੋਈ ਹੈ; ਜਿਸ ਨੂੰ ਇਹ ਮਮਤਾ ਨਹੀਂ ਉਹ ਚੁਣ ਕੇ ਵੱਖਰਾ ਕਰ ਵਿਖਾਓ, ਭਾਵ ਕੋਈ ਵਿਰਲਾ ਹੀ ਅਜਿਹਾ ਹੈ। ਆਪੋ ਆਪਣੇ ਕੀਤੇ ਕਰਮਾਂ ਦਾ ਲੇਖਾ ਆਪ ਹੀ ਭਰਨਾ ਪੈਂਦਾ ਹੈ । ਜਦੋਂ ਇਸ ਜਗਤ ਵਿਚ ਸਦਾ ਰਹਿਣਾ ਹੀ ਨਹੀਂ, ਤਾਂ ਕਿਉਂ ਅਹੰਕਾਰ ਵਿਚ ਪੈ ਕੇ ਖਪੀਏ? ਕੇਵਲ ਇਹ ਅੱਖਰ ਭਾਵ, ਉਪਦੇਸ਼ ਪੜ੍ਹ ਕੇ ਸਮਝ ਲਈਏ ਕਿ ਕਿਸੇ ਨੂੰ ਮੰਦਾ ਨਹੀਂ ਆਖਣਾ ਚਾਹੀਦਾ। ਮੂਰਖ ਨਾਲ ਝਗੜਣਾ ਨਹੀਂ ਚਾਹੀਦਾ (never argue with a fool)।

❁ ❁

(੨●)

**ਗੁਰਸਿਖਾ ਮਨਿ ਵਾਧਾਈਆ**
**ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥**
**ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ**
**ਸੋ ਲਗੈ ਗੁਰਸਿਖਾ ਮਨਿ ਮਿਠਾ ॥**
**ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਾ ਮੇਰਾ ਸਤਿਗੁਰੁ ਤੁਠਾ ॥**
**ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥**

ਹੇ ਭਾਈ! ਜਿਨ੍ਹਾਂ ਗੁਰਸਿੱਖਾਂ ਨੇ ਪਿਆਰੇ ਗੁਰੂ ਦਾ ਦਰਸ਼ਨ ਕਰ ਲਿਆ, ਉਹਨਾਂ ਦੇ **ਮਨ** ਵਿਚ ਸਦਾ ਚੜ੍ਹਦੀ ਕਲਾ (supreme joy) ਬਣੀ ਰਹਿੰਦੀ ਹੈ। ਜੇ ਕੋਈ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਗੱਲ ਆ ਸੁਣਾਏ ਤਾਂ ਉਹ ਗੁਰਸਿੱਖਾਂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ। ਜਿਨ੍ਹਾਂ ਗੁਰਸਿੱਖਾਂ ਉਤੇ ਪਿਆਰਾ ਸਤਿਗੁਰੂ ਮਿਹਰਬਾਨ ਹੁੰਦਾ ਹੈ ਉਹਨਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਆਦਰ-ਮਾਣ (robed in God's court) ਮਿਲਦਾ ਹੈ । ਨਾਨਕ ਆਖਦਾ ਹੈ ਉਹ ਗੁਰਸਿੱਖ ਪਰਮਾਤਮਾ ਦਾ ਰੂਪ ਹੋ ਜਾਂਦੇ ਹਨ, ਪਰਮਾਤਮਾ ਉਹਨਾਂ ਦੇ **ਮਨ** ਵਿਚ ਸਦਾ ਵੱਸਿਆ ਰਹਿੰਦਾ ਹੈ।

**ਸਲੋਕੁ ਮਃ ੧ ॥**

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ* ॥** *ਸੋਭਾ, ਨਾਮਨਾ
**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥**



**ਫਿਕਾ ਮੂਰਖੁ ਆਖੀਐ ਪਾਣਾ* ਲਹੈ ਸਜਾਇ ॥੧॥**{ਅੰਗ- ੪੭੩} *ਜੁੱਤੀਆਂ

ਹੇ ਨਾਨਕ! ਜੋ ਰੁੱਖੇ ਬਚਨ ਬੋਲਦਾ ਹੈ, ਉਸ ਦੇ ਤਨ ਅਤੇ **ਮਨ** ਦੋਵੇਂ ਰੁੱਖੇ ਹੋ ਜਾਂਦੇ ਹਨ, ਅੰਦਰੋਂ ਪ੍ਰੇਮ ਉੱਡ ਜਾਂਦਾ ਹੈ। ਰੁੱਖਾ ਬੋਲਣ ਵਾਲਾ ਲੋਕਾਂ ਵਿਚ ਰੁੱਖਾ-ਰੁੱਖਾ ਕਰਕੇ ਹੀ ਮਸ਼ਹੂਰ ਹੋ ਜਾਂਦਾ ਹੈ ਅਤੇ ਲੋਕ ਭੀ ਉਸ ਨੂੰ ਰੁੱਖੇ ਬਚਨਾਂ ਨਾਲ ਹੀ ਯਾਦ ਕਰਦੇ ਹਨ। ਅਜਿਹਾ ਪ੍ਰੇਮ ਤੋਂ ਸੱਖਣਾ ਮਨੁੱਖ ਪ੍ਰਭੂ ਦੀ ਦਰਗਾਹ ਤੋਂ ਫਿਟਕਾਰਿਆ ਜਾਂਦਾ ਹੈ ਅਤੇ ਉਸ ਦੇ ਮੂੰਹ ਉੱਤੇ ਥੁੱਕਾਂ (spat upon) ਪੈਂਦੀਆਂ ਹਨ, ਫਿਟ-ਫਿਟ ਹੁੰਦੀ ਹੈ। ਪ੍ਰੇਮ-ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ, ਉਸ ਨੂੰ ਜੁੱਤੀਆਂ (shoe-beating) ਪੈਂਦੀਆਂ ਹਨ, ਹਰ ਥਾਂ ਬੇਇੱਜ਼ਤੀ ਹੁੰਦੀ ਹੈ ।

**ਮਃ ੧ ॥**

**ਅੰਦਰਹੁ ਝੂਠੇ ਪੈਜ* ਬਾਹਰਿ ਦੁਨੀਆ ਅੰਦਰਿ ਫੈਲੁ ॥** *ਪਾਜ, ਵਿਖਾਵਾ
**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥**
**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥**
**ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ ॥**

ਜੀਵ ਮਨੋਂ ਤਾਂ ਝੂਠੇ ਹਨ, ਪਰ ਬਾਹਰ ਝੂਠੀ ਇੱਜ਼ਤ ਬਣਾਕੇ ਜਗਤ ਵਿਚ ਵਿਖਾਵਾ ਬਣਾਈ ਰੱਖਦੇ ਹਨ। ਉਹ ਭਾਵੇਂ ਅਠਾਹਠ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ, ਉਹਨਾਂ ਦੇ ਮਨ ਦੀ ਕਪਟ ਦੀ ਮੈਲ ਕਦੇ ਨਹੀਂ ਉਤਰਦੀ ।

ਜਿਨ੍ਹਾਂ ਮਨੁੱਖਾਂ ਦੇ ਅੰਦਰ ਕੋਮਲਤਾ ਤੇ ਪ੍ਰੇਮ ਰੂਪ ਪੱਟ (slik) ਹੈ, ਰੇਸ਼ਮ ਹੈ ਪਰ ਬਾਹਰ ਰੁੱਖਾ-ਪਨ ਹੈ, ਗੁੱਦੜ (rags) ਹੈ, ਜਗਤ ਵਿਚ ਉਹ ਬੰਦੇ ਨੇਕ ਹਨ; ਉਹਨਾਂ ਦਾ ਰੱਬ ਨਾਲ ਨੇਹੁ ਲੱਗਾ ਹੋਇਆ ਹੈ ਤੇ ਉਹ ਰੱਬ ਦਾ ਦੀਦਾਰ ਕਰਨ ਦੇ ਵਿਚਾਰ ਵਿਚ ਹੀ ਸਦਾ ਜੁੜੇ ਰਹਿੰਦੇ ਹਨ ।

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ* ॥** *ਖਸਮ
**ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥**
**ਦੀਬਾਨੁ* ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥** *ਅਦਾਲਤ
**ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ੨॥** {ਅੰਗ- ੪੭੩}

ਉਹ ਮਨੁੱਖ ਪ੍ਰਭੂ ਦੇ ਪਿਆਰ ਵਿਚ ਰੱਤੇ ਹੋਏ ਕਦੇ ਹੱਸਦੇ ਹਨ, ਕਦੇ ਰੋਂਦੇ ਹਨ, ਕਦੇ

ਚੁੱਪ ਭੀ ਕਰ ਜਾਂਦੇ ਹਨ ਭਾਵ, ਪ੍ਰੇਮ ਵਿਚ ਹੀ ਮਸਤ ਰਹਿੰਦੇ ਹਨ। ਉਹਨਾਂ ਨੂੰ ਸੱਚੇ ਖਸਮ ਪ੍ਰਭੂ ਤੋਂ ਬਿਨਾ ਕਿਸੇ ਹੋਰ ਦੀ ਮੁਥਾਜੀ ਨਹੀਂ। ਜ਼ਿੰਦਗੀ-ਰੂਪ ਰਾਹੇ ਪਏ ਹੋਏ ਉਹ ਮਨੁੱਖ ਰੱਬ ਦੇ ਦਰ ਤੋਂ ਹੀ ਨਾਮ-ਰੂਪ ਖ਼ੁਰਾਕ ਮੰਗਦੇ ਹਨ, ਜਦੋਂ ਰੱਬ ਦੇਂਦਾ ਹੈ ਤਦੋਂ ਖਾਂਦੇ ਹਨ । ਹੇ ਨਾਨਕ! ਉਹਨਾਂ ਨੂੰ ਇਹ ਨਿਸ਼ਚਾ ਹੈ ਕਿ ਪ੍ਰਭੂ ਆਪ ਹੀ ਫ਼ੈਸਲਾ ਕਰਨ ਵਾਲਾ ਹੈ ਤੇ ਆਪ ਹੀ ਲੇਖਾ ਲਿਖਣ ਵਾਲਾ ਹੈ, ਸਾਰੇ ਚੰਗੇ ਮੰਦੇ ਜੀਵਾਂ ਦਾ ਮੇਲਾ ਉਸੇ ਦੇ ਦਰ ਤੇ ਹੁੰਦਾ ਹੈ; ਪ੍ਰਭੂ ਸਭ ਤੋਂ ਕੀਤੇ ਕਰਮਾਂ ਦਾ ਲੇਖਾ ਮੰਗਦਾ ਹੈ ਤੇ ਮੰਦੇ ਮਨੁੱਖਾਂ (wicked) ਨੂੰ ਇਉਂ ਪੀੜ ਸੁੱਟਦਾ ਹੈ ਜਿਵੇਂ ਤੇਲ ਭਾਵ, ਮੰਦੇ ਸੰਸਕਾਰ ਅੰਦਰੋਂ ਕੱਢਣ ਲਈ ਉਹਨਾਂ ਨੂੰ ਦੁੱਖਾਂ ਰੂਪ ਕੋਹਲੂ (oil press mill) ਵਿਚ ਪਾ ਕੇ ਪੀੜਦਾ ਹੈ ।

**ਪਉੜੀ ॥**

**ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥**
**ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥**
**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥**
**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥**
**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥**

{ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੪}

ਪ੍ਰਭੂ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ ਅਤੇ ਆਪ ਹੀ ਇਸ ਵਿਚ ਜਿੰਦ ਰੂਪ ਸੱਤਿਆ ਪਾਈ ਹੈ । ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਆਪਣੇ ਪੈਦਾ ਕੀਤੇ ਹੋਇਆਂ ਦੀ ਆਪ ਹੀ ਸੰਭਾਲ ਕਰ ਰਿਹਾ ਹੈ। ਜੋ ਵੀ ਜੰਮਿਆ ਹੈ ਉਸਨੇ ਮਰਨਾ ਹੀ ਹੈ, ਹਰੇਕ ਦੀ ਵਾਰੀ ਆਈ ਜਾਣੀ ਹੈ।

ਜਿਸ ਪ੍ਰਭੂ ਦੇ ਦਿੱਤੇ ਹੋਏ ਇਹ ਜਿੰਦ ਤੇ ਪ੍ਰਾਣ ਹਨ, ਉਸ ਨੂੰ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ । ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕੰਮ ਆਪ ਹੀ ਸੁਆਰਨਾ ਚਾਹੀਦਾ ਹੈ, ਹਰੀ ਦੇ ਸਿਮਰਨ ਨਾਲ ਸਮਾਂ ਸਫਲ ਕਰਨਾ ਚਾਹੀਦਾ ਹੈ



(੨੧)

**ਆਸਾ ਮਹਲਾ ੪ ॥**

**ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ**
**ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥**
**ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥**
**ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥**
**ਜਨ ਨਾਨਕ ਕਉ ਹਰਿ ਕ੍ਰਿਪਾ ਕਰਿ**
**ਨਿਤ ਜਪੈ ਹਰਿਨਾਮੁ ਹਰਿ ਨਾਮਿ ਤਰਾਵੈ ॥੧॥** (ਅੰਗ ੪੫੧)

ਹੇ ਭਾਈ! ਜਿਨ੍ਹਾਂ ਨੇ ਪਿਆਰੇ ਗੁਰੂ ਦਾ ਪੱਲਾ ਫੜ ਲਿਆ, ਗੁਰੂ ਉਹਨਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕਾਅ (enshrine) ਦੇਂਦਾ ਹੈ । ਜੋ ਪਰਮਾਤਮਾ ਦਾ ਨਾਮ ਸਿਮਰਦਾ ਹੈ ਉਸ ਦੀ ਮਾਇਆ ਵਾਲੀ ਭੁੱਖ-ਪਿਆਸ ਸਾਰੀ ਦੂਰ ਹੋ ਜਾਂਦੀ ਹੈ। ਜੋ ਸਦਾ ਪਰਮਾਤਮਾ ਦਾ ਨਾਮ ਸਿਮਰਦੇ ਹਨ, ਆਤਮਕ ਮੌਤ ਉਹਨਾਂ ਉੱਤੇ ਆਪਣਾ ਪ੍ਰਭਾਵ ਨਹੀਂ ਪਾ ਸਕਦੀ। ਹੇ ਦਾਸ ਨਾਨਕ! ਜਿਸ ਉਤੇ ਪਰਮਾਤਮਾ ਕਿਰਪਾ ਕਰਦਾ ਹੈ, ਉਹ ਸਦਾ ਉਸ ਦਾ ਨਾਮ ਜਪਦਾ ਹੈ, ਪਰਮਾਤਮਾ ਉਸ ਨੂੰ ਆਪਣੇ ਨਾਮ ਵਿਚ ਜੋੜ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ ।

**ਸਲੋਕੁ ਮਹਲਾ ੨ ॥**

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥**
**ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥**
**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥**
**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥** {ਅੰਗ- ੪੭੪}

ਇਹ ਕਿਵੇਂ ਦੀ ਆਸ਼ਕੀ (love) ਹੋਈ ਕਿ ਆਪਣੇ ਪਿਆਰੇ ਨੂੰ ਛੱਡ ਕਿ ਕਿਸੇ ਦੂਜੇ ਨਾਲ ਹੀ ਇਸ਼ਕ ਕੀਤਾ ਜਾਏ। ਹੇ ਨਾਨਕ! ਉਹੀ ਮਨੁੱਖ ਸੱਚਾ ਆਸ਼ਕ ਕਿਹਾ ਜਾ ਸਕਦਾ ਹੈ ਜੋ ਹਰ ਵੇਲੇ ਆਪਣੇ ਹੀ ਪ੍ਰੀਤਮ ਦੀ ਯਾਦ ਵਿਚ ਡੁੱਬਾ ਰਹੇ ।

ਆਪਣੇ ਪਿਆਰੇ ਵਲੋਂ ਹੋਏ ਕਿਸੇ ਚੰਗੇ ਕੰਮ ਨੂੰ ਤੱਕ ਕੇ ਆਖੇ ਕਿ ਇਹ ਚੰਗਾ ਕੰਮ ਹੈ, ਪਰ ਮਾੜੇ ਕੰਮ ਨੂੰ ਵੇਖ ਕੇ ਆਖੇ ਕਿ ਇਹ ਮਾੜਾ ਕੰਮ ਹੈ ਭਾਵ, ਸੁਖ ਸਮੇਂ ਅਨੰਦ ਵਿੱਚ ਰਹੇ, ਪਰ ਦੁੱਖ ਸਮੇਂ ਘਬਰਾ ਜਾਏ। ਉਹ ਮਨੁੱਖ ਭੀ, ਹੇ ਨਾਨਕ! ਸੱਚਾ ਆਸ਼ਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਲੇਖੇ ਗਿਣ-ਗਿਣ (calculations) ਕੇ ਪਿਆਰ ਦੀ ਸਾਂਝ

ਬਣਾਂਦਾ ਹੈ ।

ਮਹਲਾ ੨ ॥

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ* ਘੁਥਾ ਜਾਇ ॥** *ਸ਼ੁਰੂ ਤੋਂ ਹੀ, ਉਕਾ ਹੀ

**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥** {ਅੰਗ- ੪੭੪}

ਜੋ ਆਪਣੇ ਮਾਲਕ ਦੇ ਹੁਕਮ ਅੱਗੇ ਕਦੇ ਸਿਰ ਵੀ ਨਿਵਾਏ (salutation) ਤੇ ਨਾਲ ਹੀ ਕਦੇ ਇਤਰਾਜ਼ (disobey) ਵੀ ਕਰੇ, ਉਹ ਮਾਲਕ ਦੀ ਰਜ਼ਾ ਦੇ ਰਾਹ ਉੱਤੇ ਤੁਰਨ ਤੋਂ ਉੱਕਾ ਹੀ ਖੁੰਝਿਆ (astray) ਜਾ ਰਿਹਾ ਹੈ । ਹੇ ਨਾਨਕ! ਇਓਂ ਸਿਰ ਨਿਵਾਣਾ ਅਤੇ ਇਤਰਾਜ਼ ਕਰਨਾ—ਦੋਵੇਂ ਹੀ ਵਿਖਾਵਾ ਹਨ, ਇਹਨਾਂ ਦੋਹਾਂ ਵਿਚੋਂ ਕੋਈ ਗੱਲ ਭੀ ਮਾਲਕ ਦੇ ਦਰ ਤੇ ਕਬੂਲ ਨਹੀਂ ਹੁੰਦੀ ।

ਪਉੜੀ ॥

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮੑਾਲੀਐ ॥**

**ਜਿਤੁ ਕੀਤਾ ਪਾਈਐ ਆਪਣਾ**

**ਸਾ ਘਾਲ* ਬੁਰੀ ਕਿਉ ਘਾਲੀਐ ॥** *ਉਹ ਮਿਹਨਤ

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**

**ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥**

**ਕਿਛੁ ਲਾਹੇ ਉਪਰਿ ਘਾਲੀਐ ॥੨੧॥** {ਅੰਗ- ੪੭੪}

ਜਿਸ ਮਾਲਕ ਦਾ ਸਿਮਰਨ ਕੀਤਿਆਂ ਸੁਖ ਮਿਲਦਾ ਹੈ, ਉਸ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ । ਜਦੋਂ ਆਪਣੇ ਕੀਤੇ ਦਾ ਫਲ ਆਪ ਹੀ ਭੋਗਣਾ ਹੈ ਤਾਂ ਫੇਰ ਕੋਈ ਮਾੜੀ ਕਮਾਈ ਕਿਉਂ ਕਰੀਏ? ਮਾੜਾ ਕੰਮ ਭੁੱਲ ਕੇ ਭੀ ਨਾ ਕਰੀਏ, ਡੂੰਘੀ ਵਿਚਾਰ ਨਾਲ ਸੋਚੀਏ ਕਿ ਇਸ ਮਾੜੇ ਕੰਮ ਦਾ ਸਿੱਟਾ ਕੀਹ ਨਿਕਲੇਗਾ । ਕੋਈ ਇਹੋ ਜਿਹਾ ਉੱਦਮ ਕਰੀਏ, ਜਿਸ ਕਰਕੇ ਪ੍ਰਭੂ ਖਸਮ ਨਾਲੋਂ ਪ੍ਰੀਤ ਨਾ ਟੁੱਟੇ । ਮਨੁੱਖਾ-ਜਨਮ ਪਾ ਕੇ ਕੋਈ ਲਾਭ (profit) ਵਾਲੀ ਘਾਲ ਕਮਾਈ ਕਰਨੀ ਚਾਹੀਦੀ ਹੈ ।

❀ ❀



(੨੨)

**ਜਿਨੀ ਗੁਰਮੁਖਿ ਨਾਮੁ ਧਿਆਇਆ**

**ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥**

**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥**

**ਜਿਨੑੀ ਸਤਿਗੁਰੁ ਪਿਆਰਾ ਸੇਵਿਆ ਤਿਨੑਾ ਸੁਖੁ ਸਦ ਹੋਈ ॥**

**ਜਿਨੑਾ ਨਾਨਕੁ ਸਤਿਗੁਰੁ ਭੇਟਿਆ ਤਿਨੑਾ ਮਿਲਿਆ ਹਰਿ ਸੋਈ ॥੨॥**

ਹੇ ਭਾਈ! ਜੋ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹਨਾਂ ਦੇ ਜੀਵਨ-ਸਫ਼ਰ ਵਿਚ ਫਿਰ ਵਿਕਾਰਾਂ ਦੀ ਕੋਈ ਰੁਕਾਵਟ (hinderance) ਨਹੀਂ ਪੈਂਦੀ । ਜੋ ਆਪਣਾ ਜੀਵਨ ਸੁੱਚਾ ਬਣਾ ਕੇ ਸਮਰਥਾ ਵਾਲੇ ਗੁਰੂ ਨੂੰ ਪ੍ਰਸੰਨ ਕਰ ਲੈਂਦੇ ਹਨ, ਹਰੇਕ ਜੀਵ ਉਹਨਾਂ ਦਾ ਆਦਰ-ਸਤਿਕਾਰ ਕਰਦਾ ਹੈ । ਜੋ ਪਿਆਰੇ ਗੁਰੂ ਦੀ ਦੱਸੀ ਸੇਵਾ ਕਰਦੇ ਹਨ, ਗੁਰੂ ਦਾ ਆਸਰਾ ਲੈਂਦੇ ਹਨ, ਉਹਨਾਂ ਨੂੰ ਸਦਾ ਹੀ ਆਤਮਕ ਆਨੰਦ (perpetual peace and joy) ਬਣਿਆ ਰਹਿੰਦਾ ਹੈ। ਨਾਨਕ ਆਖਦਾ ਹੈ ਜੋ ਗੁਰੂ ਦਾ ਪੱਲਾ ਫੜਦੇ ਹਨ ਉਹਨਾਂ ਨੂੰ ਪਰਮਾਤਮਾ ਆਪ ਆ ਮਿਲਦਾ ਹੈ।

ਸਲੋਕੁ ਮਹਲਾ ੨ ॥

**ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ* ॥** *ਹੰਕਾਰ ਭਰਿਆ ਝਗੜਾ

**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥**

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥**

**ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥**

{ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੪}

ਜੇ ਕੋਈ ਨੌਕਰ ਮਾਲਕ ਦੀ ਨੌਕਰੀ ਭੀ ਕਰੇ, ਤੇ ਆਕੜ ਵੀ (proud and quarrelsome) ਮਾਰੇ। ਨਾਲ ਹੀ ਬਹੁਤੀਆਂ ਫੋਕੀਆਂ ਗੱਲਾਂ (boastful talk) ਭੀ ਕਰੀ ਜਾਏ ਤਾਂ ਉਹ ਨੌਕਰ ਮਾਲਕ ਦੀ ਖ਼ੁਸ਼ੀ ਹਾਸਲ ਨਹੀਂ ਕਰ ਸਕਦਾ ।

ਜੋ ਆਪਣਾ ਆਪ ਮਿਟਾ (effaces) ਕੇ ਮਾਲਕ ਦੀ ਸੇਵਾ ਕਰੇ ਤਾਂ ਹੀ ਉਸ ਨੂੰ ਮਾਲਕ ਦੇ ਦਰ ਤੋਂ ਕੁਝ ਆਦਰ ਮਿਲਦਾ ਹੈ। ਹੇ ਨਾਨਕ! ਉਹ ਮਨੁੱਖ ਆਪਣੇ ਉਸ ਮਾਲਕ ਨੂੰ ਮਿਲ ਪੈਂਦਾ ਹੈ ਜਿਸ ਦੀ ਸੇਵਾ ਵਿਚ ਲੱਗਾ ਹੋਇਆ ਹੈ । ਆਪਣਾ ਆਪ ਗੁਆ ਕੇ ਸੇਵਾ ਵਿਚ ਲੱਗਾ ਹੋਇਆ ਮਨੁੱਖ ਹੀ ਮਾਲਕ ਦੇ ਦਰ ਤੇ ਕਬੂਲ ਹੁੰਦਾ ਹੈ ।

ਮਹਲਾ ੨ ॥

**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥**

**ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥** {ਅੰਗ- ੪੭੪}

ਜੋ ਕੁਝ ਮਨੁੱਖ ਦੇ ਦਿਲ ਵਿਚ ਹੁੰਦਾ ਹੈ, ਉਹੀ ਪਰਗਟ ਹੁੰਦਾ ਹੈ, ਭਾਵ ਜਿਹੋ ਜਿਹੀ ਨੀਯਤ ਹੁੰਦੀ ਹੈ, ਤਿਹੋ ਜਿਹਾ ਫਲ ਮਿਲਦਾ ਹੈ, ਜੇ ਅੰਦਰ ਨੀਯਤ ਕੁਝ ਹੋਰ ਹੋਵੇ, ਤਾਂ ਉਸ ਦੇ ਉਲਟ ਮੂੰਹੋਂ ਆਖ ਦੇਣਾ (lip-worship) ਵਿਅਰਥ ਹੈ । ਇਹ ਕੈਸੀ ਅਚਰਜ ਗੱਲ ਹੈ ਕਿ ਮਨੁੱਖ ਬੀਜਦਾ ਤਾਂ ਜ਼ਹਿਰ ਹੈ ਪਰ ਫਲ ਮੰਗਦਾ ਹੈ ਅੰਮ੍ਰਿਤ ਦਾ।

ਮਹਲਾ ੨ ॥

**ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥**

**ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ* ॥** *ਨਿਰਣਾ ਕਰਕੇ

**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥**

**ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥**

**ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥** {ਅੰਗ- ੪੭੪}

ਅਨਜਾਣ ਨਾਲ ਲਾਈ ਹੋਈ ਮਿੱਤਰਤਾ ਕਦੇ ਸਿਰੇ ਨਹੀਂ ਚੜ੍ਹਦੀ, ਕਿਉਂਕਿ ਉਸ ਦਾ ਰਵੱਈਆ ਉਹੋ ਜਿਹਾ ਹੀ ਰਹਿੰਦਾ ਹੈ ਜਿਹੋ ਜਹੀ ਉਸ ਦੀ ਸਮਝ ਹੁੰਦੀ ਹੈ। ਕੋਈ ਨਿਰਣਾ ਕਰਕੇ ਵੇਖ ਲਵੇ, ਇਹ **ਮਨ** ਆਪਣੀ ਸਮਝ ਅਨੁਸਾਰ ਵਿਕਾਰਾਂ ਵਲ ਹੀ ਲਈ ਫਿਰਦਾ ਹੈ। ਕਿਸੇ ਇਕ ਭਾਂਡੇ (vessel) ਵਿਚ ਕੋਈ ਹੋਰ ਚੀਜ਼ ਤਾਂ ਹੀ ਪੈ ਸਕਦੀ ਹੈ, ਜੇ ਉਸ ਵਿਚੋਂ ਪਹਿਲੀ ਪਈ ਹੋਈ ਚੀਜ਼ ਕੱਢ ਲਈ ਜਾਏ ਭਾਵ ਇਸ **ਮਨ** ਨੂੰ ਪ੍ਰਭੂ ਵਲ ਜੋੜਨ ਲਈ ਇਹ ਜ਼ਰੂਰੀ ਹੈ ਕਿ ਇਸ ਵਿੱਚ ਪਹਿਲਾਂ ਪਏ ਹੋਏ ਰਸ- ਕਸ, ਨਿੰਦਾ-ਚੁਗਲੀ, ਆਸਾ-ਮਨਸਾ ਕੱਢ ਲਏ ਜਾਣ।

ਖਸਮ ਨੂੰ ਹੁਕਮ ਨਹੀਂ ਕੀਤਾ ਜਾ ਸਕਦਾ, ਉਸ ਦੇ ਅੱਗੇ ਤਾਂ ਬੇਨਤੀ ਹੀ ਕਰਨੀ ਬਣਦੀ ਹੈ। ਹੇ ਨਾਨਕ! ਧੋਖੇ (falsehood) ਦਾ ਕੰਮ ਕੀਤਿਆਂ ਧੋਖਾ ਹੀ ਮਿਲਦਾ ਹੈ, ਸਿਫ਼ਤਿ-ਸਾਲਾਹ ਕੀਤਿਆਂ ਹੀ **ਮਨ** ਖਿੜਾਉ ਵਿਚ ਆਉਂਦਾ ਹੈ ।

ਮਹਲਾ ੨ ॥

**ਨਾਲਿ ਇਆਣੇ ਦੋਸਤੀ ਵਡਾਰੂ* ਸਿਉ ਨੇਹੁ ॥** *ਵੱਡਾ



**ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥** {ਅੰਗ- ੪੭੪}

ਅਨਜਾਣ ਨਾਲ ਮਿੱਤਰਤਾ, ਜਾਂ ਆਪਣੇ ਨਾਲੋਂ ਵੱਡੇ ਅਮੀਰ ਤੇ ਸ਼ੇਖੀ ਮਾਰਨ ਵਾਲੇ ਨਾਲ ਪਿਆਰ—ਇਹ ਇਉਂ ਹਨ ਜਿਵੇਂ ਪਾਣੀ ਵਿਚ ਲੀਕ (line drawn on water) ਹੈ, ਉਸ ਲੀਕ ਦਾ ਕੋਈ ਨਿਸ਼ਾਨ (trace) ਨਹੀਂ ਰਹਿੰਦਾ ।

ਮਹਲਾ ੨ ॥

**ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥**

**ਜੇ ਇਕ ਅਧ ਚੰਗੀ ਕਰੇ**

**ਦੂਜੀ ਭੀ ਵੇਰਾਸਿ* ॥੫॥** {ਅੰਗ- ੪੭੪} *ਉਲਟ ਪੁਲਟ, ਖਰਾਬ

ਅਨਜਾਣ ਵੱਲੋਂ ਕੀਤਾ ਕੰਮ ਸਿਰੇ ਨਹੀਂ ਚੜ੍ਹ ਸਕਦਾ। ਜੇ ਕਦੇ ਕੋਈ ਮਾੜਾ-ਮੋਟਾ ਇਕ ਕੰਮ ਕਰ ਭੀ ਲਵੇ, ਤਾਂ ਭੀ ਦੂਜੇ ਕੰਮ ਨੂੰ ਵਿਗਾੜ (spoil) ਦਏਗਾ।

ਪਉੜੀ ॥

**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ* ॥** *ਖਸਮ ਦੀ ਮਰਜ਼ੀ ਨਾਲ

**ਹੁਰਮਤਿ* ਤਿਸ ਨੋ ਅਗਲੀ**** *ਇੱਜ਼ਤ **ਬਹੁਤੀ

**ਓਹੁ ਵਜਹੁ* ਭਿ ਦੂਣਾ ਖਾਇ ॥** *ਤਨਖਾਹ, ਵਜੀਫਾ

**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ* ਅੰਦਰਿ ਪਾਇ ॥** *ਸ਼ਰਮਿੰਦਗੀ

**ਵਜਹੁ ਗਵਾਏ ਅਗਲਾ ਮੁਹੇ ਮੁਹਿ* ਪਾਣਾ ਖਾਇ ॥** *ਮੂਹ ਤੇ, ਸਦਾ ਹੀ

**ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥**

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥**

{ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੪}

ਜੋ ਮਾਲਕ ਦੀ ਮਰਜ਼ੀ ਅਨੁਸਾਰ ਤੁਰੇ ਤਾਂ ਹੀ ਸਮਝੋ ਕਿ ਉਹ ਨੌਕਰੀ ਕਰ ਰਿਹਾ ਹੈ। ਉਸ ਨੂੰ ਬੜੀ ਇੱਜ਼ਤ ਮਿਲਦੀ ਹੈ ਅਤੇ ਤਨਖ਼ਾਹ (wages) ਭੀ ਦੁਗਣੀ ਲੈ ਲੈਂਦਾ ਹੈ ।

ਪਰ ਜੋ ਸੇਵਕ ਆਪਣੇ ਮਾਲਕ ਦੀ ਬਰਾਬਰੀ ਕਰਦਾ ਹੈ, ਉਹ **ਮਨ** ਵਿਚ ਸ਼ਰਮਿੰਦਗੀ ਹੀ ਉਠਾਂਦਾ ਹੈ, ਆਪਣੀ ਪਹਿਲੀ ਤਨਖ਼ਾਹ ਭੀ ਗਵਾ ਬੈਠਦਾ ਹੈ ਤੇ ਸਦਾ ਮੂੰਹ ਤੇ ਜੁੱਤੀਆਂ ਖਾਂਦਾ (shoe beating on face) ਹੈ ।

ਹੇ ਨਾਨਕ! ਜਿਸ ਮਾਲਕ ਦਾ ਦਿੱਤਾ ਖਾਈਏ, ਉਸ ਦੀ ਸਦਾ ਵਡਿਆਈ ਕਰਨੀ

ਚਾਹੀਦੀ ਹੈ; ਮਾਲਕ ਉੱਤੇ ਹੁਕਮ ਨਹੀਂ ਕੀਤਾ ਜਾ ਸਕਦਾ, ਉਸ ਦੇ ਅੱਗੇ ਅਰਜ਼ (request) ਕਰਨੀ ਹੀ ਫਬਦੀ ਹੈ ।

❈ ❈

(੨੩)

**ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ**

**ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥**

**ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥**

**ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥**

**ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥੩॥** (ਅੰਗ ੪੫੧)

ਹੇ ਭਾਈ! ਗੁਰੂ ਦੇ ਦੱਸੇ ਰਸਤੇ ਤੁਰ ਕੇ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦੀ ਪ੍ਰੀਤਿ ਪੈਦਾ ਹੋ ਜਾਂਦੀ ਹੈ, ਰੱਖਣ ਦੀ ਸਮਰਥਾ ਵਾਲਾ ਪਰਮਾਤਮਾ ਉਹਨਾਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਜਿਨ੍ਹਾਂ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਣ ਲੱਗ ਪੈਂਦਾ ਹੈ, ਕੋਈ ਮਨੁੱਖ ਉਹਨਾਂ ਦੀ ਨਿੰਦਾ (slander) ਨਹੀਂ ਕਰ ਸਕਦਾ ਕਿਉਂਕਿ ਕੋਈ ਨਿੰਦਣ-ਜੋਗ ਭੈੜ ਉਹਨਾਂ ਦੇ ਜੀਵਨ ਵਿਚ ਰਹਿ ਹੀ ਨਹੀਂ ਜਾਂਦਾ। ਸੋ ਜਿਨ੍ਹਾਂ ਦਾ **ਮਨ** ਪਰਮਾਤਮਾ ਨਾਲ ਗਿੱਝ (attached) ਜਾਂਦਾ ਹੈ, ਭੈੜੇ ਮਨੁੱਖ ਉਹਨਾਂ ਨੂੰ ਬਦਨਾਮ ਕਰਨ ਲਈ ਐਵੇਂ ਵਿਅਰਥ ਟੱਕਰਾਂ ਮਾਰਦੇ ਹਨ। ਹੇ ਦਾਸ ਨਾਨਕ! ਜੋ ਹਰਿ-ਨਾਮ ਸਿਮਰਦੇ ਹਨ, ਬਚਾਣ ਦੀ ਸਮਰਥਾ ਵਾਲਾ ਹਰੀ ਉਹਨਾਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ।

**ਸਲੋਕੁ ਮਹਲਾ ੨ ॥**

**ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥**

**ਨਾਨਕ ਸਾ ਕਰਮਾਤਿ*** *ਦਾਤਿ, ਬਖਸ਼ਿਸ

**ਸਾਹਿਬ ਤੁਠੈ ਜੋ ਮਿਲੈ ॥੧॥** {ਅੰਗ- ੪੭੫}

ਜੇ ਆਖੀਏ ਕਿ ਮੈਂ ਆਪਣੇ ਉੱਦਮ ਨਾਲ ਇਹ ਚੀਜ਼ ਲਈ ਹੈ, ਤਾਂ ਇਹ ਮਾਲਕ ਵਲੋਂ ਬਖ਼ਸ਼ਿਸ਼ ਨਹੀਂ ਅਖਵਾ ਸਕਦੀ । ਹੇ ਨਾਨਕ! ਬਖ਼ਸ਼ਿਸ਼ ਉਹੀ ਹੈ ਜੋ ਮਾਲਕ ਤੋਂ ਖੁਸ਼ੀ ਨਾਲ ਮਿਲੇ ।



**ਮਹਲਾ ੨ ॥**

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥**

**ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥** {ਅੰਗ- ੪੭੫}

ਜਿਸ ਸੇਵਾ ਦੇ ਕਰਨ ਨਾਲ ਸੇਵਕ ਦੇ ਦਿਲ ਵਿਚੋਂ ਆਪਣੇ ਮਾਲਕ ਦਾ ਖ਼ੌਫ ਦੂਰ ਨਾ ਹੋਵੇ, ਉਹ ਸੇਵਾ ਅਸਲੀ ਸੇਵਾ ਨਹੀਂ । ਹੇ ਨਾਨਕ! ਸੱਚਾ ਸੇਵਕ ਉਹੀ ਅਖਵਾਂਦਾ ਹੈ ਜੋ ਆਪਣੇ ਮਾਲਕ ਦੇ ਨਾਲ ਇਕ-ਰੂਪ (absorbed in God's love) ਰਹਿੰਦਾ ਹੈ ਭਾਵ ਡਰ ਵਿੱਚ ਕੀਤੀ ਸੇਵਾ ਨਾਲੋਂ, ਪਿਆਰ ਤੇ ਭਾਉ ਵਿੱਚ ਭਿੱਜ ਕੇ ਕੀਤੀ ਸੇਵਾ ਹੀ ਪ੍ਰਵਾਨ ਚੜਦੀ ਹੈ।

**ਪਉੜੀ ॥**

**ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥**

**ਆਪਿ ਕਰਾਏ ਸਾਖਤੀ* ਫਿਰਿ ਆਪਿ ਕਰਾਏ ਮਾਰ ॥** *ਪੈਦਾਇਸ਼

**ਇਕਨ੍ਾ ਗਲੀ ਜੰਜੀਰੀਆ**

**ਇਕਿ ਤੁਰੀ* ਚੜਹਿ ਬਿਸੀਆਰ** ॥** *ਘੋੜਿਆਂ ਤੇ **ਬਹੁਤ ਸਾਰੇ

**ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥**

**ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥**

ਹੇ ਨਾਨਕ! ਉਸ ਪ੍ਰਭੂ ਦੇ ਪਾਰਲੇ ਉਰਾਰਲੇ ਬੰਨਿਆਂ ਦੇ ਅੰਤ ਨਹੀਂ ਪੈ ਸਕਦੇ। ਉਹ ਆਪ ਹੀ ਜੀਵਾਂ ਦੀ ਪੈਦਾਇਸ਼ ਕਰਦਾ ਹੈ ਤੇ ਆਪ ਹੀ ਉਨ੍ਹਾਂ ਨੂੰ ਮਾਰ ਦੇਂਦਾ ਹੈ। ਕਈ ਜੀਵਾਂ ਦੇ ਗਲ ਵਿਚ ਜ਼ੰਜੀਰਾਂ ਹਨ, ਗ਼ੁਲਾਮੀ ਦੇ ਕਸ਼ਟ ਹਨ, ਪਰ ਦੂਜੇ ਪਾਸੇ ਅਨੇਕਾਂ ਜੀਵ ਘੋੜਿਆਂ ਤੇ ਚੜ੍ਹੇ ਹਨ, ਮਾਇਆ ਦੀਆਂ ਮੌਜਾਂ ਲੈ ਰਹੇ ਹਨ । ਇਹ ਸਾਰੇ ਖੇਡ ਤਮਾਸ਼ੇ ਉਹ ਪ੍ਰਭੂ ਆਪ ਹੀ ਕਰ ਰਿਹਾ ਹੈ, ਉਸ ਤੋਂ ਬਿਨਾ ਹੋਰ ਕੋਈ ਦੂਜਾ ਨਹੀਂ ਹੈ ਮੈਂ ਕਿਸ ਦੇ ਅੱਗੇ ਇਸ ਦੀ ਫ਼ਰਿਆਦ ਕਰਾਂ? ਹੇ ਨਾਨਕ! ਜਿਸ ਕਰਤਾਰ ਨੇ ਸ੍ਰਿਸ਼ਟੀ ਰਚੀ ਹੈ, ਉਹੀ ਇਸ ਦੀ ਸੰਭਾਲ ਕਰ ਰਿਹਾ ਹੈ ।

❈ ❈

(੨੪)

**ਹਰਿ ਜੁਗੁ ਜੁਗੁ ਭਗਤ ਉਪਾਇਆ**

**ਪੈਜ ਰਖਦਾ ਆਇਆ ਰਾਮ ਰਾਜੇ ॥**

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥**
**ਜਨ ਨਾਨਕ ਐਸਾ ਹਰਿ ਸੇਵਿਆ**
**ਅੰਤਿ ਲਏ ਛਡਾਇਆ ॥੪॥** {ਅੰਗ- ੪੫੧}

ਪਰਮਾਤਮਾ ਹਰੇਕ ਜੁਗ (every age) ਵਿਚ ਹੀ ਭਗਤ ਪੈਦਾ ਕਰਦਾ ਹੈ, ਤੇ ਉਹਨਾਂ ਦੀ ਇੱਜ਼ਤ ਰੱਖਦਾ ਆ ਰਿਹਾ ਹੈ। ਪ੍ਰਹਿਲਾਦ ਦੇ ਜ਼ਾਲਮ ਪਿਤਾ ਦੁਸ਼ਟ (wicked) ਹਰਣਾਖਸ ਨੂੰ ਪਰਮਾਤਮਾ ਨੇ ਮਾਰ ਦਿੱਤਾ ਤੇ ਆਪਣੇ ਭਗਤ ਪ੍ਰਹਿਲਾਦ ਨੂੰ ਸਹੀ ਸਲਾਮਤਿ ਬਚਾ ਲਿਆ। ਮੰਦਰ ਵਿਚੋਂ ਧੱਕੇ ਦੇਣ ਵਾਲੇ ਨਿੰਦਕਾਂ ਤੇ ਜਾਤਿ-ਅਭਿਮਾਨੀਆਂ ਨੂੰ ਪਰਮਾਤਮਾ ਨੇ ਪਿੱਠ ਦੇ ਕੇ ਨਾਮਦੇਵ ਨੂੰ ਦਰਸ਼ਨ ਦਿੱਤਾ। ਹੇ ਦਾਸ ਨਾਨਕ! ਜੋ ਭੀ ਇਹੋ ਜਿਹੀ ਸਮਰਥਾ ਵਾਲੇ ਪਰਮਾਤਮਾ ਦੀ ਸੇਵਾ-ਭਗਤੀ ਕਰਦਾ ਹੈ ਪਰਮਾਤਮਾ ਉਸ ਨੂੰ ਸਭ ਕਸ਼ਟਾਂ ਤੋਂ ਆਖ਼ਰ ਬਚਾ ਲੈਂਦਾ ਹੈ।

## ਸਲੋਕੁ ਮਃ ੧ ॥

**ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥**
**ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ ॥**
**ਇਕਿ ਨਿਹਾਲੀ* ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥** *ਤੁਲਾਈ
**ਤਿਨ੍ਹਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ ॥੧॥** {ਅੰਗ- ੪੭੫}

ਪ੍ਰਭੂ ਨੇ ਜੀਵਾਂ ਦੇ ਸਰੀਰ-ਰੂਪ ਭਾਂਡੇ (vessels) ਆਪ ਹੀ ਬਣਾਏ ਹਨ ਤੇ ਆਪ ਹੀ ਦੁੱਖ ਸੁੱਖ ਇਹਨਾਂ ਦੀ ਕਿਸਮਤ ਵਿੱਚ ਪਾਂਦਾ ਹੈ। ਕਈ ਭਾਂਡਿਆਂ ਵਿਚ ਦੁੱਧ ਪਿਆ ਰਹਿੰਦਾ ਹੈ ਤੇ ਕਈ ਵਿਚਾਰੇ ਚੁੱਲ੍ਹੇ ਉੱਤੇ ਹੀ ਤਪਦੇ ਰਹਿੰਦੇ ਹਨ ਭਾਵ, ਕਈ ਸੋਹਣੇ ਪਦਾਰਥ ਮਾਣਦੇ ਹਨ ਤੇ ਕਈ ਸਦਾ ਕਸ਼ਟ ਹੀ ਸਹਾਰਦੇ ਹਨ । ਕਈ ਭਾਗਾਂ ਵਾਲੇ ਤੁਲਾਈਆਂ (ਗੱਦੇ - mattresses) ਉੱਤੇ ਬੇਫ਼ਿਕਰ ਹੋ ਕੇ ਸੌਂਦੇ ਹਨ, ਕਈ ਵਿਚਾਰੇ ਉਹਨਾਂ ਦੀ ਰਾਖੀ ਆਦਿਕ ਸੇਵਾ ਵਾਸਤੇ ਹਜ਼ੂਰੀ ਵਿਚ ਖਲੋਤੇ ਰਹਿੰਦੇ ਹਨ। ਪਰ, ਹੇ ਨਾਨਕ! ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਕਰਦਾ ਹੈ, ਪ੍ਰਭੂ ਉਹਨਾਂ ਦਾ ਜੀਵਨ ਸੁਧਾਰਦਾ ਹੈ ।

## ਮਹਲਾ ੨ ॥

**ਆਪੇ ਸਾਜੇ ਕਰੇ ਆਪਿ ਜਾਈ* ਭਿ ਰਖੈ ਆਪਿ ॥** *ਪੈਦਾ ਕੀਤੀ ਹੋਈ ਨੂੰ
**ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥**



**ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥** {ਅੰਗ- ੪੭੫}

ਪ੍ਰਭੂ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਆਪ ਹੀ ਇਸ ਨੂੰ ਸਜਾਂਦਾ ਹੈ, ਤੇ ਸੰਭਾਲ ਭੀ ਆਪ ਹੀ ਕਰਦਾ ਹੈ। ਜੀਵਾਂ ਨੂੰ ਪੈਦਾ ਕਰ ਕੇ ਵੇਖਦਾ ਹੈ, ਆਪ ਹੀ ਟਿਕਾਂਦਾ ਹੈ ਤੇ ਆਪ ਹੀ ਨਾਸ ਕਰਦਾ ਹੈ ।

ਹੇ ਨਾਨਕ! ਉਸ ਤੋਂ ਬਿਨਾ ਕਿਸੇ ਹੋਰ ਦੇ ਅਗੇ ਫ਼ਰਿਆਦ ਨਹੀਂ ਹੋ ਸਕਦੀ, ਉਹ ਆਪ ਹੀ ਸਭ ਕੁਝ ਕਰਨ ਦੇ ਸਮਰੱਥ ਹੈ ।

## ਪਉੜੀ ॥

**ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥**
**ਸੋ ਕਰਤਾ ਕਾਦਰ* ਕਰੀਮੁ**** *ਮਾਲਕ **ਬਖ਼ਸ਼ਿਸ ਕਰਨ ਵਾਲਾ
**ਦੇ ਜੀਆ ਰਿਜਕੁ ਸੰਬਾਹਿ ॥**
**ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥**
**ਨਾਨਕ ਏਕੀ ਬਾਹਰੀ* ਹੋਰ ਦੂਜੀ ਨਾਹੀ ਜਾਇ ॥** *ਇੱਕ ਪ੍ਰਭੂ ਤੋਂ ਬਿਨਾਂ
**ਸੋ ਕਰੇ ਜਿ ਤਿਸੈ ਰਜਾਇ* ॥੨੪॥੧॥ ਸੁਧੁ ॥** {ਅੰਗ- ੪੭੫} *ਮਰਜ਼ੀ

ਪ੍ਰਭੂ ਦੇ ਗੁਣਾਂ ਸੰਬੰਧੀ ਕੋਈ ਗੱਲ ਕਹੀ ਨਹੀਂ ਜਾ ਸਕਦੀ, ਭਾਵ, ਗੁਣਾਂ ਦਾ ਅੰਤ ਨਹੀਂ ਪੈ ਸਕਦਾ । ਉਹ ਆਪ ਹੀ ਸਿਰਜਨਹਾਰ (Creator) ਹੈ, ਆਪ ਹੀ ਕੁਦਰਤ ਦਾ ਮਾਲਕ (Omnipotent) ਹੈ, ਆਪ ਹੀ ਬਖ਼ਸ਼ਿਸ਼ (Bestower) ਕਰਨ ਵਾਲਾ ਹੈ ਤੇ ਆਪ ਹੀ ਜੀਵਾਂ ਨੂੰ ਰਿਜ਼ਕ (gives sustenance) ਪਹੁੰਚਾਂਦਾ ਹੈ। ਸਾਰੇ ਜੀਵ ਉਹੀ ਕਰਦੇ ਹਨ ਜੋ ਪ੍ਰਭੂ ਨੇ ਆਪ ਹੀ ਉਹਨਾਂ ਦੇ ਭਾਗਾਂ ਵਿਚ ਪਾ ਛੱਡੀ ਹੈ।

ਹੇ ਨਾਨਕ! ਇੱਕ ਪ੍ਰਭੂ ਤੋਂ ਬਿਨ੍ਹਾਂ ਹੋਰ ਦੂਜਾ ਕੋਈ ਨਹੀਂ। ਪ੍ਰਭੂ ਓਹੀ ਕਰਦਾ ਹੈ ਜੋ ਉਸਦੀ ਰਜ਼ਾ (what pleases Him) ਹੈ, ਮਰਜ਼ੀ ਹੈ।

**ਦੂਖ ਨਿਵਾਰਨ, ਨਾਮ ਧਿਆਵਨ ਅਤੇ ਪ੍ਰਭੂ ਦਰ ਦੇ ਦੀਦਾਰ ਕਰਨ ਹਿਤ**

**ਆਓ! ਨਿਤ-ਨਿਤ ਕਰੀਏ**

# ਵਡਿਆਈ ਵੀਚਾਰੁ

ਜਪੁ ਜੀ ਸਾਹਿਬ ਵਿਚ ਸਾਨੂੰ ਹੁਕਮ ਹੈ:-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਭਾਵ ਪ੍ਰਭਾਤ ਵੇਲੇ, ਜਦੋਂ ਸਾਡਾ **ਮਨ** ਸੰਸਾਰਕ ਕੁਫਕੜਿਆਂ ਤੇ ਝੰਮੇਲਿਆਂ ਤੋਂ ਮੁਕਤ ਹੁੰਦਾ ਹੈ, ਅਜਿਹੇ ਸਮੇਂ ਸਦਾ ਥਿਰ ਰਹਿਣ ਵਾਲੇ ਸਚੇ ਪ੍ਰਭੂ ਦਾ ਨਾਮ ਸਿਮਰੀਏ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ। ਸੋਚੀਏ, ਚਿੰਤਨ ਤੇ ਮੰਨਨ ਕਰੀਏ ਕਿ ਪ੍ਰਭੂ ਦੇ ਗੁਣ ਕੀ ਕੀ ਹਨ? ਗੁਰਸ਼ਬਦ ਦੇ ਅਰਥ ਕੀ ਹਨ? ਭਾਵ ਅਰਥ ਕੀ ਹਨ? ...

**1. ਵਡਿਆਈ ਵੀਚਾਰੁ ਕੀ ਹੈ?**

ਵੀਚਾਰ ਦਾ ਭਾਵ ਹੁੰਦਾ ਹੈ - ਅਸਲੀਅਤ ਤੱਕ ਪੁੱਜਣ ਦੀ ਕ੍ਰਿਆ। '**ਵਡਿਆਈ ਵੀਚਾਰੁ**' ਭਾਵ ਪ੍ਰਭੂ ਦੀ ਸੋਭਾ ਕਰਨੀ, ਗੁਰਬਾਣੀ ਨੂੰ ਸਮਝਣਾ, ਵੀਚਾਰਨਾ, ਮਨ-ਬੁਧਿ ਦੇ ਤਲ ਤੋਂ ਹੋਰ ਗਹਿਰਾ ਜਾ ਕੇ ਅਨੁਭਵ ਦੀ ਅਵਸਥਾ ਤੇ ਬਾਣੀ ਦੇ ਅਰਥਾਂ ਰਾਹੀਂ ਸਚੇ ਪ੍ਰਭੂ ਦਾ ਗੁਣਗਾਨ ਕਰਨਾ, ਸਮਝ-ਸਮਝ ਕੇ ਸਿਫਤਿ ਸਾਲਾਹ ਕਰਨੀ।

**2. ਵਡਿਆਈ ਵੀਚਾਰੁ ਕਿਉਂ ਜਰੂਰੀ ਹੈ?**

ਸਾਨੂੰ ਹੁਕਮ ਹੈ ਕਿ ਅੰਮ੍ਰਿਤ ਵੇਲੇ **ਵਡਿਆਈ ਵੀਚਾਰੁ** ਕਰੋ। ਅੱਜ ਅਸੀਂ ਅੰਮ੍ਰਿਤ ਵੇਲੇ ਕੀਰਤਨ ਕਰਦੇ ਹਾਂ, ਸੁਣਦੇ ਹਾਂ, ਨਿਤਨੇਮ ਦੇ ਪਾਠ ਕਰਦੇ ਹਾਂ, 'ਆਸਾ ਕੀ ਵਾਰ' ਦਾ ਕੀਰਤਨ ਕਰਦੇ ਹਾਂ ਪਰ **ਵਡਿਆਈ ਵੀਚਾਰੁ** ਤਾਂ ਕਰਦੇ ਹੀ ਨਹੀਂ।

ਚਾਹੀਦਾ ਤਾਂ ਇਹ ਸੀ ਕਿ ਕੀਰਤਨ ਰਾਹੀਂ, ਨਿਤਨੇਮ ਰਾਹੀਂ ਵਡਿਆਈ ਵੀਚਾਰੁ ਕੀਤੀ ਜਾਂਦੀ ਪਰ ਸੱਚ ਇਹ ਹੈ ਕਿ ਸ਼ਬਦ ਗਾਏ ਜਾ ਰਹੇ ਹਨ, ਸੁਣੇ ਜਾ ਰਹੇ ਹਨ, ਪਾਠ ਕੀਤੇ ਜਾਂਦੇ ਹਨ ਪਰ ਵਡਿਆਈ ਵੀਚਾਰੁ ਨਹੀਂ ਹੋ ਰਹੀ। ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਕੀ ਪੜ੍ਹ ਰਹੇ ਹਾਂ? ਕੀ ਗਾ ਰਹੇ ਹਾਂ? ਕੀ ਸੁਣ ਰਹੇ ਹਾਂ? ਅੰਤਰੀਵ ਭਾਵ ਕੀ ਹਨ?

**3. ਇੱਕ ਸਫਲ ਤਜ਼ਰਬਾ - ਇੱਕ ਢੰਗ**

ਪਿਛਲੇ ਕੁੱਝ ਸਮੇਂ ਤੋਂ ਲੁਧਿਆਣਾ ਵਿਖੇ 5-6 ਵੀਰਾਂ/ਭੈਣਾਂ ਵੱਲੋਂ 'ਵਡਿਆਈ ਵੀਚਾਰੁ' ਕਰਨ ਦਾ ਇੱਕ ਤਜ਼ਰਬਾ ਕੀਤਾ ਜਾ ਰਿਹਾ ਹੈ। ਕਿਵੇਂ?



1. ਅੰਮ੍ਰਿਤ ਵੇਲੇ ਕੇਵਲ ਅੱਧੇ ਘੰਟੇ ਲਈ ਜੁੜ ਬੈਠਦੇ ਹਨ। ਕੋਈ ਹੋਰ ਉਚੇਚ ਨਹੀਂ ਕਰਦੇ - ਪ੍ਰਕਾਸ਼, ਪ੍ਰਸ਼ਾਦ, ਵਿਛਾਈ...। ਕਿਸੇ ਵੀ ਮੇਜ ਦੇ ਆਲੇ-ਦੁਆਲੇ ਜਾਂ ਜ਼ਮੀਨ ਤੇ ਸਰਕਲ ਬਣਾ ਕੇ ਬੈਠ ਜਾਂਦੇ ਹਨ।
2. ਸਭਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਦੀ ਇੱਕ ਇੱਕ ਪੋਥੀ ਦੇ ਦਿੰਦੇ ਹਨ।
3. ਲੜੀਵਾਰ ਇੱਕ-ਇੱਕ ਸ਼ਬਦ ਦੇ ਅਰਥ ਕੋਈ ਇੱਕ ਵੀਰ/ਭੈਣ ਪੜ੍ਹਦਾ ਹੈ ਤੇ ਬਾਕੀ ਸੱਜਣ ਕੇਵਲ ਸੁਣਦੇ ਹੀ ਨਹੀਂ ਸਗੋਂ ਸੁਆਲ ਵੀ ਪੁਛਦੇ ਹਨ ਤੇ ਆਪਣੇ ਵੀਚਾਰ ਵੀ ਦਸਦੇ ਹਨ।
4. ਲੋੜ ਪੈਣ ਤੇ ਸਟੀਕਾਂ ਵਿਚ ਔਖੇ ਸ਼ਬਦਾਂ ਦੇ ਅਰਥ ਨਦਣਰਲਨਿਏ ਕਰ ਲੈਂਦੇ ਹਨ ਜਾਂ ਆਪਣੇ ਨੋਟਸ ਵੀ ਨਾਲ-ਨਾਲ ਲਿਖ ਲੈਂਦੇ ਹਨ।
5. ਕੇਵਲ ਇੱਕ ਵੀਰ ਹੀ ਨਹੀਂ ਬੋਲਦਾ ਰਹਿੰਦਾ ਸਗੋਂ ਸਾਰੇ ਵਿਚਾਰ ਸਾਂਝੇ ਕਰਦੇ ਹਨ ਤੇ ਇਹ ਚਰਚਾ ਦਾ ਰੂਪ ਬਣ ਜਾਂਦਾ ਹੈ। ਹਾਂ, ਕੋਈ ਇੱਕ ਕੋਆਰਡੀਨੇਟਰ ਦੇ ਤੌਰ ਤੇ ਸਮੁੱਚੀ ਵਿਚਾਰ ਨੂੰ ਠੀਕ ਦਿਸ਼ਾ ਵੱਲ ਚਲਾਂਦਾ ਰਹਿੰਦਾ ਹੈ।
6. ਸਮਾਂ ਅੱਧਾ ਘੰਟਾ ਤੋਂ ਨਹੀਂ ਵਧਾਂਦੇ ਕਿਉਂਕਿ ਸਵੇਰ ਵੇਲੇ ਸਭਨਾਂ ਨੇ ਆਪੋ ਆਪਣੀ ਕਿਰਤ-ਵਿਰਤ ਲਈ ਵੀ ਜਾਣਾ ਹੁੰਦਾ ਹੈ। ਸਾਰੇ ਵੀਰ/ਭੈਣ ਅੰਮ੍ਰਿਤ ਵੇਲੇ ਨਿਤਨੇਮ ਆਪੋ ਆਪਣਾ ਕਰਕੇ ਆਉਦੇ ਹਨ ਜਾਂ ਲੇਟ ਹੋਣ ਤੇ ਆਪਣੇ ਘਰ ਜਾ ਕੇ ਸੰਪੂਰਨ ਕਰਦੇ ਹਨ।
7. **ਵਡਿਆਈ ਵੀਚਾਰੁ** ਦੀ ਆਰੰਭਤਾ 5 ਵਾਰੀ ਸ਼ਰਧਾ ਤੇ ਵੀਚਾਰ ਸਹਿਤ **ਮੁਸਕਰਾ-ਮੁਸਕਰਾ ਕੇ** ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਕੀਤੀ ਜਾਂਦੀ ਹੈ।
8. ਕੁਝ ਮਿੰਟਾਂ ਲਈ ਪਿਛਲੇ ਦਿਨ ਦੀ ਕੀਤੀ ਵਿਚਾਰ ਦੀ ਪੁਨਰ ਚਰਚਾ (revision) ਕਰਦੇ ਹਨ ਫਿਰ ਨਵੇਂ ਸ਼ਬਦ ਦੀ ਵੀਚਾਰ ਕਰਦੇ ਹਨ। ਅੱਜਕਲ 22 ਵਾਰਾਂ ਦੀ ਲੜੀਵਾਰ ਵੀਚਾਰ ਚੱਲ ਰਹੀ ਹੈ। 'ਸਿਰੀਰਾਗ ਕੀ ਵਾਰ', 'ਮਾਝ ਕੀ ਵਾਰ', 'ਗੁਜਰੀ ਕੀ ਵਾਰ ਮਹਲਾ 4' ਤੇ 'ਗੁਜਰੀ ਕੀ ਵਾਰ ਮਹਲਾ 5' ਦੀ ਵੀਚਾਰਾਂ ਉਪਰੰਤ ਹੁਣ 'ਆਸਾ ਕੀ ਵਾਰ' ਦੀ ਵੀਚਾਰ ਚਲ ਰਹੀ ਹੈ।

ਇਹਨਾਂ **ਸਭਨਾਂ ਦਾ ਰੋਜ਼ਾਨਾ ਦਾ ਭੋਜਨ ਬਣ ਗਿਆ ਹੈ ਕਿ ਨਵਾਂ ਗਿਆਨ ਮਿਲੇ, ਨਵੀਂ ਗੱਲ ਸਮਝ ਆਵੇ।**

4. **ਅਨੁਭਵ:** ਇੰਝ ਵੱਖ-ਵੱਖ ਮੈਂਬਰਾਂ ਨੂੰ ਕਮਾਲ ਦੇ ਅਨੁਭਵ ਹੋ ਰਹੇ ਹਨ, ਜਿਵੇਂ:-

- **ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥**
  **ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥** (ਅੰਗ ੮੮)

ਕਮਾਲ! ਕਮਾਲ!! ਸਮਝ ਆਈ ਕਿ ਸ਼ਬਦ ਦੀ ਵੀਚਾਰ ਕਰਨੀ ਵੀ ਸਤਿਗੁਰ ਦੀ

ਸੇਵਾ ਹੈ। ਵੀਚਾਰੁ ਹੀ ਸਤਿਗੁਰ ਦੀ ਸੇਵਾ ਹੈ ਅਤੇ ਜਦ ਤਕ ਵੀਚਾਰੁ ਨਹੀਂ ਕੀਤੀ ਤਦ ਤੱਕ ਅੰਦਰ ਗਿਆਨ ਨਹੀਂ ਆਏਗਾ, ਚਾਣਨ ਨਹੀਂ ਹੋਏਗਾ ਤੇ ਐਓ ਜਾਣੀਏ ਕਿ ਜੀਓਂਦੇ ਜੀਅ ਮਰੇ ਵਾਂਗ ਹੋਵਾਂਗੇ। ਕੋਈ ਚਾਅ ਨਹੀਂ, ਅਨੰਦ ਨਹੀਂ, ਹਰ ਵੇਲੇ ਚਿੰਤਾ, ਘਬਰਾਹਟ, ਤੌਖਲਾ...।

**ਵਡਿਆਈ ਵੀਚਾਰੁ** ਰਾਹੀਂ ਟਿਕਾਅ ਤੇ ਸਹਿਜ ਦੀਆਂ ਬਖਸ਼ਿਸ਼ਾਂ ਹੋਣਗੀਆਂ।

- **ਮਾਇਆਧਾਰੀ ਅਤਿ ਅੰਨਾ ਬੋਲਾ...**

ਮੈਂ ਹਾਲੀ ਤੱਕ ਇਹੀ ਸਮਝਦਾ ਸੀ ਕਿ ਜਿਸਦੇ ਕੋਲ ਬਹੁਤੀ ਮਾਇਆ ਹੁੰਦੀ ਹੈ ਓਹੀ ਅੰਨਾ ਤੇ ਬੋਲਾ ਹੁੰਦਾ ਹੈ। ਪਰ ਇਥੇ ਮਾਇਆਧਾਰੀ ਦਾ ਮਤਲਬ ਹੈ ਜਿਸਦੇ **ਮਨ** ਵਿਚ ਮਾਇਆ ਦਾ ਪਿਆਰ ਹੈ, ਮੋਹ ਹੈ। ਇੱਕ ਗਰੀਬ ਵੀ ਮਾਇਆਧਾਰੀ ਹੋ
ਸਕਦਾ ਹੈ ਜੇਕਰ ਮਾਇਆ ਦੀ ਮਮਤਾ ਵੱਸ ਉਹ ਗੁਰੂ ਕਾ ਸ਼ਬਦ ਨਹੀਂ ਸੁਣਦਾ ਅਤੇ ਸਮਝਦਾ।

- **ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥**

ਪਹਿਲਾਂ ਸੋਚਦੇ ਸੀ ਕਿ ਜੀਵ ਨੰਗਾ ਆਇਆ ਹੈ ਤੇ ਨੰਗਾ ਹੀ ਇਸ ਸੰਸਾਰ ਤੋਂ ਚਲਾ ਜਾਏਗਾ।ਪਰ ਵਡਿਆਈ ਵੀਚਾਰ ਕਰਕੇ ਪਤਾ ਲਗਾ ਕਿ ਇਥੇ ਨੰਗਾ ਹੋਣ ਦਾ ਮਤਲਬ ਇਹ ਨਹੀਂ ਉਸਦੇ ਕੱਪੜੇ ਉਤਾਰ ਦਿਤੇ ਗਏ ਸਗੋਂ ਉਸਦੇ ਅਵਗੁਣਾਂ ਤੋਂ ਪਰਦੇ ਉਠਾ ਦਿਤੇ। ਉਸਦੇ ਅਵਗੁਣ ਜਦ ਸਭ ਨੂੰ ਦਿੱਸੇ ਤਾਂ ਉਹ ਭਿਆਨਕ ਤੇ ਡਰਾਉਣਾ ਪ੍ਰਤੀਤ ਹੋਣ ਲੱਗ ਪਿਆ।

- **ਪੂਰਬਲੇ ਕਰਮ**

ਮੈਂ ਹਾਲੀ ਤੱਕ ਸਮਝਦਾ ਸੀ ਕਿ ਪੂਰਬਲੇ ਕਰਮਾਂ ਦਾ ਅਰਥ ਹੈ ਪਿਛਲੇ ਜਨਮ ਵਿੱਚ ਕੀਤੇ ਕਰਮ। ਪਰ ਵਡਿਆਈ ਵੀਚਾਰ ਰਾਹੀਂ ਸੋਝੀ ਪਈ ਕਿ ਜੋ ਕਰਮ ਮੈਂ ਪਿਛਲੇ ਸਾਲ ਕੀਤੇ, ਕਲ ਕੀਤੇ ਜਾਂ ਹੁਣ ਤੋਂ ਦੋ-ਚਾਰ ਸੈਕਿੰਡ ਪਹਿਲਾਂ ਕੀਤੇ ਉਹ ਵੀ ਪੂਰਬਲੇ ਕਰਮ ਹਨ।

- **ਵਡਿਆਈ ਵੀਚਾਰੁ** ਨਾਲ ਮੇਰੀ ਆਤਮਾ ਬਲਵਾਨ ਹੋ ਗਈ ਹੈ। ਪਹਿਲਾਂ ਨਿੱਕੀ ਨਿੱਕੀ ਗੱਲ ਤੇ ਮੈਂ ਡੋਲ ਜਾਂਦੀ ਸੀ ਪਰ ਹੁਣ ਸਹਿਜੇ-ਸਹਿਜੇ ਸਹਿਜ ਆ ਰਿਹਾ ਹੈ ।
- **ਵਡਿਆਈ ਵੀਚਾਰੁ** ਰਾਹੀਂ ਮੇਰਾ ਮਨ ਵਿਕਾਰਾਂ ਵਾਲੇ ਪਾਸੇ ਜਾਣ ਤੋ ਬਚਿਆਂ ਰਹਿੰਦਾ ਹੈ।ਸਾਰਾ ਦਿਨ ਵਡਿਆਈ ਵੀਚਾਰੁ ਦੁਰਾਨ ਵਿਚਾਰਿਆ, ਸਮਝਿਆ ਕੋਈ ਨ ਕੋਈ ਫੁਰਮਾਨ ਗੁਣ ਗੁਣਾਂਦੇ ਰਹੀਦਾ ਹੈ ਸੋ ਖੇੜਾ ਬਣਿਆ ਰਹਿੰਦਾ ਹੈ। ਦਿਲ ਕਰਦੈ ਜਿੰਨੇ ਸੁਆਸ ਹਨ, ਹੁਣ ਤਾਂ ਵਡਿਆਈ ਵੀਚਾਰੁ ਕਦੇ ਨਾ ਛਡੀਏ। ਵੇਕਾਰੀ ਵੇੜਿਆ **ਮਨ** ਵੀ ਕਾਬੂ ਵਿਚ ਆਉਣ ਲੱਗ ਪਿਆ ਹੈ।
- **ਵਡਿਆਈ ਵੀਚਾਰੁ** ਰਾਹੀਂ ਮੈਨੂੰ ਆਪਣੀਆਂ ਗਲ੍ਹਤੀਆਂ ਪਤਾ ਲੱਗ ਰਹੀਆਂ ਹਨ। ਪਹਿਲਾਂ ਲੱਗਦਾ ਸੀ ਕਿ ਮੈਂ ਬਹੁਤ ਕੁਝ ਜਾਣਦੀ ਹਾਂ ਪਰ ਹੁਣ ਮੈਨੂੰ ਲੱਗਦਾ ਹੈ ਕਿ ਮੈਨੂੰ ਤਾਂ ਕੁਝ



ਵੀ ਨਹੀਂ ਪਤਾ । ਪਹਿਲਾਂ ਮੇਰਾ ਸ਼ੀਸ਼ਾ ਧੁੰਦਲਾ ਸੀ, ਹੁਣ ਸਾਫ ਹੋ
ਰਿਹਾ ਹੈ ।

- **ਵਡਿਆਈ ਵੀਚਾਰੁ** ਕੀਤੇ ਬਿਨਾਂ ਪਹਿਲਾਂ ਜਦ ਵੀ ਪਾਠ ਕਰਦਿਆਂ 'ਮਨਮੁਖ' ਸ਼ਬਦ ਆਉਂਦਾ ਸੀ ਤੇ ਧਿਆਨ ਦੂਜਿਆਂ ਵੱਲ ਜਾਦਾ ਸੀ ਕਿ ਫਲਾਂ-ਫਲਾਂ ਤਾਂ 'ਮਨਮੁਖ' ਹੈ।ਪਰ ਹੁਣ ਲੱਗਦਾ ਮੇਰੇ ਆਪਣੇ ਵਿਚ ਹੀ ਕਿੰਨੇ ਅਉਗਣ ਹਨ।
- ਅੰਮ੍ਰਿਤ ਵੇਲੇ ਨਵਾਂ ਗਿਆਨ ਪ੍ਰਾਪਤ ਕਰਨ ਦੀ ਭੁੱਖ ਲੱਗਣ ਲੱਗ ਪਈ ਹੈ। **ਮਨ** ਨਾਲ ਝਗੜਾ ਸ਼ੁਰੂ ਹੋ ਗਿਆ ਹੈ।ਸਾਰਾ ਦਿਨ ਚੰਗੇ-ਮਾੜੇ ਦੀ ਵੀਚਾਰ ਚਲਦੀ ਰਹਿੰਦੀ ਹੈ ਤੇ ਆਪਣੀਆਂ ਗਲਤੀਆਂ ਦਾ ਅਹਿਸਾਸ ਤੁਰੰਤ ਹੋਣ ਲਗ ਪਿਆ ਹੈ।
- **ਵਡਿਆਈ ਵੀਚਾਰੁ** ਰਾਹੀਂ ਅਨੁਭਵ ਹੋ ਰਿਹਾ ਹੈ ਕਿ ਪ੍ਰਭੂ ਦੇ ਗੁਣਾਂ ਦੀ ਵੀਚਾਰ ਅਸੀਂ ਇਸ ਲਈ ਕਰਦੇ ਹਾਂ ਕਿ ਹੌਲੀ-ਹੌਲੀ ਉਹ ਗੁਣ ਸਾਡੇ ਅੰਦਰ ਵੀ ਵਸ ਜਾਣ। ਅਸਲ ਗੱਲ ਇਹ ਨਹੀਂ ਕਿ ਅਸੀਂ ਕਿੰਨੇ ਘੰਟੇ ਪਾਠ ਜਾ ਸਿਮਰਨ ਕੀਤਾ ਹੈ ਬਲਕਿ ਇਹ ਹੈ ਕਿ ਇੰਝ ਕਰਨ ਨਾਲ ਸਾਡੇ **ਮਨ** ਵਿਚ ਕਿੰਨੀ ਤਬਦੀਲੀ ਆਈ ਹੈ।ਹਰ ਪਲ, ਹਰ ਦਿਨ ਸਾਡਾ ਟੈਸਟ ਹੁੰਦਾ ਰਹਿੰਦਾ ਹੈ ।
- **ਮਨ** ਵਿਚ ਚਾਨਣ ਹੋ ਰਿਹਾ ਹੈ ਕਿ ਆਪਣੇ ਵਲੋਂ ਜੋ ਚੰਗਾ ਕਰ ਸਕਦੇ ਹੋ ਕਰ ਲਵੋ ਪਰ ਨਿਰਣਾ ਜੋ ਵੀ ਹੋਵੇ ਉਸਨੂੰ ਮਿੱਠਾ ਕਰਕੇ ਮੰਨੋ। **ਹੁਕਮ ਨੂੰ ਮਜ਼ਬੂਰੀ ਵੱਸ ਨਹੀਂ, ਮਨਹਠ ਨਾਲ ਨਹੀਂ ਸਗੋਂ ਖੁਸ਼ੀ ਨਾਲ ਮੰਨ ਲਈਏ।**
- ਹੁਣ ਜਦ ਵੀ ਗੁਰਦੁਆਰੇ ਜਾਂਦੇ ਹਾਂ ਜਾਂ ਪਾਠ ਕਰਦੇ ਹਾਂ ਤਾਂ ਉਠਣ ਲੱਗਿਆਂ ਜ਼ਰੂਰ ਇਹ ਵੀਚਾਰ ਚੱਲਦੀ ਹੈ ਅੱਜ ਮੈਂ ਕਿਹੜੀ ਨਵੀਂ ਗੱਲ ਸਿੱਖੀ ਹੈ, ਕੋਈ ਨ ਕੋਈ ਨਵੀਂ ਗੱਲ ਪੱਲੇ ਜ਼ਰੂਰ ਬੰਨਣੀ ਹੈ ।
- ਇਹ ਕਿੰਨੀ ਚੰਗੀ ਗੱਲ ਹੈ ਕਿ ਗੁਰੁ ਸਾਹਿਬ ਨੇ ਸਾਨੂੰ ਕੇਵਲ ਬੈਠ ਕੇ ਭਗਤੀ ਕਰਨ ਲਈ ਨਹੀਂ ਕਿਹਾ ਸਗੋਂ ਕੰਮ ਕਰਦਿਆਂ ਵੀ ਅਸੀਂ ਭਗਤੀ ਕਰ ਸਕਦੇ ਹਾਂ। **ਸ਼ਬਦ ਦੀ ਵੀਚਾਰ ਕਰਨੀ ਹੀ 'ਤੀਰਥ ਨਾਵਣ' ਹੈ।** ਰਾਮ ਦੇ ਦਾਸਾਂ ਦੀ ਸੰਗਤ ਕਰਨੀ ਹੀ 'ਰਾਮਦਾਸ ਸਰੋਵਰ ਨਾਤੇ' ਹੈ।
- **ਵਡਿਆਈ ਵੀਚਾਰੁ** ਰਾਹੀਂ ਫੁਰਨਾ ਫੁਰਿਆਂ ਹੈ ਕਿ ਅਸੀਂ ਥੋੜਾ ਬੋਲੀਏ, ਹੋਲੀ
ਬੋਲੀਏ, ਠੀਕ ਬੋਲੀਏ।

ਆਪ ਸਭਨਾਂ ਨੂੰ ਬਿਨੈ ਹੈ ਕਿ ਆਓ, ਅਸੀਂ ਵੀ ਆਪੋ ਆਪਣੇ ਇਲਾਕੇ ਵਿਚ ਅਜਿਹਾ ਉਪਰਾਲਾ ਕਰੀਏ। ਹਰ ਰੋਜ਼ ਅੰਮ੍ਰਿਤ ਵੇਲੇ **ਸ਼ਬਦ ਦੀ ਵਿਚਾਰ ਕਰੀਏ, ਵਡਿਆਈ ਵੀਚਾਰ ਕਰੀਏ - ਜੀਵਨ ਅਨੰਦ ਨਾਲ ਭਰ ਜਾਵੇਗਾ।** ਗੁਰਬਾਣੀ ਰੂਪੀ ਸਮੁੰਦਰ ਦੇ ਕੰਢੇ ਹੀ ਨਾਹ ਬੈਠੇ ਰਹੀਏ ਸਗੋਂ ਚੁੱਭੀਆਂ ਲਾਈਏ, ਹੋਰ ਡੂੰਘੇ, ਹੋਰ ਡੂੰਘੇ ਚੁੱਭੀ ਲਾਈਏ - ਵੱਧ,

ਹੋਰ ਵੱਧ ਗਿਆਨ ਰੂਪੀ ਰਤਨ, ਜਵਾਹਰ, ਮਾਣਿਕ, ਮੋਤੀ ਮਿਲਣਗੇ।

**ਵਿਸ਼ੇਸ਼ ਨੋਟ** : – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਟੀਕਾ/ਸਟੀਕ ਵਰਤਨ ਲਈ ਆਪ ਜੀ **ਪ੍ਰੋ: ਸਾਹਿਬ ਸਿੰਘ ਰਚਿਤ – ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਜਾਂ ਭਾਈ ਵੀਰ ਸਿੰਘ** ਜੀ ਰਚਿਤ ਟੀਕਾ ਜਾਂ ਕੋਈ ਵੀ ਹੋਰ ਗੁਰਮਤਿ ਅਨੁਸਾਰੀ ਟੀਕਾ ਵਰਤ ਸਕਦੇ ਹੋ। **ਅਸਲ ਨਿਸ਼ਾਨਾਂ ਹੈ – 'ਵਿਚਾਰਾਂ ਰਾਹੀਂ ਅਨੁਭਵ ਤੱਕ ਪੁੱਜਣਾ'**

**– ਰੇਣੁਕਾ ਸਰਬਜੀਤ ਸਿੰਘ**
singh.renukass@gmail.com